# ਕੁਦਰਤ ਨਾਲ ਦੁਸ਼ਮਣੀ ਮਨੁੱਖ ਨੂੰ ਮਹਿੰਗੀ ਪਵੇਗੀ

ਸੰਪਾਦਕ : ਡਾ: ਇੰਦਰਜੀਤ ਕੌਰ

*ਪ੍ਰਕਾਸ਼ਕ :*

**ਡਾ. ਇੰਦਰਜੀਤ ਕੌਰ**

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.)

ਅੰਮ੍ਰਿਤਸਰ ।

*ਕੁਦਰਤ ਨਾਲ ਦੁਸ਼ਮਣੀ ਮਨੁੱਖ ਨੂੰ ਮਹਿੰਗੀ ਪਵੇਗੀ*

ਫ਼ਰਵਰੀ 2020 ਨੂੰ ਛਪੀ 10000

*ਸੰਪਾਦਕ : ਡਾ. ਇੰਦਰਜੀਤ ਕੌਰ*

## ਜ਼ਰੂਰੀ ਸੂਚਨਾ

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/– ਰੁਪਏ ਤਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

ਪ੍ਰਕਾਸ਼ਕ :

*ਡਾ. ਇੰਦਰਜੀਤ ਕੌਰ,*

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ।

ਟੈਲੀਫ਼ੋਨ ਨੰ: 0183-2584713, 2584586
website: www.pingalwara.org

Email: pingalwara57@gmail.com

ਛਾਪਕ : ਪੂਰਨ ਪ੍ਰਿੰਟਿੰਗ ਪ੍ਰੈਸ,

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਜੀ.ਟੀ.ਰੋਡ, ਅੰਮ੍ਰਿਤਸਰ ।

# ਤਤਕਰਾ


ਕ੍ਰਮ ਅੰਕ ਪੰਨਾ

* ਦੋ ਸ਼ਬਦ —ਹਰਤੇਜ ਪਾਲ ਕੌਰ 5

1. ਕੁਦਰਤ ਨਾਲ ਦੁਸ਼ਮਣੀ ਮਨੁੱਖ ਨੂੰ ਮਹਿੰਗੀ ਪਵੇਗੀ
—ਹਰਜੀਤ ਸਿੰਘ ਬਲਾੜੀ 8
2. ਵਾਤਾਵਰਨ ਬਚਾਓ, ਮਨੁੱਖਤਾ ਬਚਾਓ
—ਡਾ. ਮਨਜੀਤ ਸਿੰਘ ਕੰਗ 12
3. ਮਨੁੱਖਤਾ ਲਈ ਘਾਤਕ ਵਾਤਾਵਰਨ ਪ੍ਰਦੂਸ਼ਣ
—ਸੁਮੀਤ ਸਿੰਘ 16
4. ਵਾਤਾਵਰਣ ਨਾਲ ਜੁੜੇ ਮੁੱਦੇ ਬਨਾਮ ਚੋਣਾਂ
—ਪਰਮਜੀਤ ਸਿੰਘ ਢੀਂਗਰਾ 19
5. ਗੰਧਲਾ ਵਾਤਾਵਰਨ, ਪਾਣੀ ਤੇ ਫੈਲਦਾ ਪ੍ਰਦੂਸ਼ਣ
—ਦਰਸ਼ਨ ਸਿੰਘ ਰਿਆੜ 24
6. ਵਾਤਾਵਰਨ ਨੂੰ ਸੁਧਾਰਿਆ ਜਾ ਸਕਦਾ ਹੈ
ਆਪਣੀਆਂ ਕੁਝ ਆਦਤਾਂ ਨੂੰ ਬਦਲ ਕੇ 28
7. ਮਿਲਾਵਟੀ ਭੋਜਨ ਤੇ ਅਸ਼ੁੱਧ ਵਾਤਾਵਰਨ
ਕਰ ਰਿਹਾ ਲੋਕਾਂ ਦੀ ਸਿਹਤ ਨਾਲ ਖਿਲ਼ਵਾੜ
—ਅਮਨਪ੍ਰੀਤ ਸਿੰਘ 'ਛੀਨਾ' 31
8. ਵਾਤਾਵਰਨ ਵਿੱਚ ਤਬਦੀਲੀਆਂ ਦੇ ਖ਼ਦਸ਼ੇ
—ਤਰਨਦੀਪ ਦਿਓਲ 35
9. ਸ਼ੁੱਧ ਵਾਤਾਵਰਨ ਵਿੱਚ ਪੰਛੀਆਂ ਦਾ ਯੋਗਦਾਨ
—ਪ੍ਰੋ: ਜਤਿੰਦਰ ਸਿੰਘ ਨੰਦਾ 38
10. ਜੁੱਗੋ ਜੁੱਗ ਅਟੱਲ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ
ਦੇ ਦਰਸ਼ਨਾਂ ਨੂੰ ਛੇਤੀ ਛੇਤੀ ਆਇਆ ਕਰੋ
—ਭਗਤ ਪੂਰਨ ਸਿੰਘ 42
11. ਬਿਮਾਰਾਂ ਦੀ ਕੌਮ ਬਣਦੇ ਜਾ ਰਹੇ ਹਨ ਪੰਜਾਬੀ
—ਡਾ: ਅਮਰ ਸਿੰਘ ਆਜ਼ਾਦ 45
12. ਮਨੁੱਖਤਾ ਲਈ ਜਾਨ ਦਾ ਖੌ ਹੈ ਕਾਰਖ਼ਾਨਿਆਂ ਦਾ ਮਲਬਾ
—ਅੰਬਿਕਾ ਸ਼ਰਨਜੀਤ ਕੌਰ 51





13. ਦਰਖ਼ਤ ਲਗਾਉਣ, ਪਾਣੀ ਬਚਾਉਣ ਤੇ ਪ੍ਰਦੂਸ਼ਣ ਰੋਕਣ ਲਈ
ਸਮੂਹ ਪੰਜਾਬੀ ਅੱਗੇ ਆਉਣ
—ਬਲਬੀਰ ਸਿੰਘ ਰਾਜੇਵਾਲ 55
14. ਪਲੀਤ ਹੋਇਆ ਚੁਗਿਰਦਾ
—ਬਰਜਿੰਦਰ ਸਿੰਘ ਹਮਦਰਦ 60
15. ਪ੍ਰਦੂਸ਼ਣ ਕਾਰਨ ਹੀ ਫੈਲਦੀਆਂ ਹਨ ਬਿਮਾਰੀਆਂ 62
16. ਪ੍ਰਦੂਸ਼ਣ ਦੇ ਪੁਆੜੇ
—ਡਾ: ਕੁਲਦੀਪ ਸਿੰਘ ਧੀਰ 64
17. ਜੇ ਬਚਣਾ ਹੈ ਤਾਂ ਗੰਦ ਪਾਉਣਾ ਬੰਦ ਕਰੋ
—ਨੰਦ ਸਿੰਘ ਮਹਿਤਾ 68
18. ਕੁਦਰਤ ਨਾਲ ਦੁਸ਼ਮਣੀ (ਕਵਿਤਾ)
—ਜੈ ਸਿੰਘ 'ਜੱਸਾ' 70
19. ਕੁਦਰਤ ਦੇ ਸਫ਼ਾਈ ਕਰਮਚਾਰੀ
—ਸਰਵਿੰਦਰ ਕੌਰ 71
20. ਉੱਤਰੀ ਭਾਰਤ ਨੂੰ ਹਵਾ ਪ੍ਰਦੂਸ਼ਣ ਤੋਂ ਨਿਜਾਤ ਕਿਵੇਂ ਮਿਲੇ
—ਡਾ: ਗੁਰਿੰਦਰਕੌਰ 76
21. ਚਿੰਤਾ ਦਾ ਵਿਸ਼ਾ ਹੈ ਸ਼ਹਿਰਾਂ ਵਿੱਚ ਵਧ ਰਿਹਾ ਪ੍ਰਦੂਸ਼ਣ
—ਡਾ: ਗੁਰਿੰਦਰ ਕੌਰ 80
22. ਧਰਤੀ ਅਤੇ ਲੋਕਾਂ ਦੀ ਸਿਹਤ ਨੂੰ ਕਿਵੇਂ ਬਚਾਇਆ ਜਾਵੇ ?
—ਡਾ: ਗੁਰਿੰਦਰ ਕੌਰ 84
23. ਭਾਰਤ ਨੂੰ ਇੰਡੋਨੇਸ਼ੀਆ ਦੀ ਸੁਨਾਮੀ ਤੋਂ ਸਬਕ ਸਿੱਖਣ ਦੀ ਲੋੜ
—ਡਾ: ਗੁਰਿੰਦਰ ਕੌਰ 89
24. ਵਣ ਸ਼ਕਤੀ ਤੇ ਜਲ ਸ਼ਕਤੀ ਨਾਲ ਹੀ
ਮਿਲ ਸਕਦਾ ਹੈ ਚੰਗਾ ਵਾਤਾਵਰਨ
—ਪੂਰਨ ਚੰਦ ਸਰੀਨ 94
25. ਤੁਸੀਂ ਜਿਊਂਦੇ ਰਹੋਗੇ ਕਿ ਮਰ ਜਾਓਗੇ ?
—ਐੱਸ ਪੀ ਸਿੰਘ 97
26. ਲਾਊਡ ਸਪੀਕਰਾਂ ਦੀ ਵਰਤੋਂ ਕਿੱਥੋਂ ਤਕ ਜਾਇਜ਼ ?
—ਪ੍ਰੋ: ਲਕਸ਼ਮੀ ਕਾਂਤਾ ਚਾਵਲਾ 103
27. ਪ੍ਰਦੂਸ਼ਿਤ ਹਵਾ ਤੇ ਇਨਸਾਨੀ ਸਰੀਰ
—ਡਾ: ਹਰਸ਼ਿੰਦਰ ਕੌਰ, ਐੱਮ.ਡੀ 105
28. ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ 109

## ਦੋ ਸ਼ਬਦ

ਪਿੰਗਲਵਾੜਾ ਸੰਸਥਾ ਵੱਲੋਂ ਇਸ ਨਵੀਂ ਕਿਤਾਬ ਦੀ ਸੰਪਾਦਨਾ ਕਰਨੀ ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਜਿਨ੍ਹਾਂ ਨੇ ਬੜੀ ਸੂਝ-ਬੂਝ ਨਾਲ ਵੱਖ-ਵੱਖ ਅਖ਼ਬਾਰਾਂ ਵਿੱਚੋਂ ਵਾਤਾਵਰਨ ਨਾਲ ਸੰਬੰਧਿਤ ਲਿਖਤਾਂ ਇਕੱਤਰ ਕਰਕੇ ਇਨ੍ਹਾਂ ਲੇਖਕਾਂ ਨੂੰ ਮਾਣ ਬਖ਼ਸ਼ ਕੇ ਸਾਡੇ ਲਈ ਇੱਕ ਬੇਸ਼ਕੀਮਤੀ ਸੁਗਾਤ "**ਕੁਦਰਤ ਨਾਲ ਦੁਸ਼ਮਣੀ ਮਨੁੱਖ ਨੂੰ ਮਹਿੰਗੀ ਪਵੇਗੀ**" ਦੇ ਰੂਪ ਵਿੱਚ ਸੰਗਤ ਵਿੱਚ ਵੰਡਣ ਲਈ ਤਿਆਰ ਕਰ ਦਿੱਤੀ ਹੈ।

ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਜੀ ਨੇ ਤਾਂ ਅੱਜ ਤੋਂ ਲਗਪਗ 70 ਸਾਲ ਪਹਿਲਾਂ ਹੀ ਇਸ ਵਾਤਾਵਰਨ ਵਾਰੇ ਲਿਖਣਾ ਅਤੇ ਬੋਲਣਾ ਸ਼ੁਰੂ ਕਰ ਦਿੱਤਾ ਸੀ। ਉਹ ਅਕਸਰ ਆਖਿਆ ਕਰਦੇ ਸਨ ਕਿ ਧਰਤੀ ਉੱਤੇ ਜਿਸ ਹਿਸਾਬ ਨਾਲ ਰੁੱਖਾਂ ਤੇ ਜੰਗਲਾਂ ਦਾ ਰਕਬਾ ਘਟਦਾ ਜਾ ਰਿਹਾ ਹੈ ਉਸ ਹਿਸਾਬ ਨਾਲ ਉਹ ਦਿਨ ਦੂਰ ਨਹੀਂ ਹੋਵੇਗਾ ਜਦੋਂ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ, ਤੇਜ਼ ਹਨੇਰੀਆਂ ਚੱਲਣਗੀਆਂ, ਸੋਕੇ ਪੈਣਗੇ, ਅੰਨ ਦਾ ਕਾਲ ਪੈ ਜਾਵੇਗਾ ਤੇ ਲੋਕੀਂ ਪੀਣ ਵਾਲੇ ਪਾਣੀ ਲਈ ਤਰਸਣਗੇ ।

ਉਦੋਂ ਸਾਨੂੰ ਇਹ ਸਾਰੀਆਂ ਗੱਲਾਂ ਬੜੀਆਂ ਹੀ ਅਜੀਬ ਲੱਗਦੀਆਂ ਸਨ, ਜੋ ਅੱਜ ਸਾਡੇ ਲਈ ਸੱਚਮੁੱਚ ਹੀ ਚਿੰਤਾ ਦਾ ਵਿਸ਼ਾ ਬਣ ਗਈਆਂ ਹਨ।

"**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ**"॥

ਇਹ ਸਲੋਕ ਉਚਾਰ ਕੇ ਸਾਡੇ ਗੁਰੂ ਸਾਹਿਬਾਨਾਂ ਨੇ ਸਾਨੂੰ ਕੁਦਰਤ ਵੱਲੋਂ ਮਿਲੀਆਂ ਇਨ੍ਹਾਂ ਅਨਮੋਲ ਦਾਤਾਂ ਨੂੰ ਬਹੁਤ ਵੱਡਾ ਸਤਿਕਾਰ ਦਿੰਦੇ ਹੋਏ ਸੁਚੇਤ ਕਰਨ ਲਈ ਬੜੇ ਯਤਨ ਕੀਤੇ ਹਨ।

"**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ**" ਵਰਗੀਆਂ ਉਦਾਹਰਣਾਂ ਵੀ ਅਮਲਾਂ ਬਾਝੋਂ ਵਿਅਰਥ ਹੀ ਰਹਿ ਗਈਆਂ ਹਨ । ਇਸੇ ਕਰਕੇ ਹੀ ਵੱਖ-ਵੱਖ ਲਿਖਾਰੀਆਂ ਦੀਆਂ ਕਲਮਾਂ ਅੱਜ ਹਵਾ, ਪਾਣੀ ਅਤੇ ਧਰਤੀ ਦੇ ਪ੍ਰਦੂਸ਼ਣ ਨੂੰ ਲੈ ਕੇ ਚਿੰਤਾਤੁਰ ਹੋ ਕੇ ਸਾਨੂੰ ਸਾਵਧਾਨ ਹੋਣ ਲਈ ਢੰਡੋਰਾ ਪਿੱਟ ਰਹੀਆਂ ਹਨ ।

ਜਿੰਨਾ ਚਿਰ ਮਨੁੱਖ ਕੁਦਰਤ ਨਾਲ ਤਾਲਮੇਲ ਬਣਾ ਕੇ ਚਲਦਾ ਰਿਹਾ ਸਭ ਠੀਕ ਸੀ; ਪਰ ਜਦੋਂ ਅਸੀਂ ਮਨੁੱਖੀ ਲਾਲਸਾਵਾਂ ਵਧਾ ਕੇ ਹਵਾ, ਧਰਤੀ ਤੇ ਪਾਣੀ ਨਾਲ ਮਨਮਾਨੀਆਂ ਕਰਕੇ ਇਸ ਵਿੱਚ ਵਿਗਾੜ ਲੈ ਆਂਦੇ ਤਾਂ ਪਿੰਗਲਵਾੜਾ ਸੰਸਥਾ ਨੇ ਚਿੰਤਾਤੁਰ ਹੋ ਕਿ ਇਹ ਲਿਖਤਾਂ ਇਕੱਤਰ ਕਰਕੇ ਜਨਤਾ ਨੂੰ ਜਾਗ੍ਰਿਤ



ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸੰਭਲੋ ! ਨਹੀਂ ਤਾਂ ਪਛਤਾਵਾਂਗੇ, ਜਦੋਂ ਸਾਹ ਲੈਣ ਲਈ ਸ਼ੁੱਧ ਹਵਾ ਤੇ ਪੀਣ ਦੇ ਸ਼ੁੱਧ ਪਾਣੀ ਲਈ ਅਸੀਂ ਤਰਸਾਂਗੇ।

ਡਾ: ਕੁਲਦੀਪ ਸਿੰਘ ਧੀਰ ਨੇ 'ਪ੍ਰਦੂਸ਼ਣ ਦੇ ਪੁਆੜੇ' ਨਾਂ ਹੇਠ ਧਰਤੀ 'ਤੇ ਫੈਲ ਰਹੇ ਕਚਰੇ ਦੀ ਗੱਲ ਕਰਦਿਆਂ ਰਹਿੰਦ-ਖੂੰਦ ਨੂੰ ਸਹੀ ਢੰਗ ਨਾਲ ਸਮੇਟਣ ਦੇ ਗੁਰ ਦੱਸੇ ਹਨ। ਡਾ: ਗੁਰਿੰਦਰ ਕੌਰ ਨੇ ਵੱਖ-ਵੱਖ ਵਿਸ਼ਿਆਂ 'ਤੇ ਲਿਖ ਕੇ ਸਾਨੂੰ ਸਾਵਧਾਨ ਹੋਣ ਲਈ ਸੁਚੇਤ ਕੀਤਾ ਹੈ। ਦਰਸ਼ਨ ਸਿੰਘ ਰਿਆੜ ਤੇ ਅਮਨਦੀਪ ਸਿੰਘ 'ਛੀਨਾ' ਨੇ ਹਵਾ ਪਾਣੀ ਵਿੱਚ ਵਿਗਾੜ ਲਿਆਉਣ ਦਾ ਦੋਸ਼ੀ ਮਨੁੱਖ ਨੂੰ ਹੀ ਦੱਸਿਆ ਹੈ। ਡਾ: ਮਨਜੀਤ ਸਿੰਘ ਕੰਗ ਨੇ ਖੇਤੀ ਵਿਭਿੰਨਤਾ ਦੀ ਗੱਲ ਕਰਕੇ ਧਰਤੀ ਤੇ ਪਾਣੀ ਬਚਾਉਣ ਦੀ ਗੱਲ ਕੀਤੀ ਹੈ। ਮੈਡਮ ਸਰਵਿੰਦਰ ਕੌਰ ਅਤੇ ਪ੍ਰੋ: ਨੰਦਾ ਨੇ ਵਾਤਾਵਰਨ ਦੀ ਸ਼ੁੱਧਤਾ ਲਈ ਪੰਛੀਆਂ ਦੇ ਯੋਗਦਾਨ 'ਤੇ ਸੋਹਣਾ ਚਾਨਣਾ ਪਾਇਆ ਹੈ ।

ਨਕਲੀ ਦੁੱਧ, ਨਕਲੀ ਖੋਏ ਦੀਆਂ ਮਿਠਾਈਆਂ, ਟੀਕੇ ਲਾ ਕੇ ਪੈਦਾ ਕੀਤੇ ਫਲ ਸਬਜ਼ੀਆਂ, ਸਪਰੇਆਂ ਅਤੇ ਰਸਾਇਣ ਕਾਰਨ ਫੈਲ ਰਹੀਆਂ ਜਾਨ-ਲੇਵਾ ਬਿਮਾਰੀਆਂ ਬਾਰੇ, ਅੱਖਾਂ ਅਤੇ ਚਮੜੀ ਦੇ ਰੋਗਾਂ ਬਾਰੇ ਲਿਖਾਰੀਆਂ ਨੇ ਆਪਣੇ ਵਿਚਾਰ ਵਧੀਆ ਢੰਗ ਨਾਲ ਦਰਸਾਏ ਹੋਏ ਹਨ।

ਅੰਬਿਕਾ ਸ਼ਰਨਜੀਤ ਕੌਰ ਨੇ ਸਾਡੇ ਪਵਿੱਤਰ ਦਰਿਆਵਾਂ ਦੇ ਪਾਣੀ ਦੇ ਪਲੀਤ ਹੋ ਜਾਣ ਦੀ ਗੱਲ ਵੀ "ਰਾਮ ਤੇਰੀ ਗੰਗਾ ਮੈਲੀ" ਦੱਸ ਕੇ ਚਿੰਤਾ ਕੀਤੀ ਹੈ। ਪੰਜਾਬੀ ਨੂੰ ਬਿਮਾਰਾਂ ਦੀ ਕੌਮ ਬਣਦੇ ਜਾ ਰਹੇ ਦੱਸ ਕੇ ਡਾ: ਅਮਰ ਸਿੰਘ ਆਜ਼ਾਦ ਨੇ ਨਵਾਂ ਵਿਸ਼ਾ ਛੋਹਿਆ ਹੈ । ਫ਼ਸਲੀ ਵਿਭਿੰਨਤਾ ਬਾਰੇ ਤੇ ਵੱਧ ਤੋਂ ਵੱਧ ਰੁੱਖ ਉਗਾਉਣ ਬਾਰੇ ਬਲਵੀਰ ਸਿੰਘ ਰਾਜੇਵਾਲ ਤੇ ਪੂਰਨ ਚੰਦ ਸਰੀਨ ਨੇ ਰੁੱਖਾਂ ਦੀ ਮਹੱਤਤਾ ਬਾਰੇ ਚਾਨਣਾ ਪਾ ਕੇ ਦੱਸਿਆ ਹੈ ਕਿ ਕਿਵੇਂ ਚਿਪਕੋ ਅੰਦੋਲਨ, ਰਾਹੀਂ ਰੁੱਖ ਬਚਾਉਣ ਦੀ ਯੋਜਨਾ ਸਫਲ ਹੋਈ ਸੀ ।

ਭਗਤ ਪੂਰਨ ਸਿੰਘ ਜੀ ਨੇ ਕਿਹਾ "ਰੁੱਖਾਂ ਤੇ ਬਿਰਖਾਂ ਦੀ ਸਾਂਝ ਮਨੁੱਖ ਨਾਲ ਸਦੀਵੀ ਹੈ। ਜਨਮ ਤੋਂ ਮਰਨ ਤਕ ਰੁੱਖ ਸਾਡੇ ਸਾਥੀ ਹਨ।"

ਇਸ ਤੋਂ ਬਿਨਾਂ ਉਹਨਾਂ ਰੱਬ ਦੇ ਘਰ ਦੀ ਗੱਲ ਕਰਦਿਆਂ ਕਿਹਾ ਹੈ ਕਿ ਹਰ ਮਨੁੱਖ ਨੂੰ ਸਾਲ ਵਿੱਚ ਇੱਕ ਵਾਰ ਸ੍ਰੀ ਹਰਿਮੰਦਰ ਸਾਹਿਬ ਦੇ ਦਰ 'ਤੇ ਜਾ ਕੇ ਦਾਨਾਂ ਸਿਰ ਦਾਨ 'ਨਾਮਦਾਨ' ਦੀ ਦਾਤ ਜ਼ਰੂਰ ਮੰਗਣੀ ਚਾਹੀਦੀ ਹੈ। ਸੰਸਾਰ ਦੇ ਜੀਵਾਂ ਦੀ ਪਾਲਣਾ ਕਰਨ ਲਈ ਇਹ ਤਿੰਨ ਚੀਜ਼ਾਂ ਜ਼ਰੂਰੀ ਹਨ— ਹਵਾ, ਪਾਣੀ ਅਤੇ ਧਰਤੀ । ਸੰਭਲ ਜਾਵੋ ।

ਬਰਜਿੰਦਰ ਸਿੰਘ ਹਮਦਰਦ ਅਤੇ "ਅਜੀਤ ਹਰਿਆਵਲ ਲਹਿਰ" ਦਾ ਬੜਾ ਵੱਡਾ ਯੋਗਦਾਨ ਹੈ। ਹਵਾ ਦੀ ਸ਼ੁੱਧਤਾ ਲਈ, ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਰੁੱਖ ਲਗਾ ਕੇ ਪ੍ਰਦੂਸ਼ਣ ਤੋਂ ਬਚਾ ਰਹੇ ਹਨ।

ਪਿੰਗਲਵਾੜਾ ਸੰਸਥਾ ਵੱਲੋਂ ਵੀ ਹਰ ਸਾਲ ਭਗਤ ਜੀ ਦੀ ਬਰਸੀ ਦੇ ਸਮੇਂ ਭਾਂਤ-ਭਾਂਤ ਦੇ ਲਗਪਗ 60,000 ਰੁੱਖ ਅਤੇ ਬੂਟੇ ਪਿੰਗਲਵਾੜਾ ਨਰਸਰੀ ਵਿੱਚ ਪੈਦਾ ਕਰਕੇ ਸਕੂਲਾਂ, ਕਾਲਜਾਂ ਅਤੇ ਸ਼ਾਮਲਾਟ ਜਗ੍ਹਾ ਵਿੱਚ ਲਗਾਏ ਜਾਂਦੇ ਹਨ। ਸੰਸਥਾ ਵੱਲੋਂ ਜ਼ੀਰੋ ਬਜਟ ਖੇਤੀ ਕਰਕੇ ਵੀ ਲੋਕਾਂ ਨੂੰ ਰਸਾਇਣਾਂ ਦੀ ਵਰਤੋਂ ਤੋਂ ਬਚਣ ਲਈ ਸੈਮੀਨਾਰ ਲਗਾ ਕੇ ਸੁਚੇਤ ਕੀਤਾ ਜਾ ਰਿਹਾ ਹੈ।

ਸੋ, ਇਸ ਨਵੀਂ ਕਿਤਾਬ ਲਈ ਪਿੰਗਲਵਾੜਾ ਸੰਸਥਾ ਦੀ ਅਤੇ ਸਮੂਹ ਲੇਖਕਾਂ ਦੇ ਯੋਗਦਾਨ ਦੀ ਸ਼ਲਾਘਾ ਕਰਦੀ ਹੋਈ ਮੈਂ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਕੀਮਤੀ ਲਿਖਤਾਂ ਇਕੱਤਰ ਕਰਕੇ ਸੰਸਥਾ ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਵੱਲੋਂ "**ਕੁਦਰਤ ਨਾਲ ਦੁਸ਼ਮਣੀ ਮਨੁੱਖ ਨੂੰ ਮਹਿੰਗੀ ਪਵੇਗੀ**" ਵਰਗੀ ਵਡਮੁੱਲੀ ਕਿਤਾਬ ਦੀ ਰਚਨਾ ਕੀਤੀ ਗਈ ਹੈ। ਅਸੀਂ ਪੂਰਨ ਪ੍ਰਿੰਟਿੰਗ ਪ੍ਰੈਸ ਦੇ ਯੋਗਦਾਨ ਕਾਰਨ ਹੀ ਇਹ ਸਭ ਕੁਝ ਕਰਨ ਦੇ ਕਾਬਲ ਹੋ ਸਕੇ ਹਾਂ । ਅਸੀਂ ਸੰਗਤਾਂ ਦੇ ਵੀ ਬਹੁਤ ਬਹੁਤ ਧੰਨਵਾਦੀ ਹਾਂ ਜੋ ਮਾਇਆ ਦੇ ਖੁਲ੍ਹੇ ਗੱਫੇ ਦੇ ਕੇ ਕਿਤਾਬਾਂ ਛਾਪਣ ਵਿੱਚ ਸਾਨੂੰ ਸਹਿਯੋਗ ਦੇ ਰਹੇ ਹਨ।

**ਹਰਤੇਜ ਪਾਲ ਕੌਰ,**
ਨਿਮਾਣੀ ਸੇਵਾਦਾਰ,
ਪਿੰਗਲਵਾੜਾ ਸੰਸਥਾ (ਮਾਨਾਂਵਾਲਾ ਬ੍ਰਾਂਚ)
ਸ੍ਰੀ ਅੰਮ੍ਰਿਤਸਰ ।



# ਕੁਦਰਤ ਨਾਲ ਦੁਸ਼ਮਣੀ ਮਨੁੱਖ ਨੂੰ ਮਹਿੰਗੀ ਪਵੇਗੀ

**ਹਰਜੀਤ ਸਿੰਘ ਬਲਾੜੀ**

ਕੁਦਰਤ ਉਦੋਂ ਤਕ ਹੀ ਮਨੁੱਖ ਦਾ ਸਾਥ ਦਿੰਦੀ ਹੈ ਤੇ ਦਿੰਦੀ ਰਹੀ ਹੈ ਜਦੋਂ ਤਕ ਮਨੁੱਖ ਕੁਦਰਤ ਦਾ ਮਿੱਤਰ ਤੇ ਰੱਖਿਅਕ ਬਣਿਆ ਰਹਿੰਦਾ ਹੈ। ਜਦੋਂ ਵੀ ਮਨੁੱਖ ਨੇ ਆਪਣੀਆਂ ਸੁੱਖ ਸਹੂਲਤਾਂ ਤੇ ਐਸ਼ੋ-ਅਰਾਮ ਲਈ ਕੁਦਰਤ ਤੇ ਇਸਦੇ ਨਿਯਮਾਂ ਨਾਲ ਛੇੜਛਾੜ ਤੇ ਇਸਦੀ ਦੁਰਵਰਤੋਂ ਕੀਤੀ ਉਦੋਂ ਹੀ ਉਸਨੇ ਕੁਦਰਤ ਤੇ ਵਾਤਾਵਰਨ ਨਾਲ ਦੁਸ਼ਮਣੀ ਸਹੇੜ ਲਈ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕੁਦਰਤ ਤੇ ਵਾਤਾਵਰਨ ਨਾਲ ਮਨੁੱਖ ਦੀ ਸਹੇੜੀ ਕੋਈ ਵੀ ਦੁਸ਼ਮਣੀ ਅਤਿ ਦੁਖਦਾਈ, ਦੁਖਾਂਤਕ, ਭਿਆਨਕ ਤੇ ਦਰਦਨਾਕ ਸਿੱਧ ਹੁੰਦੀ ਹੈ ਤੇ ਹੁਣ ਸਿੱਧ ਵੀ ਹੋ ਰਹੀ ਹੈ।

ਕੁਦਰਤ ਨੇ ਹੁਣ ਤਕ ਧਰਤੀ 'ਤੇ ਬਹੁਤ ਸਾਰੀਆਂ ਸੱਭਿਅਤਾਵਾਂ ਨੂੰ ਪਾਲਿਆ ਤੇ ਆਪਣੇ 'ਚ ਸਮੋਇਆ ਹੈ। ਵਰਤਮਾਨ ਸੱਭਿਅਤਾ ਲਗਭਗ 5000 ਸਾਲ ਪੁਰਾਣੀ ਹੈ। ਪਰ ਇਸ ਮਨੁੱਖ ਨੇ ਆਪਣੀਆਂ ਸੁੱਖ-ਸਹੂਲਤਾਂ ਤੇ ਐਸ਼ੋ-ਅਰਾਮ ਲਈ ਕੁਦਰਤ ਨਾਲ ਦੁਸ਼ਮਣੀ ਸਹੇੜ ਲਈ ਹੈ, ਜਿਸਦਾ ਖ਼ਮਿਆਜ਼ਾ ਹੁਣ ਉਸ ਨੂੰ ਭੁਗਤਣਾ ਪੈ ਰਿਹਾ ਹੈ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਭੁਗਤਣਾ ਪਵੇਗਾ।

ਉਦਯੋਗੀਕਰਨ ਤੇ ਹਰੀ-ਕ੍ਰਾਂਤੀ ਆਉਣ ਤੋਂ ਪਹਿਲਾਂ ਲੋੜਾਂ, ਆਬਾਦੀ, ਉਤਪਾਦਨ ਤੇ ਆਮਦਨ ਸੀਮਿਤ ਹੋਣ ਕਾਰਨ ਕੁਦਰਤੀ ਸਾਧਨਾਂ ਦੀ ਥੋੜ੍ਹੀ ਤੇ ਧੀਮੀ ਵਰਤੋਂ ਹੁੰਦੀ ਸੀ; ਪਰ ਆਬਾਦੀ ਦੇ ਬੇਰੋਕ ਵਾਧੇ ਅਤੇ ਵਿਕਾਸ ਅਧੀਨ ਕੁਦਰਤੀ ਸਾਧਨਾਂ ਦੀ ਵਰਤੋਂ ਤੇ ਖੇਤੀ ਉਤਪਾਦਨ ਵਧਣ ਦੇ ਨਾਲ-ਨਾਲ ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ ਦੀ ਅੰਧਾਧੁੰਦ ਵਰਤੋਂ ਨੇ ਸਾਡੀ ਮਿੱਟੀ 'ਚ ਜ਼ਹਿਰ ਘੋਲ ਦਿੱਤਾ। ਸਾਡੀਆਂ ਫ਼ਸਲਾਂ ਇਨ੍ਹਾਂ ਖਾਦਾਂ ਅਤੇ ਦਵਾਈਆਂ ਦੀਆਂ ਨਸ਼ਈ ਬਣ ਗਈਆਂ ਹਨ। ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਨੀਵਾਂ ਹੋਣ ਦਾ ਗੰਭੀਰ ਖ਼ਤਰਾ ਖੜ੍ਹਾ ਹੋ ਗਿਆ ਹੈ। ਫ਼ਸਲੀ ਰਹਿੰਦ-ਖੂੰਦ ਨੂੰ ਸਾੜਨ ਕਰਕੇ ਇੱਕ ਵੱਖਰਾ ਸੰਕਟ ਪੈਦਾ ਹੋ ਰਿਹਾ ਹੈ। ਲਗਭਗ 5 ਦਹਾਕਿਆਂ ਤੋਂ ਅਜਿਹਾ ਬੇਰੋਕ ਤੇ ਬੇਖ਼ਬਰੀ ਨਾਲ ਹੁੰਦਾ ਰਿਹਾ ਹੈ। ਹੁਣ ਜਦੋਂ ਇਹ ਖ਼ਤਰੇ ਦਾ ਨਿਸ਼ਾਨ ਪਾਰ ਕਰ ਰਿਹਾ ਹੈ ਤਾਂ ਸਾਡੀ ਜਾਗ ਖੁਲ੍ਹਣ ਲੱਗੀ ਹੈ। ਪਰ ਹੁਣ ਪਿੱਛੇ ਮੁੜਨਾ ਐਨਾ ਸੌਖਾ ਵੀ ਨਹੀਂ। ਪੰਜਾਬ ਨੇ ਜਿੱਥੇ ਹਰੀ-ਕ੍ਰਾਂਤੀ ਨੂੰ ਸਭ ਤੋਂ ਵੱਧ ਹੁੰਗਾਰਾ ਦਿੱਤਾ ਉੱਥੇ ਇਸ ਤੋਂ ਪੈਦਾ ਹੋਏ ਸੰਕਟਾਂ ਨੂੰ ਭੋਗਣ ਅਤੇ ਵਧਾਉਣ ਨੂੰ ਵੀ ਵੱਧ ਹੁੰਗਾਰਾ ਮਿਲਿਆ ਹੈ।

ਕੂੜਾ-ਕਰਕਟ ਤੇ ਕਚਰੇ ਨਾਲ ਅਸੀਂ ਧਰਤੀ 'ਤੇ ਗੰਦ ਪਾ ਦਿੱਤਾ ਹੈ। ਵਿਕਾਸ ਦੀ ਲਾਲਸਾ ਹੇਠ ਉਦਯੋਗਾਂ, ਸੰਚਾਰ ਤੇ ਆਵਾਜਾਈ ਦੇ ਸਾਧਨਾਂ, ਥਰਮਲ ਪਲਾਂਟ ਤੇ ਭੱਠਿਆਂ ਦਾ ਅਥਾਹ ਪਸਾਰ ਹੋਇਆ, ਜੋ ਸਮੇਂ ਦੀ ਜ਼ਰੂਰਤ ਵੀ ਸੀ। ਪਰ ਇਨ੍ਹਾਂ 'ਚੋਂ ਨਿਕਲਣ ਵਾਲੇ ਗੰਦੇ ਧੂੰਏਂ ਅਤੇ ਪਾਣੀ ਦੀ ਅਸੀਂ ਕੋਈ ਪ੍ਰਵਾਹ ਅਤੇ ਵਿਉਂਤਬੰਦੀ ਨਹੀਂ ਕੀਤੀ। ਸੀਵਰੇਜ ਦੇ ਗੰਦੇ ਪਾਣੀ ਦਾ ਕੋਈ ਬੰਦੋਬਸਤ ਨਹੀਂ ਕੀਤਾ। ਨਹਿਰਾਂ ਅਤੇ ਦਰਿਆਵਾਂ 'ਚ ਵੀ ਅਸੀਂ ਕੂੜੇ-ਕਬਾੜ ਤੇ ਗੰਦਾ ਪਾਣੀ ਸੁੱਟ ਕੇ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਵਿਕਾਸ ਦੀ ਦੌੜ ਨੇ ਸਾਡੇ ਪਾਣੀ ਤੇ ਹਵਾ ਨੂੰ ਦੂਸ਼ਿਤ ਕਰ ਦਿੱਤਾ ਹੈ। ਵੱਡੀ ਪੱਧਰ 'ਤੇ ਲੱਗੇ ਸੰਚਾਰ ਦੇ ਸਾਧਨਾਂ ਦਾ ਵਿਕ੍ਰਿਨਿਕ ਪ੍ਰਭਾਵ ਵੀ ਖ਼ਤਰਾ ਬਣ ਗਿਆ ਹੈ। ਅਸੀਂ ਜੰਗਲ ਖ਼ਾਲੀ ਕਰ ਦਿੱਤੇ। ਬਹੁਤ ਸਾਰੇ ਰੁੱਖਾਂ ਦੀ ਹੋਂਦ ਅਜੇ ਵੀ ਖ਼ਤਰੇ 'ਚ ਹੈ। ਜੰਗਲਾਂ ਹੇਠ ਰਕਬਾ ਸਮੁੱਚੇ ਦੇਸ਼ 'ਚ ਹੀ ਘੱਟ ਹੈ, ਪਰ ਖੇਤੀ ਪ੍ਰਧਾਨ ਸੂਬੇ ਪੰਜਾਬ 'ਚ ਤਾਂ ਇਹ ਨਿਗੂਣਾ ਹੀ ਹੈ। ਪਿਛਲੇ ਸਮੇਂ 'ਚ ਇਸ ਵਿੱਚ ਵਾਧਾ ਵੀ ਨਹੀਂ ਹੋਇਆ। ਇਹ ਰਕਬਾ ਪੰਜਾਬ ਦੀ ਧਰਤੀ ਦਾ ਸਿਰਫ਼ 7 ਫ਼ੀਸਦੀ ਤੋਂ ਵੀ ਘੱਟ ਹੈ, ਪਰ ਲੋੜੀਂਦਾ 33 ਫ਼ੀਸਦੀ ਹੈ। ਇਹ ਰਕਬਾ ਪੂਰਾ ਵੀ ਹੋ ਸਕੇਗਾ ਜਾਂ ਕਿੰਨੇ ਸਮੇਂ 'ਚ ਪੂਰਾ ਹੋਵੇਗਾ, ਇਹ ਇਕ ਬਹੁਤਾ ਵੱਡਾ ਪ੍ਰਸ਼ਨ ਹੈ।

ਸਾਡੇ ਤਿਉਹਾਰ, ਵਿਆਹ ਸ਼ਾਦੀਆਂ ਤੋਂ ਇਲਾਵਾ ਧਾਰਮਿਕ ਜਲਸੇ-ਜਲੂਸ ਵੀ ਕੁਦਰਤ ਵਿਰੋਧੀ ਬਣ ਗਏ ਹਨ। ਦੀਵਾਲੀ (ਦੀਵਿਆਂ ਵਾਲੀ) ਵਰਗੇ ਰਾਸ਼ਟਰੀ ਪੱਧਰ ਦੇ ਤਿਉਹਾਰ 'ਤੇ ਵਿਆਪਕ ਰੂਪ 'ਚ ਪਟਾਕਿਆਂ ਦੁਆਰਾ ਫੈਲਾਇਆ ਜਾ ਰਿਹਾ ਜ਼ਹਿਰੀਲਾ ਧੂੰਆਂ ਸਾਡਾ ਸ਼ੌਕ ਤੇ ਵਿਖਾਵਾ ਬਣ ਗਿਆ ਹੈ। ਗੁਰਪੁਰਬਾਂ, ਵਿਆਹ-ਸ਼ਾਦੀਆਂ ਤੇ ਪ੍ਰਭਾਤ-ਫੇਰੀਆਂ 'ਤੇ ਪਟਾਕੇ ਚਲਾਉਣਾ ਇਕ ਰਿਵਾਜ ਹੀ ਬਣ ਗਿਆ ਹੈ। ਖ਼ੁਸ਼ੀ ਤੇ ਸ਼ਰਧਾ ਦਾ ਪ੍ਰਤੀਕ ਪਟਾਕੇ ਨਹੀਂ ਸਗੋਂ ਚੰਗਾ ਵਾਤਾਵਰਨ ਤੇ ਆਲਾ-ਦੁਆਲਾ ਹੈ। ਪਟਾਕੇ ਤਾਂ ਵਾਤਾਵਰਨ, ਮਾਨਵਤਾ ਤੇ ਆਰਥਿਕਤਾ ਲਈ ਮਾਰੂ ਸਾਬਤ ਹੋ ਰਹੇ ਹਨ। ਇਸ ਵਾਰ ਦੀਵਾਲੀ ਸਮੇਂ ਪਟਾਕਿਆਂ ਦੀ ਵਿਕਰੀ 20 ਫੀਸਦੀ ਘੱਟ ਹੋਣਾ ਚੰਗਾ ਸੰਕੇਤ ਹੈ। ਸਾਡੀ ਜਨ-ਸੰਖਿਆ ਬੜੀ ਤੇਜ਼ੀ ਨਾਲ ਵਧ ਰਹੀ ਹੈ। ਵੱਸੋਂ ਦੇ ਵਧਣ ਕਰਕੇ ਹੀ ਧਰਤੀ ਉੱਪਰਲੇ ਤੇ ਧਰਤੀ ਹੇਠਲੇ ਸਾਧਨਾਂ ਦਾ ਬੇਰਹਿਮੀ ਨਾਲ ਸ਼ੋਸ਼ਣ ਵਧਿਆ ਹੈ।

ਵਿਆਪਕ ਤੌਰ 'ਤੇ ਮਨੁੱਖ ਵੱਲੋਂ ਕੁਦਰਤ ਨਾਲ ਕੀਤੇ ਜਾ ਰਹੇ ਧਰੋਹ ਤੇ ਦੁਸ਼ਮਣੀ ਦਾ ਨਤੀਜਾ ਸਾਡੇ ਸਾਹਮਣੇ ਆਉਣ ਲੱਗਿਆ ਹੈ। ਅੱਜ



ਦੀ ਪੀੜ੍ਹੀ ਇਹ ਸਿੱਟੇ ਭੁਗਤ ਰਹੀ ਹੈ, ਆਉਣ ਵਾਲੀਆਂ ਪੀੜ੍ਹੀਆਂ ਲਈ ਅਸੀਂ ਇਸ ਪੱਖੋਂ ਖੂਹ ਪੁੱਟ ਦਿੱਤੇ ਹਨ। ਵਿਕਾਸ ਦੀ ਦੌੜ ਪਿੱਛੇ ਅਸੀਂ ਵਾਤਾਵਰਨੀ ਵਿਨਾਸ਼ ਸਿਰਜਦੇ ਆ ਰਹੇ ਹਾਂ। ਇਹ ਵਿਕਾਸ ਕਾਇਮ ਰਹਿਣ ਯੋਗ ਵਿਕਾਸ ਨਹੀਂ ਹੈ, ਕਿਉਂਕਿ ਵਰਤਮਾਨ ਪੀੜ੍ਹੀ ਵਿਕਾਸ ਨੂੰ ਮਾਣੇਗੀ ਤੇ ਆਉਣ ਵਾਲੀ ਪੀੜ੍ਹੀ ਵਾਤਾਵਰਨ ਦੇ ਵਿਨਾਸ਼ ਨੂੰ ਆਪਣੇ ਤਨ-ਮਨ 'ਤੇ ਹੰਢਾਏਗੀ। ਜੇਕਰ ਸਾਡੀ ਨੀਂਦ ਹੁਣ ਵੀ ਨਾ ਖੁੱਲ੍ਹੀ ਤਾਂ ਪਛਤਾਵੇ ਤੋਂ ਬਗੈਰ ਸਾਡੇ ਪੱਲੇ ਕੁਝ ਵੀ ਨਹੀਂ ਬਚੇਗਾ। ਪੰਜਾਬ ਵਰਗੇ ਖ਼ੁਸ਼ਹਾਲ ਸੂਬੇ ਗੰਭੀਰ ਖ਼ਮਿਆਜ਼ਾ ਭੁਗਤਣ ਲੱਗੇ ਹਨ। ਸੂਬੇ 'ਚ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤਕ ਨੀਵਾਂ ਹੀ ਨਹੀਂ ਸਗੋਂ ਪਾਣੀ ਪੀਣ ਯੋਗ ਵੀ ਨਹੀਂ ਰਿਹਾ। ਕੈਂਸਰ ਵਰਗੀਆਂ ਮਾਰੂ ਬੀਮਾਰੀਆਂ ਨੇ ਪੰਜਾਬ ਵਿੱਚ ਪੈਰ ਪਸਾਰ ਲਏ ਹਨ। ਕੁਦਰਤੀ ਵਾਤਾਵਰਨ ਨੂੰ ਪ੍ਰਭਾਵਿਤ ਕਰ ਰਹੇ ਕਾਰਕਾਂ ਨੇ ਸੰਸਾਰ ਪੱਧਰ 'ਤੇ ਦੇਸ਼ਾਂ ਨੂੰ ਵੀ ਚਿੰਤਨ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਇੰਟਰਗੌਰਮੈਂਟਲ ਪੈਨਲ ਆਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ.) ਦੀ 2013 ਦੀ ਰਿਪੋਰਟ ਬੜੇ ਸਨਸਨੀਖੇਜ਼ ਖੁਲਾਸੇ ਕਰਦੀ ਹੈ। ਵਧ ਰਹੇ ਸੰਸਾਰ ਤਾਪਕਰਨ ਦੇ ਸਿੱਟੇ ਵਜੋਂ ਪਿਛਲੇ ਤਿੰਨ ਦਹਾਕੇ ਪਿਛਲੀਆਂ 14 ਸਦੀਆਂ 'ਚ ਸਭ ਤੋਂ ਵੱਧ ਗਰਮ ਰਹੇ ਹਨ। ਪਿਛਲੀ ਇੱਕ ਸਦੀ 'ਚ ਸੰਸਾਰ ਦਾ ਤਾਪਮਾਨ ਲਗਪਗ 1 ਡਿਗਰੀ ਸੈਲਸੀਅਸ ਵਧ ਚੁੱਕਾ ਹੈ ਜੋ ਇਸ ਸਦੀ ਦੇ ਅੰਤ ਤਕ 2 ਤੋਂ 2.5 ਡਿਗਰੀ ਤਕ ਵਧ ਸਕਦਾ ਹੈ। 1950 ਤੋਂ ਗਰਮ ਦਿਨ ਤੇ ਰਾਤਾਂ ਦੀ ਗਿਣਤੀ ਵਧ ਰਹੀ ਹੈ ਤੇ ਠੰਢੇ ਦਿਨ ਰਾਤਾਂ ਦੀ ਗਿਣਤੀ ਘਟ ਰਹੀ ਹੈ। ਵਧ ਰਹੇ ਤਾਮਮਾਨ ਨੇ ਧਰੁਵਾਂ ਦੀ ਬਰਫ਼ (ਗ੍ਰੀਨ ਤੇ ਅੰਟਾਰਟਿਕਾ) ਨੂੰ ਪਿਘਲਾ ਕੇ ਸਮੁੰਦਰੀ ਜਲ ਪੱਧਰ 'ਚ 0.2 ਮੀਟਰ ਵਾਧਾ ਕਰਕੇ ਹੋਰ ਗੰਭੀਰ ਖ਼ਤਰਾ ਖੜ੍ਹਾ ਕਰ ਦਿੱਤਾ ਹੈ।

ਵਾਤਾਵਰਨੀ ਪ੍ਰਦੂਸ਼ਣ ਕਾਰਨ ਕੁਦਰਤੀ ਸੁਰੱਖਿਆ ਛਤਰੀ (ਓਜ਼ੋਨ ਪਰਤ) ਦੇ ਹੋ ਰਹੇ ਨਿਘਾਰ ਨੇ ਵਿਗਿਆਨੀਆਂ ਲਈ ਚਿੰਤਾਵਾਂ ਵਧਾ ਦਿੱਤੀਆਂ ਹਨ। ਪਿਛਲੇ ਦਹਾਕੇ 'ਚ ਵਾਤਾਵਰਨ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ 40 ਫ਼ੀਸਦੀ ਵਧਣਾ ਤੇ ਕਾਰਬਨ ਡਾਈਆਕਸਾਈਡ ਦਾ ਸਮੁੰਦਰ 'ਚ ਜਜ਼ਬ ਹੋਣ ਕਰਕੇ ਸਮੁੰਦਰੀ ਪਾਣੀ ਦਾ ਤੇਜ਼ਾਬੀਕਰਨ ਹੋਣਾ ਵੀ ਖ਼ਤਰੇ ਦੀ ਘੰਟੀ ਹੈ। ਵਰਖਾ ਦੀ ਘਾਟ, ਕੁਦਰਤੀ ਆਫ਼ਤਾਂ, ਹੜ੍ਹਾਂ ਦਾ ਖ਼ਤਰਾ, ਤੇਜ਼ਾਬੀ ਵਰਖਾ, ਪੀਣ ਯੋਗ ਪਾਣੀ ਦੀ ਘਾਟ, ਤਾਪਮਾਨ ਅਸੰਤੁਲਨ ਕਾਰਨ ਫ਼ਸਲੀ ਉਤਪਾਦਨ ਦਾ ਘਟਣਾ ਅਤੇ ਸਿਹਤ ਦਾ ਵਧ ਰਿਹਾ ਵਿਗਾੜ ਵੀ ਵਾਤਾਵਰਨ

ਪ੍ਰਦੂਸ਼ਣ ਤੇ ਕੁਦਰਤੀ ਅਸੰਤੁਲਨ ਦਾ ਸਿੱਟਾ ਹੈ।

ਇਹ ਸਭ ਕੁਝ ਮਨੁੱਖ ਦੀ ਅਣਗਹਿਲੀ, ਲਾਪ੍ਰਵਾਹੀ ਤੇ ਬੇਪ੍ਰਵਾਹੀ ਕਾਰਨ ਹੀ ਵਾਪਰ ਰਿਹਾ ਹੈ। ਬਹੁਤ ਹੱਦ ਤਕ ਮਨੁੱਖ ਦੀ ਖ਼ੁਦਗ਼ਰਜ਼ੀ ਤੇ ਲਾਲਸਾ ਹੀ ਇਸ ਲਈ ਜ਼ਿੰਮੇਵਾਰ ਹੈ। ਕੁਦਰਤ ਨਾਲ ਖਿਲਵਾੜ ਕਰਨ ਵਿਰੁੱਧ ਸਖ਼ਤ ਕਾਨੂੰਨੀ ਪ੍ਰਬੰਧਾਂ ਦੀ ਵੀ ਘਾਟ ਹੈ। ਜੋ ਕਾਨੂੰਨ ਬਣੇ ਹਨ, ਉਹ ਵੀ ਸਖ਼ਤੀ ਨਾਲ ਲਾਗੂ ਨਹੀਂ ਕੀਤੇ ਜਾ ਰਹੇ। ਕੁਦਰਤ ਨੂੰ ਬਚਾਉਣ ਹਿੱਤ ਖੇਤੀ ਦੀ ਰਹਿੰਦ-ਖੂੰਦ ਨੂੰ ਫੂਕਣ, ਕੀਟ ਤੇ ਨਦੀਨ-ਨਾਸ਼ਕਾਂ ਦੀ ਵਰਤੋਂ, ਪਟਾਕੇ ਚਲਾਉਣਾ, ਜਨਸੰਖਿਆ ਦਾ ਵਾਧਾ, ਕਾਰਖ਼ਾਨਿਆਂ ਤੇ ਵਾਹਨਾਂ ਦਾ ਧੂੰਆਂ, ਰੁੱਖਾਂ ਦੀ ਅੰਧਾਧੁੰਦ ਕਟਾਈ ਰੋਕਣ, ਕੁਦਰਤੀ ਸਾਧਨਾਂ ਦੀ ਦੁਰਵਰਤੋਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ। ਸਰਕਾਰੀ ਯਤਨ ਬਹੁਤ ਸਫਲ ਹੁੰਦੇ ਨਜ਼ਰ ਨਹੀਂ ਆ ਰਹੇ। ਪਰ 'ਅਜੀਤ ਹਰਿਆਵਲ ਲਹਿਰ' ਪੰਜਾਬ 'ਚ ਵਣਾਂ ਹੇਠ ਰਕਬਾ ਵਧਾਉਣ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ। ਯਾਦ ਰੱਖੋ, ਕੁਦਰਤ ਨਾਲ ਦੋਸਤੀ ਤੇ ਪਿਆਰ ਹੀ ਸਾਡੀ ਹੋਂਦ, ਜੀਵਨ ਤੇ ਤੰਦਰੁਸਤੀ ਦਾ ਹੱਲ ਹੈ। ਇਹੋ ਅੱਜ ਵਾਤਾਵਰਨ ਦਿਵਸ ਦਾ ਸੰਦੇਸ਼ ਤੇ ਸੰਕਲਪ ਹੋਣਾ ਚਾਹੀਦਾ ਹੈ।

—0—

> ਹਰ ਪ੍ਰਾਣੀ ਆਪਣੇ ਜੀਵਨ ਵਿੱਚ ਘੱਟੋ-ਘੱਟ ਪੰਜ ਰੁੱਖ ਜ਼ਰੂਰ ਲਗਾਵੇ ।
> ਹੋ ਸਕੇ ਤਾਂ ਹਰ ਸਾਲ ਹੀ ਇੱਕ ਰੁੱਖ ਲਗਾ ਕੇ ਆਪਣਾ ਧਰਮ ਕਮਾਵੇ ।
> —ਭਗਤ ਪੂਰਨ ਸਿੰਘ



# ਵਾਤਾਵਰਨ ਬਚਾਓ, ਮਨੁੱਖਤਾ ਬਚਾਓ

**ਡਾ. ਮਨਜੀਤ ਸਿੰਘ ਕੰਗ**

ਪੰਜਾਬ ਭਾਰਤ ਦੇ ਅਮੀਰ ਸੂਬਿਆਂ ਵਿੱਚੋਂ ਇਕ ਗਿਣਿਆ ਜਾਂਦਾ ਹੈ। ਇਹ ਖੇਤੀ ਪ੍ਰਧਾਨ ਸੂਬਾ ਵੀ ਹੈ। ਇਸ ਨੂੰ ਭਾਰਤ ਦੀ ਹਰੀ-ਕ੍ਰਾਂਤੀ ਵਿੱਚ ਪਾਏ ਵੱਡੇ ਯੋਗਦਾਨ ਕਾਰਨ 'ਅਨਾਜ ਦਾ ਭੜੋਲਾ' ਵੀ ਮੰਨਿਆ ਜਾਂਦਾ ਹੈ। 1960ਵਿਆਂ ਅਤੇ 1970ਵਿਆਂ ਦੌਰਾਨ, ਕਣਕ ਅਤੇ ਝੋਨੇ ਦੀ ਪੈਦਾਵਾਰ ਹਰੀ-ਕ੍ਰਾਂਤੀ ਕਾਰਨ ਵਧੀ । ਪ੍ਰੰਤੂ ਇਸ ਹੈਰਾਨੀਜਨਕ ਪੈਦਾਵਾਰ ਦਾ ਵੱਡਾ ਮੁੱਲ ਵੀ ਦੇਣਾ ਪਿਆ; ਜਿਵੇਂ ਕਿ ਵਾਤਾਵਰਨ ਅਤੇ ਜ਼ਮੀਨ ਦੀ ਸਿਹਤ ਵਿੱਚ ਨਿਘਾਰ ਆਉਣਾ ਅਤੇ ਕਣਕ-ਝੋਨੇ ਦੇ ਫ਼ਸਲੀ ਚੱਕਰ ਦਾ ਵੱਡੇ ਪੱਧਰ 'ਤੇ ਅਪਣਾਏ ਜਾਣ ਕਾਰਨ ਫ਼ਸਲੀ ਵਿਭਿੰਨਤਾ ਦਾ ਖ਼ਤਮ ਹੋਣਾ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਬਹੁਤ ਨੀਵਾਂ ਹੋਣਾ। ਅਜਿਹਾ ਦੂਰਦਰਸ਼ੀ ਨੀਤੀਆਂ ਦੀ ਅਣਹੋਂਦ ਕਾਰਨ ਹੋਇਆ ।

**ਹਰੀ-ਕ੍ਰਾਂਤੀ ਦੇ ਪ੍ਰਭਾਵ :**

ਸਾਲ 1986 ਵਿੱਚ ਸਮੇਂ ਦੀ ਪੰਜਾਬ ਸਰਕਾਰ ਨੇ ਇਕ ਖੇਤੀ ਵਿਭਿੰਨਤਾ ਕਮੇਟੀ ਦਾ ਸੰਗਠਨ ਕੀਤਾ। ਉਸ ਕਮੇਟੀ ਨੇ ਝੋਨੇ ਹੇਠੋਂ 20 ਫ਼ੀਸਦੀ ਰਕਬਾ ਘਟਾਉਣ ਦੀ ਸਿਫ਼ਾਰਸ਼ ਕੀਤੀ, ਪ੍ਰੰਤੂ ਇਸ ਉੱਤੇ ਕੋਈ ਅਮਲ ਨਾ ਹੋਇਆ; ਸਗੋਂ ਝੋਨੇ ਹੇਠ ਰਕਬਾ ਜੋ ਸਾਲ 1960-61 ਵਿੱਚ 2.3 ਲੱਖ ਹੈਕਟੇਅਰ ਸੀ, ਵਧ ਕੇ ਸਾਲ 2011-12 ਵਿੱਚ 28.3 ਲੱਖ ਹੈਕਟੇਅਰ ਹੋ ਗਿਆ । ਹਰੀ-ਕ੍ਰਾਂਤੀ ਦੌਰਾਨ, ਮੱਕੀ, ਦਾਲਾਂ, ਕਪਾਹ ਅਤੇ ਮੂੰਗਫਲੀ ਦੀਆਂ ਫ਼ਸਲਾਂ ਦਾ ਬਦਲ ਝੋਨਾ ਬਣਿਆ । ਝੋਨੇ ਦੀ ਕਾਸ਼ਤ 1940ਵਿਆਂ ਅਤੇ 1950ਵਿਆਂ ਵਿੱਚ ਸੇਮ-ਮਾਰੀ ਖਾਰੀ ਜ਼ਮੀਨ 'ਤੇ ਸ਼ੁਰੂ ਕੀਤੀ ਗਈ ਸੀ । ਸ਼ੁਰੂ ਵਿੱਚ, ਝੋਨੇ ਦੀ ਪਨੀਰੀ ਦੀ ਖੇਤਾਂ ਵਿੱਚ ਲੁਆਈ ਜੁਲਾਈ ਦੇ ਪਹਿਲੇ ਹਫ਼ਤੇ ਦੇ ਨੇੜੇ-ਤੇੜੇ ਕੀਤੀ ਜਾਂਦੀ ਸੀ । ਉਸ ਸਮੇਂ ਤਕ ਮੌਨਸੂਨ ਸ਼ੁਰੂ ਹੋ ਜਾਂਦੀ ਸੀ । ਬਾਅਦ ਵਿੱਚ, ਕਿਉਂਕਿ ਚੰਗੀ ਗੁਣਵਤਾ ਦਾ ਪਾਣੀ ਉਸ ਸਮੇਂ ਭੂ-ਤਲ ਦੇ ਨੇੜੇ ਹੁੰਦਾ ਸੀ, ਕਿਸਾਨਾਂ ਨੇ ਹੌਲੀ-ਹੌਲੀ ਝੋਨੇ ਦੀ ਪਨੀਰੀ ਦੀ ਲੁਆਈ ਜੂਨ ਵਿੱਚ ਕਰਨੀ ਸ਼ੁਰੂ ਕਰ ਦਿੱਤੀ । ਇਹ ਸਮੱਸਿਆ ਤਾਂ ਹੁਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਖੋਜ ਦੇ ਆਧਾਰ 'ਤੇ 2009 ਵਿੱਚ ਬਣੇ 'ਪਾਣੀ ਸੁਰੱਖਿਆ ਕਾਨੂੰਨ' ਨੇ ਕਾਫ਼ੀ ਹੱਦ ਤਕ ਹੱਲ ਕਰ ਦਿੱਤੀ ਹੈ, ਕਿਉਂਕਿ ਕਿਸਾਨ ਹੁਣ ਪਨੀਰੀ ਦੀ ਲੁਆਈ 10 ਜੂਨ ਤੋਂ ਪਹਿਲਾਂ ਨਹੀਂ ਕਰ ਸਕਦੇ । ਇਹ ਕਾਨੂੰਨ ਬਣਨ ਤੋਂ ਬਾਅਦ, ਪਾਣੀ ਦਾ ਪੱਧਰ ਪੰਜਾਬ ਦੇ 25 ਫ਼ੀਸਦੀ ਰਕਬੇ ਵਿੱਚ ਉੱਤੇ ਆਉਣਾ ਸ਼ੁਰੂ ਹੋ ਗਿਆ ਹੈ ਜੋ ਕਿ ਪਹਿਲਾਂ 1.5 ਫ਼ੀਸਦੀ ਰਕਬੇ ਤਕ ਸੀਮਿਤ ਸੀ। ਪਾਣੀ ਦੇ ਮਾਹਿਰ ਡਾ. ਗੁਰਦੇਵ ਸਿੰਘ ਹੀਰਾ ਦੀ

ਰਿਪੋਰਟ ਅਨੁਸਾਰ ਜੇ ਪੰਜਾਬ ਵਿੱਚ ਝੋਨੇ ਦੀ ਲੁਆਈ 20 ਜੂਨ ਤਕ ਪਛੇਤੀ ਕੀਤੀ ਜਾਵੇ ਤਾਂ ਪਾਣੀ ਦਾ ਪੱਧਰ 53 ਫ਼ੀ ਸਦੀ ਰਕਬੇ ਵਿੱਚ ਉੱਤੇ ਆਉਣ ਲੱਗ ਜਾਵੇਗਾ ਅਤੇ ਜੇ ਇਹ ਲੁਆਈ ਮੌਨਸੂਨ ਦੀ ਸ਼ੁਰੂਆਤ ਨਾਲ ਮੇਲ ਖਾਵੇ ਤਾਂ ਪਾਣੀ ਦਾ ਪੱਧਰ 67 ਫ਼ੀਸਦੀ ਪੰਜਾਬ ਦੇ ਰਕਬੇ ਵਿੱਚ ਉੱਤੇ ਆਉਣਾ ਸ਼ੁਰੂ ਹੋ ਜਾਵੇਗਾ। ਹੁਣ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਵਿੱਚ ਕਈ ਖ਼ੁਰਾਕੀ ਤੱਤਾਂ ਦੀ ਘਾਟ ਵੀ ਨਜ਼ਰ ਆ ਰਹੀ ਹੈ, ਜਿਵੇਂ ਕਿ ਮੁਕਤਸਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਨਾਈਟਰੋਜਨ ਦੀ ਘਾਟ (20 ਫ਼ੀ ਸਦੀ ਫ਼ਸਲੀ ਰਕਬਾ), ਪਟਿਆਲੇ ਅਤੇ ਮੁਕਤਸਰ ਜ਼ਿਲ੍ਹਿਆਂ ਵਿੱਚ ਫ਼ਾਸਫ਼ੋਰਸ ਦੀ ਘਾਟ (20 ਫ਼ੀ ਸਦੀ ਫ਼ਸਲੀ ਰਕਬਾ), ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੋਟਾਸ਼ੀਅਮ ਦੀ ਘਾਟ (35 ਫ਼ੀ ਸਦੀ ਫ਼ਸਲੀ ਰਕਬਾ) ਨੋਟ ਕੀਤੀ ਗਈ ਹੈ। ਇਹ ਵਾਤਾਵਰਨਕ ਮੁੱਦੇ ਹਨ। ਪ੍ਰੋ: ਐਮ. ਐਸ. ਸਵਾਮੀਨਾਥਨ ਅਨੁਸਾਰ ਜੇਕਰ ਖੇਤੀ ਸੰਬੰਧਿਤ ਵਾਤਾਵਰਨਕ ਅਤੇ ਆਰਥਿਕ ਪ੍ਰਬੰਧ ਸਹੀ ਨਹੀਂ ਹੋਣਗੇ ਤਾਂ ਚਿਰ-ਸਥਾਈ ਪੈਦਾਵਾਰ ਕਿਸੇ ਵੀ ਢੰਗ ਨਾਲ ਪ੍ਰਾਪਤ ਨਹੀਂ ਹੋ ਸਕੇਗੀ। ਇਸੇ ਕਾਰਨ ਪ੍ਰੋ: ਸਵਾਮੀਨਾਥਨ ਨੇ '**ਸਦਾ-ਬਹਾਰ ਹਰੀ-ਕ੍ਰਾਂਤੀ**' ਦਾ ਸੰਕਲਪ ਪੇਸ਼ ਕੀਤਾ ਹੈ, ਜਿਸ ਦਾ ਮਤਲਬ ਹੈ ਕਿ ਖੇਤੀ ਪੈਦਾਵਾਰ ਦਾ, ਕਿਸੇ ਕਿਸਮ ਦਾ ਵਾਤਾਵਰਨਕ ਨੁਕਸਾਨ ਕਰਨ ਤੋਂ ਬਿਨਾਂ, ਨਿਰੰਤਰ ਵਧਣਾ। ਅਜਿਹੇ ਖੇਤੀ ਵਿੱਚ ਸ਼ਾਮਲ ਹਨ ਜੈਵਿਕ ਖੇਤੀ, ਸੁਰੱਖਿਅਤ ਖੇਤੀ, ਕੰਪਿਊਟਰ-ਅਧਾਰਤ ਖੇਤੀ (Precision agriculture), ਫ਼ਸਲੀ-ਜੰਗਲਾਤ ਖੇਤੀ ਵਿੱਚ ਖਾਦ ਦਰਖ਼ਤ ਉਗਾਉਣਾ ਅਤੇ ਸਾਲਮ ਢੰਗ ਨਾਲ ਕੀਟ ਕੰਟਰੋਲ ਕਰਨਾ, ਖ਼ੁਰਾਕੀ ਤੱਤ ਮੁਹੱਈਆ ਕਰਾਉਣਾ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਕਰਨਾ। ਹੁਣ ਬਾਰਸ਼ ਬਹੁਤ ਅਨਿਸ਼ਚਿਤ ਅਤੇ ਤਾਪਮਾਨ ਬਹੁਤ ਅਸਥਿਰ ਹੋ ਚੁੱਕੇ ਹਨ। ਮੌਸਮੀ ਬਦਲਾਓ ਕਾਰਨ ਫ਼ਸਲਾਂ 'ਤੇ ਨਵੇਂ ਜੈਵਿਕ ਅਤੇ ਗ਼ੈਰ-ਜੈਵਿਕ ਦਬਾਅ ਪੈਦਾ ਹੋ ਗਏ ਹਨ। ਝੋਨੇ ਦੇ ਖੇਤਾਂ ਵਿਚਲੇ ਪਾਣੀ ਨਾਲ ਪੈਦਾ ਹੋਈ ਜ਼ਿਆਦਾ ਨਮੀ ਕਾਰਨ ਕੀਟ ਅਤੇ ਬਿਮਾਰੀਆਂ ਜ਼ਿਆਦਾ ਵਿਆਪਕ ਹੋ ਗਏ ਹਨ। ਹਰੀ-ਕ੍ਰਾਂਤੀ ਦੌਰਾਨ, ਕੁਦਰਤੀ ਸੋਮਿਆਂ ਦੀ ਸੁਰੱਖਿਆ, ਖ਼ਾਸ ਤੌਰ 'ਤੇ ਜ਼ਮੀਨ ਅਤੇ ਪਾਣੀ ਨੂੰ ਕਾਫ਼ੀ ਨੁਕਸਾਨ ਪੁੱਜਿਆ। ਪੰਜਾਬ ਵਿੱਚ ਨਾਈਟਰੋਜਨ, ਫ਼ਾਸਫ਼ੋਰਸ ਅਤੇ ਪੋਟਾਸੀਅਮ ਦਾ ਅਨੁਪਾਤ 4:1:1 ਤੋਂ ਵਿਗੜ ਕੇ 20:5:9 ਹੋ ਚੁੱਕਾ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੇ ਕਿਸਾਨ ਨਾਈਟਰੋਜਨ, ਫ਼ਾਸਫ਼ੋਰਸ ਅਤੇ ਪੋਟਾਸੀਅਮ ਦਾ ਸੰਤੁਲਿਤ ਪ੍ਰਯੋਗ ਨਹੀਂ ਕਰਦੇ। ਇਸ ਸਮੱਸਿਆ ਨੂੰ ਹੱਲ ਕਰਨ ਲਈ, ਖਾਦਾਂ ਦੀ ਕੁਸ਼ਲਤਾ ਨਾਲ ਵਰਤੋਂ ਕਰਨ ਲਈ, ਜ਼ਿਲ੍ਹਾ ਪੱਧਰ 'ਤੇ ਜ਼ਮੀਨ ਵਿੱਚ ਤੱਤਾਂ ਦੀ ਪਰਖ ਲਈ ਕਾਰਜਾਤਮਿਕ ਲੈਬਾਰਟਰੀਆਂ ਦੀ ਜ਼ਰੂਰਤ ਹੈ। ਖ਼ੁਰਾਕੀ ਤੱਤ ਲੋੜ ਤੋਂ



ਵੱਧ ਮਾਤਰਾ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਕਾਰਨ ਸੋਮੇ-ਤੋਂ-ਦੂਰ ਦਾ (ਨੋਨ-ਪੋਨਿਟ) ਪ੍ਰਦੂਸ਼ਣ ਵਧਦਾ ਹੈ। ਪੱਤਾ-ਰੰਗ ਚਾਰਟ ਵਰਗੀ ਖਾਦ-ਬਚਾਊ ਤਕਨਾਲੋਜੀ ਦੀ ਵਰਤੋਂ ਉਤਸ਼ਾਹਿਤ ਕਰਨੀ ਚਾਹੀਦੀ ਹੈ। ਜੈਵਿਕ ਖਾਦਾਂ ਅਤੇ ਹਰੀਆਂ ਖਾਦਾਂ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਕਰਨ ਲਈ ਵਰਤਣੀਆਂ ਚਾਹੀਦੀਆਂ ਹਨ।

**ਪਾਣੀ ਪ੍ਰਦੂਸ਼ਣ ਦੇ ਅਸਰ**:

ਪੰਜਾਬ ਇਸ ਸਮੇਂ ਰਸਾਇਣਿਕ ਜ਼ਹਿਰੀਲੇਪਨ ਕਾਰਨ ਪਾਣੀ ਦੇ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਮਾਲਵਾ ਇਲਾਕੇ ਵਿੱਚ ਕੈਂਸਰ ਕਾਰਨ ਬਹੁਤ ਮੌਤਾਂ ਹੋਈਆਂ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਜਿਨ੍ਹਾਂ ਨੇ ਕਈ ਦਰਿਆਵਾਂ ਨੂੰ ਪੁਨਰਜੀਵਤ ਕੀਤਾ ਹੈ, ਦੇ ਕਹਿਣ ਅਨੁਸਾਰ ਪ੍ਰਦੂਸ਼ਣ ਰੋਕਣ ਵਾਲੇ ਕਾਨੂੰਨ ਕਾਗ਼ਜ਼ਾਂ ਵਿੱਚ ਹੀ ਰਹਿ ਜਾਂਦੇ ਹਨ। ਉਨ੍ਹਾਂ ਅਨੁਸਾਰ, ਸਾਇਆਨਾਈਡ ਵਰਗੇ ਜ਼ਹਿਰੀਲੇ ਅਤੇ ਹਾਨੀਕਾਰਕ ਰਸਾਇਣਿਕ ਪਦਾਰਥ ਜਿਨ੍ਹਾਂ ਦਾ ਨਿਕਾਸ ਲੁਧਿਆਣਾ, ਜਲੰਧਰ ਅਤੇ ਫਗਵਾੜੇ ਦੀਆਂ ਫੈਕਟਰੀਆਂ ਵਿੱਚੋਂ ਹੁੰਦਾ ਹੈ, ਦਰਿਆਵਾਂ ਦੇ ਪਾਣੀਆਂ ਵਿੱਚ ਵਗਦੇ ਹਨ। ਇਸ ਤਰ੍ਹਾਂ, ਪੀਣ ਵਾਲਾ ਪਾਣੀ ਪ੍ਰਦੂਸ਼ਿਤ ਹੁੰਦਾ ਹੈ ਅਤੇ ਕੈਂਸਰ ਵਰਗੇ ਰੋਗਾਂ ਨੂੰ ਫੈਲਾਉਂਦਾ ਹੈ। ਮੁਕਤਸਰ ਵਿੱਚ, ਨਿਰਾਸ਼ਾਜਨਕ ਅੰਕੜੇ ਮਿਲਦੇ ਹਨ। ਉੱਥੇ 2001 ਤੋਂ ਨਵੰਬਰ 2009 ਦੌਰਾਨ, 1074 ਮੌਤਾਂ ਕੈਂਸਰ ਕਾਰਨ ਹੋਈਆਂ। ਲੰਬੀ ਚੋਣ-ਹਲਕੇ ਵਿੱਚ, ਇਸ ਸਮੇਂ ਦੌਰਾਨ 211 ਮੌਤਾਂ ਕੈਂਸਰ ਨਾਲ ਹੋਈਆਂ।

ਮਾਰਚ 2009 ਵਿੱਚ, ਦੱਖਣੀ, ਅਫਰੀਕਾ ਦੇ ਟਾਕਸੀਕਾਲੋਜਿਸਟ ਡਾ. ਕਰੀਨ ਸਮਿਟ ਨੇ ਮਾਲਵਾ ਖੇਤਰ ਵਿੱਚੋਂ ਮਾਨਸਿਕ ਬਿਮਾਰੀ ਤੋਂ ਪੀੜਿਤ ਬੱਚਿਆਂ ਦੇ ਵਾਲਾਂ ਦੇ ਨਮੂਨੇ ਜਰਮਨੀ ਦੀ 'ਮਾਈਕ੍ਰੋਟਰੇਸ ਮਿਨਰਲ ਲੈਬਾਰਟਰੀ' ਨੂੰ ਭੇਜੇ। 13 ਜੂਨ 2010 ਨੂੰ ਉਸ ਲੈਬਾਰਟਰੀ ਦੀ ਰਿਪੋਰਟ ਅਨੁਸਾਰ, ਉਨ੍ਹਾਂ ਨਮੂਨਿਆਂ ਵਿੱਚ, ਯੂਰੇਨੀਅਮ ਵੱਡੀ ਮਾਤਰਾ ਵਿੱਚ ਪਾਇਆ ਗਿਆ। ਡਾ. ਸਮਿਟ ਨੇ ਹੈਰਾਨਗੀ ਪ੍ਰਗਟਾਈ, ਕਿਉਂਕਿ ਉਹ ਵਾਲਾਂ ਵਿੱਚ ਆਰਸੈਨਿਕ ਹੋਣ ਦੀ ਆਸ ਕਰਦੇ ਸਨ। ਇਸ ਦੇ ਉਲਟ, 80 ਫ਼ੀ ਸਦੀ ਬਾਲਗ ਅਤੇ ਬੱਚਿਆਂ ਵਿੱਚ, ਜੋ ਮਾਨਸਿਕ ਰੁਕਾਵਟ ਅਤੇ ਦਿਮਾਗ਼ੀ ਪਾਲਸੀ (Cerebral palsy) ਤੋਂ ਪੀੜਿਤ ਸਨ, ਬਿਮਾਰ ਕਰਨਯੋਗ ਯੂਰੇਨੀਅਮ ਦੀ ਮਾਤਰਾ ਪਾਈ ਗਈ। ਸਾਲ 2009 ਵਿੱਚ, ਭਾਵਾ ਪ੍ਰਮਾਣੂ ਖੋਜ ਕੇਂਦਰ ਮੁੰਬਈ, ਵੱਲੋਂ ਦਾਇਰ ਕੀਤੀ ਰਿਪੋਰਟ ਤੋਂ ਪਤਾ ਲੱਗਾ ਕਿ ਮਾਲਵਾ ਇਲਾਕੇ ਦੇ ਇਕ ਲਿਟਰ ਪਾਣੀ ਵਿੱਚ 2.2 ਤੋਂ 244.2 ਮਾਈਕਰੋਗ੍ਰਾਮ ਯੂਰੇਨੀਅਮ ਸੀ ਜਦੋਂ ਕਿ ਵਿਸ਼ਵ ਸਿਹਤ ਸੰਗਠਨ (WHO) ਅਨੁਸਾਰ 15 ਮਾਈਕਰੋਗ੍ਰਾਮ ਪ੍ਰਤੀ ਲਿਟਰ ਸੁਰੱਖਿਅਤ ਸੀਮਾ ਮੰਨੀ ਜਾਂਦੀ ਹੈ। ਫਰੀਦਕੋਟ ਦੇ ਬਾਬਾ ਫਰੀਦ

ਖ਼ਾਸ ਬੱਚਿਆਂ ਦੇ ਕੇਂਦਰ ਅਨੁਸਾਰ ਤਿੰਨ ਸੈਂਪਲਾਂ ਵਿੱਚ, ਪ੍ਰਮਾਣੂ ਊਰਜਾ ਨਿਯਮਿਤ ਬੋਰਡ ਦੀ ਮਿੱਥੀ 60 ਮਾਈਕਰੋਗ੍ਰਾਮ ਯੂਰੇਨੀਅਮ ਪ੍ਰਤੀ ਲੀਟਰ ਪਾਣੀ ਦਾ ਸੀਮਾ ਤੋਂ ਜ਼ਿਆਦਾ ਸੀ । ਮਾਲਵੇ ਦੇ ਪਾਣੀ ਵਿੱਚ ਆਰਸੈਨਿਕ ਵੀ ਪਾਇਆ ਜਾਂਦਾ ਹੈ । ਆਰਸੈਨਿਕ ਦੇ ਚਿਰਕਾਲੀਨ ਐਕਸਪੋਜਰ (chronic exposure) ਨਾਲ ਫੇਫੜਿਆਂ ਦਾ, ਜਿਗਰ ਦਾ, ਬਲੈਡਰ ਦਾ, ਗੁਰਦਿਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ । ਚਮੜੀ ਅਤੇ ਦਿਲ ਦੀਆਂ ਬਿਮਾਰੀਆਂ ਵੀ ਵਧਦੀਆਂ ਹਨ । ਯੂਰੇਨੀਅਮ ਅਤੇ ਆਰਸੈਨਿਕ ਦੇ ਕੈਂਸਰ ਨਾਲ ਸੰਬੰਧ ’ਤੇ ਖੋਜ ਤੇਜ਼ ਕਰਨ ਦੀ ਲੋੜ ਹੈ । ਪੰਜਾਬ ਵਿੱਚ, ਉੱਚ ਕੁਆਲਟੀ ਦੇ ਕੈਂਸਰ ਖੋਜ ਦੀ ਸਖ਼ਤ ਲੋੜ ਹੈ ।

**ਹਵਾ ਦਾ ਪ੍ਰਦੂਸ਼ਣ:**

ਕਿਸਾਨ, ਖ਼ਾਸ ਤੌਰ ’ਤੇ ਝੋਨੇ ਦੀ ਕਟਾਈ ਤੋਂ ਬਾਅਦ, ਸੌਖ ਲਈ, ਅਗਲੀ ਕਣਕ ਦੀ ਫ਼ਸਲ ਜਲਦੀ ਬੀਜਣ ਲਈ ਝੋਨੇ ਦੀ ਪਰਾਲੀ ਨੂੰ ਜਲਾ ਦਿੰਦੇ ਹਨ, ਜਿਸ ਕਾਰਨ ਹਵਾ ਪ੍ਰਦੂਸ਼ਿਤ ਹੋ ਜਾਂਦੀ ਹੈ ਅਤੇ ਅਜਿਹਾ ਹੋਣ ਨਾਲ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ । ਪਰਾਲੀ ਦੇ ਜਲਾਉਣ ਤੋਂ ਪੈਦਾ ਹੋਏ ਧੂੰਏਂ ਅਤੇ ਕਣਾਂ ਨਾਲ ਲੋਕ ਦਮਾ ਆਦਿ ਸਾਹ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ । ਇਸ ਤੋਂ ਇਲਾਵਾ, ਕਿਸਾਨਾਂ ਨੂੰ ਖ਼ੁਰਾਕੀ ਤੱਤ ਜਲਾਉਣ ਕਾਰਨ ਕਈ ਕਰੋੜ ਰੁਪਏ ਸਾਲਾਨਾ ਦਾ ਨੁਕਸਾਨ ਹੁੰਦਾ ਹੈ । ਪਰਾਲੀ ਜਲਾਉਣ ਨਾਲ ਜ਼ਮੀਨ ਵਿੱਚ ਰਹਿੰਦੇ ਫ਼ਸਲਾਂ ਲਈ ਲਾਭਦਾਇਕ ਸੂਖਮ ਜੀਵ-ਜੰਤੂ ਵੀ ਨਸ਼ਟ ਹੋ ਜਾਂਦੇ ਹਨ । ਕਿਸਾਨਾਂ ਨੂੰ ਪਰਾਲੀ ਨਾ ਜਲਾਉਣ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ । ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਨਵੀਆਂ ਖੇਤੀ ਤਕਨੀਕਾਂ ਜਿਵੇਂ ਕਿ ਹੈਪੀ-ਸੀਡਰ, ਰੋਟਾਵੇਟਰ, ਆਦਿ ਦੀ ਠੀਕ ਵਰਤੋਂ ਬਾਰੇ ਵੀ ਦੱਸਣਾ ਚਾਹੀਦਾ ਹੈ। ਬਿਜਲੀ ਪੈਦਾ ਕਰਨ ਲਈ ਕੋਲੇ ’ਤੇ ਚੱਲਣ ਵਾਲੇ ਥਰਮਲ ਪਲਾਂਟ ਖ਼ਤਰਨਾਕ ਰਾਖ ਪੈਦਾ ਕਰਦੇ ਹਨ । ਇਹ ਨਾ ਕੇਵਲ ਗ੍ਰੀਨ-ਹਾਊਸ ਗੈਸਾਂ ਪੈਦਾ ਕਰਦੇ ਹਨ ਬਲਕਿ ਸਥਾਨਕ ਪ੍ਰਦੂਸ਼ਣ ਅਤੇ ਸਿਹਤ ਦੇ ਨੁਕਸਾਨ ਲਈ ਵੀ ਜ਼ਿੰਮੇਵਾਰ ਹਨ । ਵਾਤਾਵਰਨ ਦੀ ਸਹੀ ਸੰਭਾਲ ਕਰਨਾ ਮਨੁੱਖਤਾ ਬਚਾਉਣ ਲਈ ਬਹੁਤ ਜ਼ਰੂਰੀ ਹੈ । ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ‘ਮਨੁੱਖੀ ਉੱਤਰਜੀਵਤਾ (Survival of mankind) ਬਾਰੇ ਕੋਰਸ ਪੜ੍ਹਾਏ ਜਾਣੇ ਚਾਹੀਦੇ ਹਨ । ਜੇ ਮਨੁੱਖ ਵਾਤਾਵਰਨ ਦੀ ਸੰਭਾਲ ਕਰੇਗਾ ਤਾਂ ਵਾਤਾਵਰਨ ਮਨੁੱਖ ਦੀ ਸੰਭਾਲ ਕਰ ਸਕੇਗਾ । ਇਸ ਲਈ ਸਾਡਾ ਨਾਅਰਾ ਹੋਣਾ ਚਾਹੀਦਾ ਹੈ ‘ਵਾਤਾਵਰਨ ਬਚਾਓ, ਮਨੁੱਖਤਾ ਬਚਾਓ’ ।

ਸਾਬਕਾ ਉਪ-ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ।
ਮੋ: 94177-19993



# ਮਨੁੱਖਤਾ ਲਈ ਘਾਤਕ ਵਾਤਾਵਰਨ ਪ੍ਰਦੂਸ਼ਣ

**ਸੁਮੀਤ ਸਿੰਘ**

ਵਾਤਾਵਰਨ ਪ੍ਰਦੂਸ਼ਣ ਮਨੁੱਖੀ ਜੀਵਨ ਲਈ ਗੰਭੀਰ ਖ਼ਤਰਾ ਬਣ ਗਿਆ ਹੈ । ਸਾਡੇ ਆਲੇ-ਦੁਆਲੇ ਦਾ ਸਮੁੱਚਾ ਵਾਤਾਵਰਨ ਅਤੇ ਢਾਂਚਾ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਦੂਸ਼ਿਤ ਹੈ । ਹਵਾ, ਪਾਣੀ, ਖ਼ੁਰਾਕ, ਮਿੱਟੀ ਅਤੇ ਆਵਾਜ਼ ਪ੍ਰਦੂਸ਼ਣ ਕਾਰਨ ਸਾਡੇ ਜੀਵਨ ਵਿੱਚ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੇ ਵਿਗਾੜ ਪੈਦਾ ਹੋ ਚੁੱਕੇ ਹਨ । ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਸਾਨੂੰ ਸਿੱਧੇ ਤੌਰ ’ਤੇ ਪ੍ਰਭਾਵਿਤ ਕਰਦੀ ਨਜ਼ਰ ਨਹੀਂ ਆਉਂਦੀ । ਸ਼ਾਇਦ ਇਸੇ ਲਈ ਕਿਸੇ ਵੀ ਸਰਕਾਰ, ਸਿਆਸੀ ਪਾਰਟੀ ਜਾਂ ਖ਼ੁਦ ਜਨਤਾ ਵੱਲੋਂ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ । ਹਵਾ ਅਤੇ ਪਾਣੀ ਦਾ ਪ੍ਰਦੂਸ਼ਣ ਤੀਜੀ ਦੁਨੀਆਂ ਦੇ ਦੇਸ਼ਾਂ ਲਈ ਮੁੱਖ ਸਮੱਸਿਆ ਬਣ ਚੁੱਕਿਆ ਹੈ । ਵਧਦੀ ਆਬਾਦੀ ਦੇ ਸਿੱਟੇ ਵਜੋਂ ਸ਼ਹਿਰੀਕਰਨ ਦੇ ਵਿਕਾਸ ਨਾਲ ਸਨਅਤੀਕਰਨ ਬਹੁਤ ਜ਼ਿਆਦਾ ਵਧ ਗਿਆ ਹੈ। ਇਸ ਦੇ ਨਤੀਜੇ ਵਜੋਂ ਕਾਰਖ਼ਾਨਿਆਂ, ਤਾਪ-ਬਿਜਲੀ ਘਰਾਂ, ਭੱਠਿਆਂ, ਹਸਪਤਾਲਾਂ, ਵੱਡੇ-ਵੱਡੇ ਕਾਰਖ਼ਾਨਿਆਂ, ਫਾਊਂਡਰੀਆਂ ਅਤੇ ਮੋਟਰ ਗੱਡੀਆਂ ਤੋਂ ਇਲਾਵਾ ਜਨਰੇਟਰਾਂ ਵਿੱਚੋਂ ਨਿਕਲਦੇ ਧੂੰਏਂ ਨੇ ਹਵਾ ਤੇ ਪਾਣੀ ਵਿੱਚ ਇੰਨੇ ਜ਼ਿਆਦਾ ਪ੍ਰਦੂਸ਼ਣਕਾਰੀ ਤੱਤਾਂ ਨੂੰ ਘੋਲ ਦਿੱਤਾ ਹੈ ਕਿ ਇਹ ਚਮੜੀ, ਦਿਲ ਅਤੇ ਫੇਫੜਿਆਂ ਦੇ ਗੰਭੀਰ ਰੋਗਾਂ ਨੂੰ ਜਨਮ ਦੇ ਰਹੇ ਹਨ।

ਰੁੱਖਾਂ ਦੀ ਅੰਧਾਧੁੰਦ ਕਟਾਈ, ਸਨਅਤੀਕਰਨ ਅਤੇ ਮੋਟਰ ਗੱਡੀਆਂ ਦੇ ਬੇਤਹਾਸ਼ਾ ਵਾਧੇ ਨਾਲ ਹਵਾ ਤੇ ਪਾਣੀ ਵਿੱਚ ਕਾਰਬਨ-ਮੋਨੋਆਕਸਾਈਡ, ਨਿਕੋਟੀਨ, ਸਲਫਰ ਡਾਈਆਕਸਾਈਡ, ਹਾਈਡਰੋਕਾਰਬਨ, ਸਿੱਕਾ, ਓਜ਼ੋਨ, ਧੂੰਏਂ ਭਰੀ ਧੁੰਦ, ਨਦੀਆਂ ਤੇ ਨਾਲੀਆਂ ਵਿਚਲਾ ਗੰਧਲਾ ਪਾਣੀ ਜਿਹੇ ਜ਼ਹਿਰੀਲੇ ਤੱਤ ਵੱਡੇ ਪੱਧਰ ’ਤੇ ਸ਼ਾਮਲ ਹੋ ਰਹੇ ਹਨ । ਫ਼ਸਲਾਂ ਤੋਂ ਵੱਧ ਝਾੜ ਲੈਣ ਲਈ ਕੀਟਨਾਸ਼ਕ ਰਸਾਇਣਾਂ ਦੀ ਵੱਧ ਵਰਤੋਂ ਨਾਲ ਮਿੱਟੀ, ਪਾਣੀ ਅਤੇ ਹਵਾ ਪੂਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ । ਅਸਮਾਨ ਵਿੱਚ ਓਜ਼ੋਨ ਦੀ ਪਰਤ ਕਮਜ਼ੋਰ ਪੈਣ ਕਾਰਨ ਸੂਰਜੀ ਕਿਰਨਾਂ ਦਾ ਜ਼ਹਿਰੀਲਾਪਨ ਚਮੜੀ ਅਤੇ ਕੈਂਸਰ ਦੇ ਰੋਗ ਵਧਾ ਰਿਹਾ ਹੈ । ਰੋਜ਼ਾਨਾ ਵੱਡੀ ਗਿਣਤੀ ਵਿੱਚ ਫੈਲਾਇਆ ਜਾਂਦਾ ਸਿਗਰਟ, ਬੀੜੀਆਂ ਅਤੇ ਮੋਟਰ ਗੱਡੀਆਂ ਦਾ ਜ਼ਹਿਰੀਲਾ ਧੂੰਆਂ ਦਿਲ, ਦਿਮਾਗ਼, ਜਿਗਰ, ਗੁਰਦਿਆਂ ਤੇ ਫੇਫੜਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ।

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਮਾਲਵਾ ਖੇਤਰ ਵਿੱਚ ਪਾਣੀ ਦੇ ਜ਼ਹਿਰੀਲੇਪਣ ਕਾਰਨ ਲੋਕ ਵੱਖ-ਵੱਖ ਕਿਸਮ ਦੇ ਕੈਂਸਰ ਦਾ ਸ਼ਿਕਾਰ ਹੋ ਰਹੇ ਹਨ ਤੇ ਹਜ਼ਾਰਾਂ ਵਿਅਕਤੀ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ ।

ਭਾਰਤੀ ਸੰਵਿਧਾਨ ਅਨੁਸਾਰ ਹਰ ਨਾਗਰਿਕ ਨੂੰ ਸਿਹਤਮੰਦ, ਖੁਸ਼ਹਾਲ ਅਤੇ ਬਿਹਤਰ ਜੀਵਨ ਜਿਊਣ ਲਈ ਕੁਝ ਮੌਲਿਕ ਅਧਿਕਾਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਜਿਊਣ ਦਾ ਅਧਿਕਾਰ ਸਭ ਤੋਂ ਮਹੱਤਵਪੂਰਨ ਹੈ । ਇਸ ਅਧਿਕਾਰ ਤਹਿਤ ਹਰੇਕ ਨਾਗਰਿਕ ਨੂੰ ਸਾਫ਼ ਪਾਣੀ, ਹਵਾ, ਸ਼ੁੱਧ ਖੁਰਾਕ ਅਤੇ ਸਾਫ਼ ਵਾਤਾਵਰਨ ਮੁਹੱਈਆ ਕਰਵਾਉਣਾ ਹਰ ਸਰਕਾਰ ਦਾ ਸੰਵਿਧਾਨਕ ਫ਼ਰਜ਼ ਹੈ, ਪਰ ਸਾਡੀ ਤ੍ਰਾਸਦੀ ਇਹ ਹੈ ਕਿ ਸੱਤਾ ਉੱਤੇ ਕਾਬਜ਼ ਹਾਕਮ ਜਮਾਤਾਂ ਅਤੇ ਉੱਚ ਅਫ਼ਸਰਸ਼ਾਹੀ ਵੱਲੋਂ ਵਾਤਾਵਰਨ ਪ੍ਰਦੂਸ਼ਣ ਲਈ ਬਣੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਕਦੇ ਕੋਈ ਠੋਸ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ । ਕੁਝ ਲੋਕ-ਪੱਖੀ ਸਮਾਜਿਕ ਅਤੇ ਪ੍ਰਗਤੀਸ਼ੀਲ ਸੰਸਥਾਵਾਂ ਵੱਲੋਂ ਹਰ ਵਾਰ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਾਤਾਵਰਨ ਪ੍ਰਦੂਸ਼ਣ ਨੂੰ ਚੋਣ ਮੁੱਦਾ ਬਣਾਉਣ ਦੀਆਂ ਗੰਭੀਰ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ । ਚੋਣਾਂ ਲੜਨ ਵਾਲੀਆਂ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਨੇ ਦੂਸ਼ਿਤ ਵਾਤਾਵਰਨ ਤੇ ਸਿਹਤਮੰਦ ਜੀਵਨ ਦੇ ਮੁੱਦੇ ਨੂੰ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਸ਼ਾਮਲ ਕਰਨਾ ਕਦੇ ਮੁਨਾਸਿਬ ਨਹੀਂ ਸਮਝਿਆ। ਜਿਹੜੀਆਂ ਸਿਆਸੀ ਪਾਰਟੀਆਂ ਨੇ ਪ੍ਰਦੂਸ਼ਣ ਫੈਲਾਉਣ ਵਾਲੇ ਵੱਡੇ-ਵੱਡੇ ਉਦਯੋਗਿਕ ਘਰਾਣਿਆਂ ਅਤੇ ਵਪਾਰੀਆਂ ਤੋਂ ਚੋਣ ਫੰਡ ਲਏ ਹੋਣ, ਉਹ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਖ਼ਿਲਾਫ਼ ਵਾਤਾਵਰਨ ਪ੍ਰਦੂਸ਼ਣ ਰੋਕੂ ਕਾਨੂੰਨ 1974 ਨੂੰ ਲਾਗੂ ਕਰਨ ਵਿੱਚ ਕਿੰਨੀ ਕੁ ਦਿਆਨਤਦਾਰੀ ਵਿਖਾਉਣਗੀਆਂ, ਇਹ ਕਿਸੇ ਤੋਂ ਲੁਕੀ ਹੋਈ ਗੱਲ ਨਹੀਂ ਹੈ । ਆਮ ਲੋਕਾਂ ਨੂੰ ਇਸ ਸੰਬੰਧੀ ਸਿਆਸੀ ਤੌਰ ’ਤੇ ਚੇਤੰਨ ਹੋਣ ਦੀ ਲੋੜ ਹੈ ।

ਮੌਜੂਦਾ ਢਾਂਚੇ ਵਿੱਚ ਦਿਨੋਂ-ਦਿਨ ਵਧ ਰਹੇ ਭ੍ਰਿਸ਼ਟਾਚਾਰ ਅਤੇ ਸਿਆਸੀ ਦਖ਼ਲਅੰਦਾਜ਼ੀ ਕਾਰਨ ਪ੍ਰਦੂਸ਼ਣ ਰੋਕਥਾਮ ਬੋਰਡ ਆਪਣੀ ਬਣਦੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਹੀਂ ਨਿਭਾ ਰਹੇ ਹਨ । ਇਹੀ ਵਜ੍ਹਾ ਹੈ ਕਿ ਅਸੀਂ ਗੰਦਾ ਪਾਣੀ ਅਤੇ ਮਿਲਾਵਟੀ ਦੁੱਧ ਪੀ ਰਹੇ ਹਾਂ, ਜ਼ਹਿਰੀਲੀ ਖੁਰਾਕ ਖਾ ਰਹੇ ਹਾਂ ਅਤੇ ਗੰਧਲੀ ਹਵਾ ਫੇਫੜਿਆਂ ਅੰਦਰ ਲਿਜਾ ਰਹੇ ਹਾਂ । ਸੂਬਾ ਸਰਕਾਰ ਅਤੇ ਵਿਰੋਧੀ ਸਿਆਸੀ ਪਾਰਟੀਆਂ ਨੂੰ ਇਹ ਹਕੀਕਤ ਸਮਝ



ਲੈਣੀ ਚਾਹੀਦੀ ਹੈ ਕਿ ਸਿਰਫ਼ ਕੈਂਸਰ ਹਸਪਤਾਲ ਖੋਲ੍ਹਣ ਜਾਂ ਕੈਂਸਰ ਪੀੜਿਤਾਂ ਨੂੰ ਮੁਆਵਜ਼ਾ ਦੇਣ ਨਾਲ ਇਸ ਗੰਭੀਰ ਸਮੱਸਿਆ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ । ਹਵਾ, ਪਾਣੀ, ਖੁਰਾਕ, ਮਿੱਟੀ ਅਤੇ ਵਾਤਾਵਰਨ ਪ੍ਰਦੂਸ਼ਣ ਫੈਲਾਉਣ ਲਈ ਜ਼ਿੰਮੇਵਾਰ ਸੋਮਿਆਂ ਤੇ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਰੋਕਥਾਮ ਲਈ ਤੁਰੰਤ ਠੋਸ ਕਦਮ ਚੁੱਕਣੇ ਚਾਹੀਦੇ ਹਨ ।

ਪੰਜਾਬ ਸਰਕਾਰ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦਾ ਫ਼ਰਜ਼ ਬਣਦਾ ਹੈ ਕਿ ਹਰ ਤਰ੍ਹਾਂ ਦੇ ਸਿਆਸੀ ਤੇ ਕਾਰਪੋਰੇਟ ਜਗਤ ਦੇ ਦਬਾਅ ਤੋਂ ਮੁਕਤ ਹੋ ਕੇ ਵਾਤਾਵਰਨ ਪ੍ਰਦੂਸ਼ਣ ਰੋਕਥਾਮ ਕਾਨੂੰਨ 1974 ਨੂੰ ਪੂਰੀ ਇਮਾਨਦਾਰੀ ਤੇ ਸਖ਼ਤੀ ਨਾਲ ਲਾਗੂ ਕਰਵਾਇਆ ਜਾਵੇ । ਪ੍ਰਦੂਸ਼ਣ ਫੈਲਾਉਣ ਵਾਲੀਆਂ ਉਦਯੋਗਿਕ ਇਕਾਈਆਂ, ਕਾਰਖ਼ਾਨਿਆਂ ਅਤੇ ਹਸਪਤਾਲਾਂ ਨੂੰ ਕਾਨੂੰਨ ਦੀ ਉਲੰਘਣਾ ਕਰਨ ’ਤੇ ਭਾਰੀ ਜੁਰਮਾਨੇ ਕੀਤੇ ਜਾਣ, ਬਿਜਲੀ ਦੇ ਕੁਨੈਕਸ਼ਨ ਕੱਟੇ ਜਾਣ ਅਤੇ ਸੰਬੰਧਿਤ ਫੈਕਟਰੀਆਂ ਸੀਲ ਕੀਤੀਆਂ ਜਾਣ । ਭੋਜਨ ਪਦਾਰਥਾਂ ਵਿੱਚ ਮਿਲਾਵਟਖੋਰੀ ਕਰਨ ਵਾਲੀਆਂ ਫੈਕਟਰੀਆਂ ਖ਼ਿਲਾਫ਼ ਇਸੇ ਤਰਜ਼ ’ਤੇ ਸਖ਼ਤ ਕਾਨੂੰਨੀ ਕਾਰਵਾਈ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ, ਤਾਂ ਕਿ ਜਨਤਾ ਨੂੰ ਸ਼ੁੱਧ ਖੁਰਾਕ, ਸਾਫ਼ ਪਾਣੀ ਤੇ ਹਵਾ ਮੁਹੱਈਆ ਹੋ ਸਕਣ । ਜਲ ਘਰਾਂ ਵਿੱਚ ਪਾਣੀ ਨੂੰ ਕੀਟਾਣੂ-ਰਹਿਤ ਕਰਨ ਲਈ ਉੱਚ ਤਕਨੀਕ ਦੇ ਆਧੁਨਿਕ ਉਪਕਰਨ ਲਾਏ ਜਾਣ । ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਠੋਸ ਯੋਜਨਾਬੰਦੀ ਕੀਤੀ ਜਾਵੇ ਅਤੇ ਕੀਟਨਾਸ਼ਕਾਂ ਤੇ ਰਸਾਇਣਾਂ ਦੀ ਵਰਤੋਂ ’ਤੇ ਪਾਬੰਦੀ ਲਗਾਈ ਜਾਵੇ । ਵਿਕਾਸ ਦੇ ਨਾਂ ਹੇਠ ਰੁੱਖਾਂ ਦੀ ਹੋ ਰਹੀ ਅੰਨ੍ਹੇਵਾਹ ਕਟਾਈ ਉੱਤੇ ਤੁਰੰਤ ਰੋਕ ਲਾਈ ਜਾਵੇ ਅਤੇ ਵੱਧ ਤੋਂ ਵੱਧ ਪੌਦੇ ਲਗਾਏ ਜਾਣ । ਕੂੜਾ-ਕਰਕਟ ਦੀ ਨਿਕਾਸੀ ਅਤੇ ਸੀਵਰੇਜ ਦੀ ਸਫ਼ਾਈ ਲਈ ਵਿਕਸਿਤ ਤਕਨੀਕੀ ਉਪਕਰਨ ਇਸਤੇਮਾਲ ਕੀਤੇ ਜਾਣ । ਇਸ ਦੇ ਨਾਲ ਹੀ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਾ ਨਿਭਾਉਣ ਵਾਲੇ ਅਧਿਕਾਰੀਆਂ ਦੀ ਜਵਾਬਤਲਬੀ ਕੀਤੀ ਜਾਵੇ ।

ਸੰਪਰਕ: 97792-30173

—0—

# ਵਾਤਾਵਰਣ ਨਾਲ ਜੁੜੇ ਮੁੱਦੇ ਬਨਾਮ ਚੋਣਾਂ

## ਪਰਮਜੀਤ ਸਿੰਘ ਢੀਂਗਰਾ

ਮਨੁੱਖ ਆਲੇ-ਦੁਆਲੇ ਵਿੱਚ ਜਿਊਂਦਾ, ਸਾਹ ਲੈਂਦਾ ਅਤੇ ਵਿਕਾਸ ਕਰਦਾ ਹੈ; ਪਰ ਆਲਾ-ਦੁਆਲਾ ਦੂਸ਼ਿਤ ਹੀ ਨਹੀਂ ਪ੍ਰਦੂਸ਼ਿਤ ਹੋ ਜਾਵੇ, ਪਾਣੀ ਪਲੀਤ ਹੋ ਜਾਣ ਤਾਂ ਮਨੁੱਖ ਦਾ ਜਿਊਣਾ ਦੁਭਰ ਹੋ ਜਾਂਦਾ ਹੈ। ਉਹ ਸਾਹ ਦੇ ਨਾਲ-ਨਾਲ ਗੈਸਾਂ ਦਾ ਵਿਸ਼ਪਾਨ ਕਰਦਾ ਹੈ। ਅੱਜਕੱਲ੍ਹ ਸਾਡਾ ਸਮੁੱਚਾ ਵਾਤਾਵਰਣ ਜ਼ਹਿਰੀਲੀ ਫ਼ਿਜ਼ਾ ਅਤੇ ਅਣਮਨੁੱਖੀ ਅੱਤਿਆਚਾਰ ਨਾਲ ਭਰਿਆ ਪਿਆ ਹੈ। ਹੁਣ ਜਦੋਂ ਸੋਲਵੀਆਂ ਲੋਕ ਸਭਾ ਚੋਣਾਂ ਹੋ ਰਹੀਆਂ ਹਨ ਤਾਂ ਵਾਤਾਵਰਣ ਦੀ ਸੰਭਾਲ ਦਾ ਮੁੱਦਾ ਸਿਖਰਲੇ ਮੁੱਦਿਆਂ ਵਿੱਚ ਹੋਣਾ ਚਾਹੀਦਾ ਸੀ, ਪਰ ਕਿਸੇ ਹਾਕਮ ਜਾਂ ਪਾਰਟੀ ਨੇ ਇਸ ਮੁੱਦੇ ’ਤੇ ਵਿਚਾਰ ਕਰਨੀ ਜਾਂ ਜਿੱਤਣ ਤੋਂ ਬਾਅਦ ਇਸ ਦੇ ਬਾਰੇ ਨੀਤੀ ਬਣਾਉਣ ਜਾਂ ਕੋਈ ਹੀਲਾ-ਵਸੀਲਾ ਕਰਨ ਤੋਂ ਨਾਂਹ ਪੱਖੀ ਰਵੱਈਆ ਹੀ ਅਪਣਾਇਆ ਹੋਇਆ ਹੈ। ਮੁੱਖ ਧੁਰਾ ਸਿਰਫ਼ ਇਕ-ਦੂਜੇ ’ਤੇ ਨਿੱਜੀ ਦੂਸ਼ਣਬਾਜ਼ੀ ਕਰਕੇ, ਭਾਸ਼ਾਈ ਪ੍ਰਦੂਸ਼ਣ ਫੈਲਾ ਰਹੀਆਂ ਹਨ। ਪੂਰਾ ਮੀਡੀਆ ਇਸ ਭਾਸ਼ਾਈ ਪ੍ਰਦੂਸ਼ਣ ਦੇ ਗੰਧਲੇਪਣ ਨਾਲ ਭਰਿਆ ਨਜ਼ਰ ਆਉਂਦਾ ਹੈ।

ਹਜ਼ਾਰਾਂ ਵਰ੍ਹੇ ਪਹਿਲਾਂ ਮਨੁੱਖ ਨੇ ਕੁਦਰਤ ਦੀ ਗੋਦ ਵਿੱਚ ਰਹਿੰਦਿਆਂ ਉਸਦੇ ਓਟ ਆਸਰੇ ਵਿੱਚ ਆਪਣੇ-ਆਪ ਨੂੰ ਜਿਊਂਦੇ ਰੱਖਣ ਦਾ ਗੁਰ ਸਿੱਖ ਲਿਆ ਸੀ। ਆਦਿ-ਕਾਲ ਤੋਂ ਕੁਦਰਤ ਮਨੁੱਖ ਦੀ ਹਮਦਰਦ ਤੇ ਰਖਵਾਲੀ ਰਹੀ ਹੈ, ਪਰ ਬੰਦੇ ਨੇ ਕੁਦਰਤ ਦੀ ਨੇਕੀ ਭੁਲਾ ਕੇ ਉਸ ਨਾਲ ਅਜਿਹੀ ਛੇੜਛਾੜ ਸ਼ੁਰੂ ਕਰ ਦਿੱਤੀ ਕਿ ਕੁਦਰਤ ਹੁਣ ਮਨੁੱਖ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ’ਤੇ ਤੁਲੀ ਨਜ਼ਰ ਆਉਂਦੀ ਹੈ। ਵਿਗਿਆਨਕ ਕਾਢਾਂ ਨੇ ਮਨੁੱਖ ਨੂੰ ਸਵਾਰਿਆ ਹੈ, ਪਰ ਮਨੁੱਖ ਦੁਆਰਾ ਵਿਗਿਆਨ ਦੀ ਦੁਰਵਰਤੋਂ ਨੇ ਕੁਦਰਤ ਨੂੰ ਕਰੂਪ ਕਰ ਦਿੱਤਾ ਹੈ। ਕੁਦਰਤ ਦਾ ਅਸੂਲ ਹੈ ਕਿ ਜੇ ਤੁਸੀਂ ਉਸ ਦੇ ਨੇਮਾਂ ਨੂੰ ਭੰਗ ਕਰੋਗੇ ਤਾਂ ਉਹ ਤੁਹਾਡੇ ਲਈ ਵਿਨਾਸ਼ਕਾਰੀ ਸਾਬਤ ਹੋਵੇਗੀ। ਕੁਦਰਤ ਦੇ ਵਿਕਰਾਲ ਰੂਪ ਸਾਹਮਣੇ ਬੰਦੇ ਦੀ ਹੋਂਦ-ਹਸਤੀ ਅਤੇ ਵਿਗਿਆਨਕ ਸਿਖਰ ਬੌਣੀ ਨਜ਼ਰ ਆਉਂਦੀ ਹੈ।

ਸਿੱਟੇ ਵਜੋਂ ਭੁਚਾਲ, ਹੜ੍ਹ, ਸੁਨਾਮੀ, ਬੇਮੌਸਮ ਮੀਂਹ, ਗਲੇਸ਼ੀਅਰਾਂ ਦਾ ਪਿਘਲਣਾ, ਜਵਾਲਾ ਮੁਖੀਆਂ ਦਾ ਫਟਣਾ, ਜੰਗਲਾਂ ਦੀ ਤਬਾਹੀ, ਭੋਂ-ਖੋਰ, ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਪਰਜਾਤੀਆਂ ਦਾ ਖ਼ਾਤਮਾ, ਪਾਣੀਆਂ ਦਾ ਖਾਰੇ ਹੋ ਜਾਣਾ, ਓਜ਼ੋਨ ਦੀ ਪਰਤ ਦਾ ਛਿੱਜ ਜਾਣਾ, ਗਰੀਨ ਹਾਊਸ ਗੈਸਾਂ ਦਾ ਵਾਧਾ, ਰੇਡੀਏਸ਼ਨ ਦਾ ਵਧਣਾ, ਰੁੱਤਾਂ, ਮੌਸਮਾਂ ਦੇ ਮਿਜ਼ਾਜ ਬਦਲਣੇ, ਆਲਮੀ ਤਪਸ਼ ਸਾਰੀਆਂ ਨਿਸ਼ਾਨੀਆਂ ਬਰਬਾਦੀ ਨੂੰ ਸੱਦਾ ਦੇਣ ਵਾਲੀਆਂ



ਹਨ। ਪਿਛਲੀਆਂ ਦੋ ਤਿੰਨ ਸਦੀਆਂ ਵਿੱਚ ਹੋਈ ਵਿਗਿਆਨਕ ਤਰੱਕੀ ਤੋਂ ਮਨੁੱਖ ਨੇ ਕੁਦਰਤ ਨੂੰ ਇੰਵ ਫਰੋਲਿਆ ਹੈ ਕਿ ਉਸ ਦੇ ਸਰੋਤਾਂ ਨੂੰ ਮਾਰ ਮੁਕਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਸੇ ਕਰਕੇ ਹਰ ਮੋੜ ’ਤੇ ਕੁਦਰਤ ਮਨੁੱਖ ਦਾ ਸਾਥ ਛੱਡ ਕੇ ਵਿਕਰਾਲ ਰੂਪੀ ਚਿਤਾਵਨੀਆਂ ਦੇ ਰਹੀ ਹੈ।

ਜੇ ਪਹਿਲਾਂ ਉੱਤਰਾਖੰਡ ਦੀ ਗੱਲ ਕਰੀਏ ਤਾਂ ਕੇਦਾਰਨਾਥ ਵਿੱਚ ਵਾਪਰੇ ਕੁਦਰਤੀ ਕਹਿਰ ਨੇ ਭਾਰਤ ਨੂੰ ਹੀ ਨਹੀਂ ਸਗੋਂ ਦੁਨੀਆਂ ਭਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਬੇਤਹਾਸ਼ਾ ਪਹਾੜਾਂ ਨੂੰ ਚੀਰ ਕੇ ਬਣਾਈਆਂ ਜਾ ਰਹੀਆਂ ਸੜਕਾਂ, ਲਗਾਤਾਰ ਦੌੜ ਰਹੇ ਵਾਹਨਾਂ ਦੇ ਭਾਰ ਅਤੇ ਬਿਨਾਂ ਰੋਕ-ਟੋਕ ਲੋਕਾਂ ਦੇ ਸੰਵੇਦਨਸ਼ੀਲ ਥਾਵਾਂ ’ਤੇ ਭਾਰੀ ਇਕੱਠਾਂ ਨੇ ਇਸ ਇਲਾਕੇ ਨੂੰ ਬਰਬਾਦੀ ਵੱਲ ਧੱਕਿਆ ਹੈ। ਸੜਕਾਂ ਬਣਾਉਣ ਲਈ ਚੀਰੇ ਗਏ ਪਹਾੜਾਂ ਦਾ ਮਲਬਾ ਵੱਡੀ ਮੁਸੀਬਤ ਬਣਿਆ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪ੍ਰਤੀ ਕਿਲੋਮੀਟਰ ਖੁਦਾਈ ਕਰਨ ਨਾਲ ਨਿਕਲਿਆ ਮਲਬਾ ਔਸਤ 40,000 ਤੋਂ ਲੈ ਕੇ 80,000 ਕਿਊਬਿਕ ਮੀਟਰ ਹੁੰਦਾ ਹੈ। ਹਿਮਾਲੀਆ ਦੇ ਖੇਤਰ ਵਿਚ 2,10,000 ਕਿਲੋਮੀਟਰ ਲੰਮੀਆਂ ਸੜਕਾਂ ਬਣਾਉਣ ਵੇਲੇ ਕਿੰਨਾ ਮਲਬਾ ਇਕੱਠਾ ਹੋਇਆ ਹੋਵੇਗਾ, ਇਸ ਦਾ ਅਨੁਮਾਨ 1260 ਕਰੋੜ ਕਿਊਬਿਕ ਮੀਟਰ ਬਣਦਾ ਹੈ। ਇਸ ਤੋਂ ਇਲਾਵਾ ਹਰ ਵਰ੍ਹੇ ਪਹਾੜਾਂ ਦੇ ਖੁਰਨ ਨਾਲ 550 ਕਿਊਬਿਕ ਮੀਟਰ ਮਲਬਾ ਬਣਦਾ ਹੈ। ਇਸ ਮਲਬੇ ਦੀ ਖਪਾਈ ਕਰਨੀ ਬੜੀ ਮੁਸ਼ਕਿਲ ਹੈ। ਇਸ ਨੇ ਕੁਦਰਤੀ ਜਲ ਸਰੋਤਾਂ ਦੇ ਸਾਹ ਰੋਕੇ ਹਨ ਜਾਂ ਫਿਰ ਖੱਡਾਂ ਵਿੱਚ ਜਿੱਥੋਂ ਪਾਣੀ ਦੇ ਵਹਿਣ ਬਣਦੇ ਹਨ ਉਨ੍ਹਾਂ ਵਿੱਚ ਰੁਕਾਵਟ ਪਾਈ ਹੈ।

ਜਲ ਸਰੋਤਾਂ ਵਿੱਚ ਮਲਬੇ ਦੀ ਰੁਕਾਵਟ ਨੇ ਜਿਹੜਾ ਕਹਿਰ ਢਾਇਆ ਹੈ ਉਸਦਾ ਅੰਦਾਜ਼ਾ ਲਾਉਣਾ ਕਠਨ ਹੈ। ਇਸੇ ਕਰਕੇ ਜਦੋਂ ਕੇਦਾਰਨਾਥ ਦੇ ਉੱਪਰਲੇ ਹਿੱਸੇ ਵਿੱਚ ਬੱਦਲ ਫਟਿਆ ਤਾਂ ਪਾਣੀ ਦੇ ਰੋੜ੍ਹ ਨੂੰ ਰਾਹ ਨਾ ਮਿਲਣ ਕਰਕੇ ਉਹ ਹਿਮਾਲਿਆਈ ਸੁਨਾਮੀ ਦਾ ਰੂਪ ਧਾਰ ਗਿਆ, ਜਿਸਦੇ ਸਿੱਟੇ ਵਜੋਂ ਵਾਪਰੀ ਤਰਾਸਦੀ ਨੇ ਕੁਝ ਮਿੰਟਾਂ ਵਿੱਚ ਬਹੁਤ ਕੁਝ ਤਬਾਹ ਕਰ ਦਿੱਤਾ। ਇਸ ਵਿੱਚ ਕਿੰਨੀਆਂ ਕੀਮਤੀ ਜਾਨਾਂ ਗਈਆਂ ਇਨ੍ਹਾਂ ਦੀ ਕੋਈ ਗਿਣਤੀ ਨਹੀਂ ਹੋ ਸਕੀ। ਦੇਸ਼ ਦਾ ਕਿੰਨਾ ਸਰਮਾਇਆ ਬਰਬਾਦ ਹੋਇਆ ਇਸਦਾ ਅੰਦਾਜ਼ਾ ਤਕ ਨਹੀਂ ਲੱਗ ਸਕਿਆ।

ਭਾਵੀ ਪ੍ਰਧਾਨ-ਮੰਤਰੀ ਦੇ ਰੂਪ ਵਿੱਚ ਪਰੋਸੇ ਜਾ ਰਹੇ ਪ੍ਰਧਾਨ-ਮੰਤਰੀ ਦੀ ਦੇਹਰਾਦੂਨ ਵਿੱਚ ਸ਼ੰਖਨਾਦ ਰੈਲੀ ਸਮੇਂ, ਭਾਵੇਂ ਉਨ੍ਹਾਂ ਨੇ ਉੱਤਰਾਖੰਡ ਤਰਾਸਦੀ ਲਈ ਉੱਥੋਂ ਦੀ ਕਾਂਗਰਸ ਸਰਕਾਰ ਨੂੰ ਭੰਡਿਆ ਪਰ ਜਿਸ ਅੰਦਾਜ਼ ਵਿੱਚ ਉੱਤਰਾਖੰਡ ਵਿੱਚ ਕਾਰਪੋਰੇਟਾਂ ਦੀ ਸਰਦਾਰੀ ਹੇਠ ਉੱਸਰ ਰਹੇ ਡੈਮਾਂ

ਦਾ ਸਮਰਥਨ ਕੀਤਾ,ਉਹ ਭਵਿੱਖ ਦੇ ਵਿਨਾਸ਼ ਦੀ ਇਕ ਖ਼ਤਰਨਾਕ ਤਸਵੀਰ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਜਿਹੜੇ ਆਵਾਸੀ ਇਨ੍ਹਾਂ ਡੈਮਾਂ ਦੀਆਂ ਯੋਜਨਾਵਾਂ ਕਾਰਨ ਆਪਣੀਆਂ ਜੜ੍ਹਾਂ, ਸੰਸਕ੍ਰਿਤੀ ਅਤੇ ਮਿੱਟੀ ਤੋਂ ਵਿਛੁੰਨੇ ਹੋ ਗਏ ਹਨ, ਉਨ੍ਹਾਂ ਦੇ ਦੁੱਖਾਂ ਨੂੰ ਕਾਰਪੋਰੇਟ ਜਗਤ ਨਹੀਂ ਸਮਝ ਸਕਦਾ। ਭਾਜਪਾ ਨੇਤਾ ਤਾਂ ਇਹ ਦਾਅਵੇ ਵੀ ਕਰ ਰਹੇ ਸਨ ਕਿ ਦੇਸ਼ ਵਿੱਚ ਨਰਿੰਦਰ ਮੋਦੀ ਦੀ ਸਰਕਾਰ ਬਣ ਗਈ ਤਾਂ ਉੱਤਰਾਖੰਡ ਵਿੱਚ ਡੈਮਾਂ ਦਾ ਹੜ੍ਹ ਆ ਜਾਵੇਗਾ ਤੇ ਨਤੀਜਾ ਭਿਆਨਕ ਤਬਾਹੀ ਦੇ ਰੂਪ ਵਿੱਚ ਨਿਕਲੇਗਾ।

ਇਸ ਵੇਲੇ ਸਾਰੇ ਪਹਾੜੀ ਰਾਜਾਂ ਦੀ ਹਾਲਤ ਅਜਿਹੀ ਹੈ ਕਿ ਧੜਾਧੜ ਜੰਗਲ ਸਾਫ਼ ਕੀਤੇ ਜਾ ਰਹੇ ਹਨ, ਪਹਾੜ ਚੀਰੇ ਜਾ ਰਹੇ ਹਨ, ਕੁਦਰਤੀ ਸਰੋਤਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਕੁਦਰਤ ਦੇ ਅਨਮੋਲ ਭੰਡਾਰਾਂ ਦੀ ਕਾਰਪੋਰੇਟ ਜਗਤ ਵੱਲੋਂ ਲੁੱਟ ਕਰਨ ਲਈ ਸਾਰੇ ਰਾਹ-ਰਸਤੇ ਖੋਲ੍ਹੇ ਜਾ ਰਹੇ ਹਨ। ਇਨ੍ਹਾਂ ਲਈ ਕਾਨੂੰਨ ਜਾਂ ਨੀਤੀਗਤ ਪਹਿਲ ਕਦਮੀਆਂ ਤੋਂ ਮੂੰਹ ਮੋੜਿਆ ਜਾ ਰਿਹਾ ਹੈ। ਹਿਮਾਚਲ ਵਿੱਚ ਪੈਕੇਜ ਦੇ ਕੇ ਜਿਵੇਂ ਕਾਰਖ਼ਾਨੇ ਖੋਲ੍ਹੇ ਜਾ ਰਹੇ ਹਨ, ਇਨ੍ਹਾਂ ਨੇ ਕੁਦਰਤ ਦੇ ਮੂੰਹ ਮੱਥੇ ਨੂੰ ਧੂਆਂਖ ਦਿੱਤਾ ਹੈ। ਪਹਾੜੀ ਵਸਨੀਕਾਂ ਦਾ ਮੱਤ ਹੈ ਕਿ ਵਿਕਾਸ ਦੇ ਨਾਂ 'ਤੇ ਜਿਹੜੀਆਂ ਯੋਜਨਾਵਾਂ ਪਹਾੜਾਂ 'ਤੇ ਲੱਦੀਆਂ ਜਾ ਰਹੀਆਂ ਹਨ, ਉਹ ਇਸ ਵਿਨਾਸ਼ ਲੀਲ੍ਹਾ ਲਈ ਜ਼ਿੰਮੇਵਾਰ ਹਨ। ਇਸ ਤਰਾਸਦਨ ਸਥਿਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉੱਤਰਾਖੰਡ ਦੀ 17 ਫ਼ੀ ਸਦੀ ਵੱਸੋਂ 2500 ਘਰ, 1500 ਸੜਕਾਂ ਤੇ ਸੈਂਕੜੇ ਹੋਟਲ, ਮੰਦਰ ਤੇ ਹੋਰ ਇਮਾਰਤਾਂ ਅੱਖ ਦੇ ਫੋਰ ਵਿੱਚ ਮਲਬੇ ਦਾ ਢੇਰ ਬਣ ਗਈਆਂ। ਸੜਕਾਂ 'ਤੇ ਬਣੇ 154 ਪੁਲ ਦੇਖਦੇ-ਦੇਖਦੇ ਪਾਣੀ 'ਚ ਰੁੜ੍ਹ ਗਏ। ਪਰ ਅੱਜ ਚੋਣਾਂ ਵਿੱਚ ਕੋਈ ਵੀ ਵਾਤਾਵਰਣ ਦੇ ਮੁੱਦਿਆਂ ਦੀ ਗੱਲ ਨੂੰ ਤਰਜੀਹ ਨਹੀਂ ਦੇ ਰਿਹਾ। ਅਜਿਹੇ ਹਾਲਾਤ ਵਿੱਚ ਵੋਟਰਾਂ ਦਾ ਹੱਕ ਹੈ ਕਿ ਉਹ ਹਾਕਮਾਂ ਕੋਲੋਂ ਇਨ੍ਹਾਂ ਤਬਾਹੀਆਂ ਬਾਰੇ ਜਵਾਬ ਮੰਗਣ।

ਜੇ ਪੰਜਾਬ ਦੇ ਵਾਤਾਵਰਣ ਦੀ ਗੱਲ ਕਰੀਏ ਤਾਂ ਇੱਥੇ ਮੁੱਦੇ ਵੱਖਰੇ ਹਨ। ਅੱਜ ਪੰਜਾਬ ਦੀ ਮਾਲਵਾ ਪੱਟੀ ਕੈਂਸਰ ਪੀੜਿਤ ਹੈ, ਪਰ ਇਸ ਬਾਰੇ ਨਾ ਤਾਂ ਸਰਕਾਰ ਕੋਲ ਕੋਈ ਨੀਤੀ ਹੈ ਨਾ ਇਲਾਜ। ਜਿਹੜੀ ਕੈਂਸਰ ਟਰੇਨ ਬਠਿੰਡੇ ਤੋਂ ਬੀਕਾਨੇਰ ਵੱਲ ਜਾਂਦੀ ਹੈ, ਕੋਈ ਕੋਈ ਕਿਸਮਤ ਵਾਲਾ ਬਚ ਕੇ ਆ ਜਾਂਦਾ ਹੈ ਨਹੀਂ ਤਾਂ ਪਿੰਡਾਂ 'ਚ ਹਰ ਘਰ 'ਚ ਕੈਂਸਰ ਦੇ ਮਰੀਜ਼ ਹਨ ਜੋ ਵਾਤਾਵਰਣ ਦੀ ਮਾਰ ਨਾਲ ਝੰਬੇ ਹੋਏ ਹਨ। ਪਾਣੀ ਵਿੱਚ ਯੂਰੇਨੀਅਮ ਦੀ ਵੱਧ ਮਾਤਰਾ ਨਾਲ ਬੱਚੇ ਅਪੰਗ ਹੋ ਰਹੇ ਹਨ, ਪਰ ਇਸਦਾ ਕਿਸੇ ਨੂੰ ਫ਼ਿਕਰ ਨਹੀਂ। ਅੱਜਕੱਲ੍ਹ ਮਾਲਵੇ ਦੀਆਂ ਨਹਿਰਾਂ ਕੱਸੀਆਂ ਵਿੱਚ ਕਾਲੇ ਰੰਗ ਦਾ ਗਾੜ੍ਹਾ ਤਰਲ ਪਦਾਰਥ ਪਾਣੀ ਦੇ ਰੂਪ ਵਿੱਚ ਵਹਿ ਰਿਹਾ ਹੈ। ਇਸੇ ਪਾਣੀ ਨੂੰ ਥੋੜ੍ਹਾ



ਬਹੁਤ ਸੋਧ ਕੇ ਪੀਣ ਲਈ ਦਿੱਤਾ ਜਾ ਰਿਹਾ ਹੈ। ਫ਼ਸਲਾਂ ਵਿੱਚ ਵਰਤੇ ਜਾ ਰਹੇ ਕੀਟਨਾਸ਼ਕਾਂ ਬਾਰੇ ਕੋਈ ਦਿਸ਼ਾ ਨਿਰਦੇਸ਼ ਨਹੀਂ। ਬਹੁਕੌਮੀ ਕੰਪਨੀਆਂ ਦੇ ਕੀਟਨਾਸ਼ਕ ਬਰਾਂਡ ਬਿਨਾਂ ਕਿਸੇ ਮਨਜ਼ੂਰੀ ਤੋਂ ਮੰਡੀਆਂ ਵਿੱਚ ਵਿਕ ਰਹੇ ਹਨ। ਖੇਤਾਂ ਵਿੱਚ 15 ਲੱਖ ਤੋਂ ਵਧੇਰੇ ਪੰਪ ਧਰਤੀ ਦੀ ਹਿੱਕ ਪਾੜ ਕੇ ਅੰਨ੍ਹੇਵਾਹ ਪਾਣੀ ਕੱਢ ਰਹੇ ਹਨ। ਇਸ ਨਾਲ ਧਰਤੀ ਹੇਠ ਬਣ ਰਿਹਾ ਖਲਾਅ ਭੂਚਾਲਾਂ ਦੀ ਆਫ਼ਤ ਨੂੰ ਸੱਦਾ ਦੇ ਰਿਹਾ ਹੈ। ਪਾਣੀ ਨੂੰ ਰੀਚਾਰਜ ਕਰਨ ਲਈ ਕੋਈ ਨੀਤੀ ਨਹੀਂ। ਵੱਡੀ ਅਬਾਦੀ ਦੂਸ਼ਿਤ ਪਾਣੀ ਨਾਲ ਦੰਦਾਂ, ਹੱਡੀਆਂ ਅਤੇ ਐਲਰਜੀ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਈ ਹੈ। ਪੰਜਾਬ ਵਿੱਚ ਜੰਗਲਾਂ ਦਾ ਰਕਬਾ 23 ਫ਼ੀ ਸਦੀ ਚਾਹੀਦਾ ਹੈ ਜੋ ਘਟ ਕੇ 12 ਤੋਂ 14 ਫ਼ੀ ਸਦੀ ਤਕ ਰਹਿ ਗਿਆ ਹੈ। ਹਰ ਸਾਲ ਝੋਨੇ ਦੀ ਪਰਾਲੀ ਨੂੰ ਸਾੜ ਕੇ ਸਾਰੇ ਪੰਜਾਬ ਨੂੰ ਧੁੰਦ ਤੇ ਧੂੰਏਂ ਵਿੱਚ ਗਲੇਫ ਦਿੱਤਾ ਜਾਂਦਾ ਹੈ; ਪਰ ਇਸਦੀ ਰੋਕਥਾਮ ਲਈ ਕੋਈ ਨੀਤੀ ਨਹੀਂ। ਪੰਜਾਬ ਦੇ ਦਰਿਆਵਾਂ, ਨਹਿਰਾਂ ਵਿੱਚ ਉਦਯੋਗਾਂ ਦਾ ਗੰਦਾ ਪਾਣੀ ਛੱਡਿਆ ਜਾ ਰਿਹਾ ਹੈ। ਇਸ ਬਾਰੇ ਸਰਕਾਰ ਚੁੱਪ ਹੈ। ਸਾਰੇ ਸ਼ਹਿਰਾਂ ਵਿੱਚ ਕੂੜੇ ਅਤੇ ਸੀਵਰੇਜ ਦੀ ਸਮੱਸਿਆ ਨਾਲ ਨਜਿੱਠਣ ਲਈ ਕੋਈ ਪਾਲਿਸੀ ਪ੍ਰੋਗਰਾਮ ਨਹੀਂ। ਮਾਲਵੇ ਦੇ ਕਈ ਖੇਤਰਾਂ ਵਿੱਚ ਕਈ ਸਾਲਾਂ ਤੋਂ ਸੇਮ ਪੱਕਾ ਡੇਰਾ ਜਮਾਈ ਬੈਠੀ ਹੈ ਤੇ ਸ਼ਾਇਦ ਅਗਲੀਆਂ ਚੋਣਾਂ ਤਕ ਵੀ ਇਹਦੇ ਜਾਣ ਦੇ ਕੋਈ ਆਸਾਰ ਨਹੀਂ।

ਵਾਤਾਵਰਣ ਦੇ ਇਨ੍ਹਾਂ ਮੁੱਦਿਆਂ ਬਾਰੇ ਪੰਜਾਬ ਦੇ ਹਾਕਮ ਚੁੱਪ ਹਨ। ਉਹ ਤਾਂ ਸਿਰਫ਼ ਮੋਦੀ ਦੇ ਨਾਂ 'ਤੇ ਵੋਟਾਂ ਮੰਗ ਰਹੇ ਹਨ ਤੇ ਬਾਕੀ ਹੋਈਆਂ ਗ਼ਲਤੀਆਂ ਨੂੰ ਭੁੱਲ-ਚੁੱਕ ਮੁਆਫ਼ ਕਰਨ ਲਈ ਵੋਟਰਾਂ ਦੇ ਤਰਲੇ ਲੈ ਰਹੇ ਹਨ। ਵਾਤਾਵਰਣ ਦੇ ਅਜਿਹੇ ਮੁੱਦਿਆਂ 'ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ; ਪਰ ਅਫ਼ਸੋਸ ਕਿ ਅਜਿਹੇ ਮੁੱਦੇ ਚੋਣ ਨਿਸ਼ਾਨੇ 'ਤੇ ਨਹੀਂ ਆਏ। ਹੁਣ ਉੜੀਸਾ ਦਾ ਰੁਖ਼ ਕਰਦੇ ਹਾਂ ਜੋ ਭਾਰਤ ਦਾ ਬੜਾ ਗ਼ਰੀਬ ਸੂਬਾ ਮੰਨਿਆਂ ਜਾਂਦਾ ਹੈ, ਪਰ ਕੁਦਰਤੀ ਤੋਹਫ਼ਿਆਂ ਨਾਲ ਮਾਲਾਮਾਲ ਹੈ। ਇਸ ਸੂਬੇ ਦੇ ਨਿਆਮਗਿਰੀ ਪਹਾੜਾਂ ਵਿੱਚ ਵੱਸੇ ਪਿੰਡਾਂ—ਸੇਰ ਕਾਪੜੀ, ਕੇਸਰਪੜੀ, ਕੁਨਾਨਾਢੂ, ਇਜੂ-ਰੂਪਾ, ਲਾਂਬਾ, ਖਾਮਬੇਸੀ ਅਤੇ ਜਰਪਾ ਸਮੇਤ 112 ਪਿੰਡ ਅਜਿਹੇ ਹਨ ਜਿਨ੍ਹਾਂ ਨੂੰ ਪਛੜਿਆ ਕਹਿਣਾ ਪਛੜੇਪਣ ਦੀ ਤੌਹੀਨ ਹੈ। ਅਜਿਹੇ ਹੋਰ ਸੈਂਕੜੇ ਪਿੰਡ ਹਨ ਜਿੱਥੇ ਵਿਕਾਸ ਦੀ ਕਿਰਨ ਆਜ਼ਾਦੀ ਦੇ 67 ਸਾਲਾਂ ਬਾਅਦ ਵੀ ਨਹੀਂ ਪਹੁੰਚੀ, ਪਰ ਕਾਰਪੋਰੇਟ ਜਗਤ ਅਤੇ ਸਰਕਾਰ ਦੀਆਂ ਉਦਾਰਵਾਦੀ ਨੀਤੀਆਂ ਨੇ ਵਿਨਾਸ਼ ਦੇ ਰਾਹ ਜ਼ਰੂਰ ਖੋਲ੍ਹੇ ਹਨ। ਪਛੜੇਪਣ ਨੂੰ ਦੇਖ ਕੇ ਆਦਿਵਾਸੀ ਪੁੱਛਦੇ ਹਨ ਕਿ ਕੀ ਅਸੀਂ ਵੀ ਇੱਕੀਵੀਂ ਸਦੀ ਵਿੱਚ ਜਿਊ ਰਹੇ ਹਾਂ?

ਉਨ੍ਹਾਂ ਦੇ ਘਰ, ਪਹਿਰਾਵਾ, ਭੋਜਨ ਨੂੰ ਦੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਨਿਆਮ ਦੇਵਤੇ ਦੀ ਛਤਰ-ਛਾਇਆ ਵਿੱਚ ਜੀਅ

ਰਹੇ ਹਨ। ਇਨ੍ਹਾਂ ਕੋਲ ਜੰਗਲ, ਜਲ ਅਤੇ ਜ਼ਮੀਨ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਠੇਲ੍ਹ ਰਹੀ ਹੈ। ਕਦੀ ਕੋਈ ਅਫ਼ਸਰ ਜਾਂ ਕਰਮਚਾਰੀ ਪਹਿਲਾਂ ਇਨ੍ਹਾਂ ਪਿੰਡਾਂ ਵਿੱਚ ਨਹੀਂ ਗਿਆ; ਪਰ ਜਦੋਂ ਕਾਰਪੋਰੇਟ ਜਗਤ ਦੀ ਅੱਖ ਇਨ੍ਹਾਂ ਦੇ ਖਣਿਜਾਂ ’ਤੇ ਪਈ ਤਾਂ ਰਾਤੋ-ਰਾਤ ਭ੍ਰਿਸ਼ਟ ਨੇਤਾ, ਅਫ਼ਸਰ ਤੇ ਪਾਲੇ ਹੋਏ ਗੁੰਡੇ ਇਨ੍ਹਾਂ ਇਲਾਕਿਆਂ ਵਿੱਚ ਪ੍ਰਵੇਸ਼ ਕਰ ਗਏ। ਇਹ ਸਭ ਕੁਝ ਵਿਕਾਸ ਦੇ ਨਾਂ ’ਤੇ ਹੋ ਰਿਹਾ ਹੈ।

ਉੜੀਸਾ ਦੇ ਰਾਏਗੜ੍ਹ ਅਤੇ ਕਾਲਾ ਹਾਂਡੀ ਜ਼ਿਲ੍ਹੇ ਵਿੱਚ ਹਜ਼ਾਰਾਂ ਵਰ੍ਹਿਆਂ ਤੋਂ ਵਿਚਰ ਰਹੇ ਆਦਿਵਾਸੀਆਂ ਨੂੰ ਖਦੇੜ ਦਿੱਤਾ ਗਿਆ। ਵਿਦੇਸ਼ੀ ਪੂੰਜੀ ਨੇ ਵਿਕਾਸ ਦੇ ਨਾਂ ’ਤੇ ਇੱਥੇ ਪੈਰ ਪਸਾਰਨੇ ਸ਼ੁਰੂ ਕੀਤੇ। ਕਾਰਨ ਇੱਥੋਂ ਦਾ ਬਾਕਸਾਈਟ ਉੱਚ-ਗੁਣਵੱਤਾ ਭਰਪੂਰ ਹੈ। ਇਸ ਨੂੰ ਸੋਧਣ ਲਈ ਘੱਟ ਲਾਗਤ ਆਉਂਦੀ ਹੈ। ਇਸ ਤੋਂ ਐਲੂਮੀਨੀਅਮ ਤਿਆਰ ਹੁੰਦਾ ਹੈ ਜਿਸਦੀ ਦੁਨੀਆਂ ਵਿੱਚ ਬੜੀ ਵੱਡੀ ਮੰਡੀ ਹੈ। ਇਸ ਦੇ ਪਾਸਾਰ ਲਈ ਵੇਦਾਂਤਾ ਰਿਸੋਰਸਜ਼ ਦੀ ਭਾਰਤੀ ਸਹਾਇਕ ਕੰਪਨੀ ਵੇਦਾਂਤ ਐਲੂਮੀਨੀਅਮ ਨੇ ਲਾਂਜੀਗੰਜ ਨਾਂ ਦੇ ਪਿੰਡ ਵਿੱਚ ਇੱਕ ਅਰਬ ਦੀ ਲਾਗਤ ਨਾਲ ਐਲੂਮੀਨੀਅਮ ਦਾ ਸੋਧਕ ਕਾਰਖ਼ਾਨਾ ਲਾਇਆ ਹੈ। ਇਸ ਨਾਲ ਇਲਾਕੇ ਦੇ ਜਲ-ਸਰੋਤ, ਬਨਸਪਤੀਆਂ, ਜੀਵਾਂ ਦੇ ਵਸੇਬੇ, ਸਭ ਕੁਝ ਤਬਾਹ ਹੋ ਗਿਆ ਹੈ। ਆਦਿ ਵਾਸੀ ਉੱਜੜ ਕੇ ਨਿਆਮ ਦੇਵਤੇ ਦੀ ਸ਼ਰਨ ਵਿੱਚ ਚਲੇ ਗਏ ਹਨ। ਅਜਿਹਾ ਹਾਲ ਛਤੀਸ਼ਗੜ੍ਹ ਅਤੇ ਹੋਰ ਆਦਿ ਵਾਸੀ ਇਲਾਕਿਆਂ ਦਾ ਵੀ ਹੈ ਜਿੱਥੇ ਵਿਕਾਸ ਦੇ ਨਾਂ ’ਤੇ ਮਨੁੱਖ ਅਤੇ ਕੁਦਰਤ ਦੀ ਲੁੱਟ ਹੋ ਰਹੀ ਹੈ। ਇਹ ਮੁੱਦੇ ਚੋਣ ਮਨੋਰਥ ਪੱਤਰਾਂ ਅਤੇ ਸਭਾਵਾਂ ਵਿੱਚ ਉੱਠਣੇ ਚਾਹੀਦੇ ਸਨ ਪਰ ਇਹ ਉੱਠਣ ਨਹੀਂ ਦਿੱਤੇ ਜਾ ਰਹੇ ਹਨ। ਸਰਕਾਰ ਦੀਆਂ ਉਦਾਰਵਾਦੀ ਨੀਤੀਆਂ ਅਤੇ ਕਮਜ਼ੋਰ-ਉਦਾਸੀਨ ਕਾਨੂੰਨੀ ਪ੍ਰਕਿਰਿਆਵਾਂ ਨੇ ਵਾਤਾਵਰਣ ਨਾਲ ਜੁੜੇ ਮੁੱਦਿਆਂ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਹੈ। ਜੇ ਅਸੀਂ ਕੁਦਰਤੀ ਤਬਾਹੀ ਵੱਲ ਵਧ ਰਹੇ ਹਾਂ ਤਾਂ ਸੋਚਣ ਦੀ ਲੋੜ ਹੈ। ਚੋਣਾਂ ਮੌਕੇ ਅਜਿਹੇ ਮੁੱਦਿਆਂ ਬਾਰੇ ਸੁਆਲ-ਜੁਆਬ ਹੋਣੇ ਚਾਹੀਦੇ ਹਨ, ਤਾਂ ਜੋ ਮਨੁੱਖ ਦੀ ਬਰਬਾਦੀ ਤੇ ਕੁਦਰਤੀ ਸੋਮਿਆਂ ਦੀ ਲੁੱਟ ਰੋਕੀ ਜਾ ਸਕੇ। ਇਸ ਕਰਕੇ ਵੋਟ ਦੀ ਅਹਿਮੀਅਤ ਵਧ ਗਈ ਹੈ। ਨਿੱਕੇ ਹੁੰਦਿਆਂ ਵੋਟ ਦੇ ਕੀਮਤੀ ਹੋਣ ਬਾਰੇ ਇਕ ਕਵਿਤਾ ਗਾਈ ਜਾਂਦੀ ਸੀ। ਅੱਜ ਵੀ ਇਹ ਸਾਰਥਿਕ ਨਜ਼ਰ ਆਉਂਦੀ ਹੈ:-

ਪਰਚੀ ਬੜੀ ਅਮੋਲ ਮਿੱਤਰਾ ਸੋਚ ਸਮਝ ਕੇ ਪਾਵੀਂ ਤੂੰ
ਵੇਖੀ ਇੱਟ ਚੁਬਾਰੇ ਵਾਲੀ ਚੁੱਕ ਮੋਰੀ ਨਾ ਲਾਵੀਂ ਤੂੰ।

ਸੰਪਰਕ:94173-58120

(ਰੋ: ਪੰ: ਟ੍ਰਿ: 28-04-2014 ’ਚੋਂ ਧੰਨਵਾਦ ਸਹਿਤ !)



# ਗੰਧਲਾ ਵਾਤਾਵਰਣ, ਪਾਣੀ ਤੇ ਫੈਲਦਾ ਪ੍ਰਦੂਸ਼ਣ

**ਦਰਸ਼ਨ ਸਿੰਘ ਰਿਆੜ**

ਵਿਸ਼ਵ ਪੱਧਰ ’ਤੇ ਪਸਰੀ ਆਲਮੀ ਤਪਸ਼ ਨੇ ਮਨੁੱਖ ਨੂੰ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਵਾਸਤੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਦਰਅਸਲ 1992 ਵਿੱਚ ਇਸ ਸੰਬੰਧ ਵਿੱਚ ਰੀਉ.ਡੀ. ਜਨੇਰੀਉ ਵਿਖੇ ਪਹਿਲੀ ਵਿਸ਼ਵ ਕਾਨਫ਼ਰੰਸ ਹੋਈ ਸੀ। ਉਸ ਵਿੱਚ ਵਾਤਾਵਰਣ ਵਿੱਚ ਪਸਰੇ ਗੰਧਲੇਪਣ ਨੇ ਬੁੱਧੀਜੀਵੀਆਂ ਅਤੇ ਵਾਤਾਵਰਣ ਚਿੰਤਕਾਂ ਦੁਆਰਾ ਦਰਸਾਏ ਗਏ ਤੌਖਲਿਆਂ ਤੋਂ ਬਚਾਅ ਲਈ ਵਿਸ਼ਵ ਦੇ ਪ੍ਰਮੁੱਖ ਦੇਸ਼ਾਂ ਨੇ ਗਰੀਨ ਹਾਊਸ ਦੁਆਰਾ ਫੈਲਾਏ ਜਾਂਦੇ ਪ੍ਰਦੂਸ਼ਣ ’ਤੇ ਰੋਕਥਾਮ ਲਾਉਣ ਦਾ ਫ਼ੈਸਲਾ ਕੀਤਾ ਸੀ; ਪ੍ਰੰਤੂ ਮੀਟਿੰਗ ਤੋਂ ਬਾਅਦ ਮਨੁੱਖੀ ਫਿਤਰਤ ਅਨੁਸਾਰ ਸਭ ਕੁਝ ਭੁੱਲ ਭੁਲਾ ਦਿੱਤਾ ਗਿਆ। ਵਿਸ਼ਵ ਦੇ ਪ੍ਰਮੁੱਖ ਦੇਸ਼ ਦੂਜੇ ਅਰਧ ਵਿਕਸਿਤ ਜਾਂ ਵਿਕਾਸ-ਸ਼ੀਲ ਦੇਸ਼ਾਂ ਨੂੰ ਨਸੀਹਤਾਂ ਤਾਂ ਦਿੰਦੇ ਹਨ ਪਰ ਆਪ ਬਿਲਕੁੱਲ ਅਮਲ ਨਹੀਂ ਕਰਦੇ?

ਕੁਦਰਤ ਨੇ ਮਨੁੱਖ ਨੂੰ ਅਮਨ ਅਮਾਨ ਨਾਲ ਜ਼ਿੰਦਗੀ ਬਸਰ ਕਰਨ ਲਈ ਬਹੁਤ ਅਨੁਕੂਲ ਮੌਸਮ ਤੇ ਵਾਤਾਵਰਣ ਬਖ਼ਸ਼ਿਆ ਸੀ; ਪ੍ਰੰਤੂ ਜਿਵੇਂ-ਜਿਵੇਂ ਮਨੁੱਖ ਵਿਕਸਿਤ ਹੋਣਾ ਸ਼ੁਰੂ ਹੋਇਆ ਇਹਦੇ ਮਨ ਵਿੱਚ ਸਵਾਰਥ ਦੀ ਭਾਵਨਾ ਵਧਣ ਲੱਗ ਪਈ ਅਤੇ ਮਨ ਵਿੱਚ ਕੁਦਰਤ ਨੂੰ ਕੰਟਰੋਲ ਵਿੱਚ ਕਰਨ ਦੀ ਲਾਲਸਾ ਪਨਪ ਉੱਠੀ। ਅਬਾਦੀ ਦੇ ਵਾਧੇ ਅਤੇ ਉਦਯੋਗੀਕਰਨ ਨਾਲ ਪਿੰਡਾਂ ਵਿੱਚ ਰਹਿਣ ਦੀ ਥਾਂ ਸ਼ਹਿਰੀਕਰਨ ਦਾ ਰੁਝਾਨ ਵਧ ਗਿਆ। ਪ੍ਰਮਾਣੂ ਹਥਿਆਰਾਂ ਦੀ ਦੌੜ ਅਤੇ ਉਦਯੋਗੀਕਰਨ ਨੇ ਹੈਰਾਨੀਕੁੰਨ ਤਰੱਕੀ ਤਾਂ ਕੀਤੀ ਪਰ ਇਨ੍ਹਾਂ ਦੇ ਪ੍ਰਯੋਗਾਂ ਨੇ ਅਤੇ ਉਦਯੋਗੀਕਰਨ ਦੀ ਰਹਿੰਦ-ਖੂੰਦ ਨੇ ਧਰਤੀ, ਪਾਣੀ ਅਤੇ ਵਾਯੂਮੰਡਲ ਵਿੱਚ ਤਰਥੱਲੀ ਮਚਾ ਦਿੱਤੀ। ਮਨੁੱਖ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕਰਕੇ ਉਹ ਥਾਂ ਜਾਂ ਤਾਂ ਖੇਤੀ ਲਈ ਵਰਤਣੀ ਸ਼ੁਰੂ ਕਰ ਦਿੱਤੀ ਜਾਂ ਫਿਰ ਉੱਥੇ ਵੀ ਇਮਾਰਤਾਂ ਉਸਾਰ ਲਈਆਂ। ਜੰਗਲਾਂ ਦਾ ਜੋ ਰਕਬਾ ਘਟਿਆ ਉਹਦੀ ਮੁੜ ਪੂਰਤੀ ਨਾ ਹੋਣ ਕਾਰਨ ਮੌਸਮ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਬਾਰਸ਼ਾਂ ਘਟ ਗਈਆਂ ਤੇ ਗਰਮੀ ਦੇ ਪ੍ਰਕੋਪ ਨਾਲ ਧਰੁੱਵਾਂ ’ਤੇ ਜੰਮੇ ਹੋਏ ਬਰਫ਼ ਦੇ ਗਲੇਸ਼ੀਅਰ ਪਿਘਲ ਕੇ ਮੈਦਾਨਾਂ ਰਾਹੀਂ ਤਬਾਹੀ ਮਚਾਉਂਦੇ ਹੋਏ ਸਮੁੰਦਰ ’ਚ ਜਾ ਸਮਾਉਣਗੇ। ਨਤੀਜੇ ਵਜੋਂ ਸਮੁੰਦਰਾਂ ਵਿੱਚ ਪਾਣੀ ਦਾ ਪੱਧਰ ਉੱਪਰ ਉੱਠਣ ਨਾਲ ਨੇੜਲੇ

ਇਲਾਕਿਆਂ ਦੇ ਟਾਪੂਆਂ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਜਾਵੇਗਾ। ਧਰਤੀ 'ਤੇ ਵਿਸ਼ਵ ਦੀ ਆਬਾਦੀ ਜੋ ਬੜੀ ਤੇਜ਼ੀ ਨਾਲ ਵਧ ਕੇ ਸੱਤ ਅਰਬ ਦੇ ਕਰੀਬ ਹੋ ਗਈ ਹੈ, ਦੇ ਆਲਮੀ ਤਪਸ਼ ਨਾਲ ਬਿਮਾਰੀਆਂ ਫੈਲਣ ਨਾਲ ਮਹਾਂਮਾਰੀ ਦਾ ਸ਼ਿਕਾਰ ਹੋਣ ਦਾ ਡਰ ਹੈ। ਪਾਣੀ ਦੇ ਸੋਮੇ ਜੋ ਪੀਣਯੋਗ ਤੇ ਸਿੰਜਾਈਯੋਗ ਪਾਣੀ ਅਸੀਂ ਵਰਤਦੇ ਹਾਂ ਉਨ੍ਹਾਂ ਦੀ ਭਿਆਨਕ ਕਿੱਲਤ ਆ ਜਾਵੇਗੀ, ਜਿਸਦਾ ਨਤੀਜਾ ਭੁਗਤਣ ਲਈ ਮਨੁੱਖ ਨੂੰ ਤਿਆਰ ਰਹਿਣਾ ਚਾਹੀਦਾ ਹੈ।

ਵੇਖਣ ਨੂੰ ਤਾਂ ਇਹ ਬ੍ਰਹਿਮੰਡ ਬਹੁਤ ਵੱਡਾ ਨਜ਼ਰ ਆਉਂਦਾ ਹੈ, ਪਰ ਕੁਦਰਤ ਨੇ ਇੱਥੇ ਆਪਣੇ ਕੁਝ ਨਿਯਮਾਂ ਨਾਲ ਸੰਤੁਲਨ ਬਣਾਇਆ ਹੋਇਆ ਹੈ। ਕੁਦਰਤ ਨੇ ਮਨੁੱਖਤਾ ਦੇ ਭਲੇ ਲਈ ਧਰਤੀ ਦੇ ਵਾਤਾਵਰਣ ਦੁਆਲੇ ਜਿਹੜੀ ਓਜ਼ੋਨ ਗੈਸ ਦੀ ਪਰਤ ਬਣਾਈ ਹੋਈ ਸੀ ਇਹ ਪਰਤ ਸੂਰਜ ਦੀਆਂ ਅਲਟਰਾਵਾਇਲਟ ਕਿਰਣਾਂ ਦੇ ਪ੍ਰਕੋਪ ਤੋਂ ਮਨੁੱਖਾਂ ਤੇ ਹੋਰ ਜੀਵਾਂ ਨੂੰ ਬਚਾਉਂਦੀ ਸੀ। ਇਸ ਪਰਤ ਨੂੰ ਵੀ ਹੁਣ ਬਹੁਤ ਹਾਨੀ ਪਹੁੰਚੀ ਹੈ। ਸੂਰਜੀ ਗਰਮੀ ਹੁਣ ਬੜੀ ਤੇਜ਼ੀ ਨਾਲ ਧਰਤੀ ਦੇ ਵਾਤਾਵਰਣ ਵਿੱਚ ਬਦਲਾਅ ਲਿਆ ਰਹੀ ਹੈ। ਅਜਿਹਾ ਹੋਣ ਨਾਲ ਹਰ ਸਾਲ ਧਰਤੀ ਦੇ ਤਾਪਮਾਨ ਵਿੱਚ ਵਾਧਾ ਹੋ ਰਿਹਾ ਹੈ। ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਇਸ ਸਦੀ ਦੇ ਅੰਤ ਤਕ ਧਰਤੀ ਦਾ ਤਾਪਮਾਨ 5 ਡਿਗਰੀ ਸੈਲਸੀਅਸ ਤਕ ਵਧ ਸਕਦਾ ਹੈ। ਜੇ ਇੰਞ ਹੋ ਗਿਆ ਤਾਂ ਧਰਤੀ 'ਤੇ ਉਥੱਲ ਪੁਥੱਲ ਮਚ ਜਾਵੇਗੀ। ਮਨੁੱਖ ਨੇ ਆਪਣੀ ਸਹੂਲਤ ਅਨੁਸਾਰ ਗਰਮ ਮੌਸਮ ਨੂੰ ਸਰਦ ਕਰਨ ਅਤੇ ਸਰਦ ਨੂੰ ਗਰਮ ਕਰਨ ਲਈ ਹੀਟਰ ਅਤੇ ਏਅਰ ਕੰਡੀਸ਼ਨਰ ਮਸ਼ੀਨਾਂ ਤਾਂ ਈਜ਼ਾਦ ਕਰ ਲਈਆਂ, ਪਰ ਇਸਦੇ ਮਾਰੂ-ਪ੍ਰਭਾਵ ਜਾਣਨ ਤੋਂ ਅਵੇਸਲਾ ਰਿਹਾ ਜਾਂ ਫਿਰ ਅਸਮਰੱਥ। ਘਰਾਂ ਵਿੱਚ ਵਰਤੇ ਜਾਣ ਵਾਲੇ ਏਅਰ ਕੰਡੀਸ਼ਨਰ ਤਾਂ ਮਾਮੂਲੀ ਮਾਤਰ ਹਨ। ਅਸਲ ਮੁਸ਼ਕਲ ਤਾਂ ਵੱਡੇ-ਵੱਡੇ ਗਰੀਨ ਹਾਊਸਜ਼, ਕਾਰਪੋਰੇਟ ਸੈਕਟਰ ਅਤੇ ਉਦਯੋਗਾਂ ਦੀ ਹੈ। ਉਹ ਹੀ ਮਣਾਂ ਮੂੰਹੀਂ ਕਾਰਬਨ ਅਤੇ ਹੋਰ ਗੈਸਾਂ ਵਾਯੂਮੰਡਲ ਵਿੱਚ ਛੱਡਦੇ ਹਨ ਜਿਨ੍ਹਾਂ ਨੇ ਗੰਭੀਰ ਚਿੰਤਾ ਪੈਦਾ ਕੀਤੀ ਹੈ। ਤਰੱਕੀ ਕਰਨਾ ਮਨੁੱਖ ਦਾ ਹੱਕ ਅਤੇ ਫ਼ਰਜ਼ ਵੀ ਹੈ। ਇਸ ਦੇ ਨਾਲ ਦੀ ਨਾਲ ਇਹ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਤਰੱਕੀ ਲਈ ਵਰਤੇ ਜਾਣ ਵਾਲੇ ਹੋਰ ਤਰੀਕੇ ਅਤੇ ਉਨ੍ਹਾਂ ਦੁਆਰਾ ਵਿਸਰਜਤ ਕੀਤੀਆਂ ਗੈਸਾਂ ਤੇ ਹੋਰ ਵਿਸਫੋਟਕ ਪਦਾਰਥ ਧਰਤੀ ਦੇ ਤਾਪਮਾਨ, ਵਾਤਾਵਰਣ ਅਤੇ ਚੁਗਿਰਦੇ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ । ਆਲਮੀ ਤਪਸ਼ ਨੇ ਵਿਸ਼ਵ ਭਰ ਦੀ ਦੁਨੀਆਂ ਨੂੰ ਹਲੂਣਾ



ਤਾਂ ਮਾਰਿਆ ਹੈ, ਤਾਹੀਉਂ ਸਾਰੇ ਹੀ ਦੇਸ਼ਾਂ ਤੇ ਪ੍ਰਾਂਤਾਂ ਵਿੱਚ ਅੱਜਕੱਲ੍ਹ ਪ੍ਰਦੂਸ਼ਣ ਰੋਕਣ ਲਈ ਵਿਭਾਗ ਕਾਇਮ ਕੀਤੇ ਜਾ ਚੁੱਕੇ ਹਨ। ਭਾਰਤ ਤੇ ਪੰਜਾਬ ਇਨ੍ਹਾਂ ਲੀਹਾਂ 'ਤੇ ਤੁਰਿਆ ਤਾਂ ਹੈ ਪਰ ਅਜੇ ਤਕ ਇਹ ਵਿਭਾਗ ਚੁਸਤੀ ਫੁਰਤੀ ਨਾਲ ਯੋਗ ਨਤੀਜੇ ਨਹੀਂ ਵਿਖਾ ਸਕੇ। ਜਲੰਧਰ ਸ਼ਹਿਰ ਵਿੱਚ ਵੀ ਭਾਵੇਂ ਉਦਯੋਗਿਕ ਜ਼ੋਨਾਂ ਦਾ ਚਿਤਰਣ ਹੋਇਆ ਹੈ ਪਰ ਸ਼ਹਿਰੀ ਵੱਸੋਂ ਦੇ ਨਾਲ ਲੱਗਦੀਆਂ ਫੈਕਟਰੀਆਂ ਦੀਆਂ ਚਿਮਨੀਆਂ, ਗੰਦਾ ਧੂੰਆਂ ਲੋਕਾਂ ਦੇ ਸਾਹਾਂ ਅੰਦਰ ਧਕੇਲਣ ਦੇ ਨਾਲ-ਨਾਲ ਤੇਜ਼ਾਬੀ ਮਾਦੇ ਵਾਲੀ ਰਹਿੰਦ-ਖੂੰਹਦ ਵੀ ਧਰਤੀ ਨੂੰ ਭੇਂਟ ਕਰਕੇ ਮਨੁੱਖਤਾ ਅਤੇ ਵਾਤਾਵਰਣ ਨਾਲ ਖਿਲਵਾੜ ਕਰ ਰਹੀਆਂ ਹਨ। ਲੁਧਿਆਣੇ ਦਾ ਬੁੱਢਾ ਨਾਲਾ ਗ਼ੰਦਗੀ ਦਾ ਗੜ੍ਹ ਬਣਿਆ ਹੋਇਆ ਹੈ। ਸ਼ਹਿਰ ਦੇ ਨੇੜੇ ਲੱਗਦੇ ਇਲਾਕਿਆਂ ਵਿੱਚ ਸਿੱਕੇ ਦੀ ਪਰਤ ਬਣ ਗਈ ਹੈ। ਅੱਗੇ ਇਹ ਪਾਣੀ ਸਤਿਲੁਜ ਦਰਿਆ ਰਾਹੀਂ ਸਮੁੱਚੀ ਬੈਲਟ 'ਤੇ ਰਾਜਸਥਾਨ ਨੂੰ ਕੈਂਸਰ ਦੇ ਨਾਲ-ਨਾਲ ਪਤਾ ਨਹੀਂ ਹੋਰ ਕਿੰਨੀਆਂ ਕੁ ਭਿਆਨਕ ਬਿਮਾਰੀਆਂ ਪਰੋਸ ਰਿਹਾ ਹੈ। "ਗੰਗਾ ਤੇਰਾ ਪਾਣੀ ਅੰਮ੍ਰਿਤ" ਅਸੀਂ ਸਾਰੇ ਭਾਰਤੀ ਬੜੇ ਮਾਣ ਨਾਲ ਕਹਿੰਦੇ ਸਾਂ। ਗੰਗਾ ਦੇ ਪਾਣੀ ਦੀਆਂ ਬੂੰਦਾਂ ਅੰਮ੍ਰਿਤ ਵਜੋਂ ਜ਼ਿੰਦਗੀ ਨੂੰ ਅਲਵਿਦਾ ਕਹਿਣ ਵਾਲੇ ਬਜ਼ੁਰਗਾਂ ਦੇ ਮੂੰਹ ਵਿੱਚ ਪਾਉਂਦੇ ਹੁੰਦੇ ਸਾਂ, ਤਾਂ ਜੋ ਉਹਦੇ ਸੁਆਸ ਸੁਖਾਲੇ ਨਿਕਲ ਜਾਣ; ਪਰ ਉਸੇ ਗੰਗਾ ਦਾ ਪਾਣੀ ਹੁਣ ਇਸਦੇ ਕੰਢੇ ਵੱਸੇ ਹੋਏ ਸ਼ਹਿਰਾਂ ਤੇ ਕਾਰਖ਼ਾਨਿਆਂ ਦੀ ਗ਼ੰਦਗੀ, ਮਨੁੱਖਾਂ ਦੇ ਅਸਥ, ਅੱਧਸੜੀਆਂ ਲਾਸ਼ਾਂ ਅਤੇ ਪਸ਼ੂਆਂ ਦੇ ਅੰਗਾਂ ਨਾਲ ਜ਼ਹਿਰ ਬਣ ਗਿਆ ਹੈ। ਦਰਅਸਲ ਅਬਾਦੀ ਏਨੀ ਵਧ ਗਈ ਹੈ ਕਿ ਮੁਸ਼ਕਲਾਂ ਕੰਟਰੋਲ ਨਹੀਂ ਹੋ ਰਹੀਆਂ। ਭਾਰਤ ਦੇ ਦਰਿਆਵਾਂ ਦੀ ਹਾਲਤ ਦਿਨੋਂ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।

ਵਾਤਾਵਰਣ ਵਿੱਚ ਜ਼ਹਿਰ ਘੋਲਣ ਲਈ ਕੁਝ ਹੱਦ ਤਕ ਕਿਸਾਨ ਵੀ ਜ਼ਿੰਮੇਵਾਰ ਹੈ। ਵਧਦੀ ਆਬਾਦੀ ਦੀ ਲੋੜ ਅਨੁਸਾਰ ਅਨਾਜ, ਫ਼ਲ ਅਤੇ ਸਬਜ਼ੀਆਂ ਪੈਦਾ ਕਰਨ ਲਈ ਉਹ ਵੀ ਅੰਨ੍ਹੇਵਾਹ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਜ਼ਹਿਰੀਲੀਆਂ ਦਵਾਈਆਂ ਦੀ ਵਰਤੋਂ ਕਰ ਰਿਹਾ ਹੈ, ਜਿਨ੍ਹਾਂ ਦੇ ਜ਼ਹਿਰੀਲੇ ਅੰਸ਼ ਅਨਾਜ ਤੇ ਸਬਜ਼ੀਆਂ ਵਿੱਚ ਤਾਂ ਆਉਣੇ ਹੀ ਸਨ ਹੁਣ ਮਨੁੱਖੀ ਖ਼ੂਨ ਵਿੱਚ ਵੀ ਆਉਣੇ ਸ਼ੁਰੂ ਹੋ ਗਏ ਹਨ। ਵਧ ਰਹੀ ਗਰਮੀ ਨਾਲ ਦਰਿਆ ਤੇ ਨਦੀਆਂ ਸੁੱਕ ਰਹੀਆਂ ਹਨ। ਪੰਜਾਬ ਵਿੱਚ ਸਿੰਚਾਈ ਲਈ ਧਰਤੀ ਹੇਠਲੇ ਪਾਣੀ ਦੀ ਅੰਨ੍ਹੀ ਵਰਤੋਂ, ਕਣਕ ਤੇ ਝੋਨੇ ਦਾ ਫ਼ਸਲੀ ਚੱਕਰ, ਪਾਣੀ ਦੇ ਪੱਧਰ

ਨੂੰ ਨਿਰੰਤਰ ਥੱਲੇ ਧਕੇਲ ਰਿਹਾ ਹੈ। ਉੱਪਰਲਾ ਪਾਣੀ ਗੰਧਲਾ ਅਤੇ ਮਨੁੱਖਤਾ ਲਈ ਹਾਨੀਕਾਰਕ ਹੁੰਦਾ ਜਾ ਰਿਹਾ ਹੈ।

ਪਿਛਲੇ ਲੰਬੇ ਅਰਸੇ ਦੌਰਾਨ ਪੰਜਾਬ ਦੇ ਕਿਸਾਨਾਂ ਨੇ ਅੰਨ੍ਹੇਵਾਹ ਲਾਭ ਦੀ ਖ਼ਾਤਰ ਆਸਟ੍ਰੇਲੀਆਈ ਪੌਦਾ ਸਫ਼ੈਦਾ ਲਗਾਉਣਾ ਸ਼ੁਰੂ ਕਰ ਦਿੱਤਾ ਸੀ ਜੀਹਨੇ ਆਸਟਰੇਲੀਆ ਦੀ ਭੂਮੀ ਬੰਜਰ ਬਣਾ ਦਿੱਤੀ ਸੀ। ਕੁਦਰਤ ਨੇ ਪਾਣੀ, ਹਵਾ ਤੇ ਸ਼ੁੱਧ ਵਾਤਾਵਰਣ ਮਨੁੱਖ ਨੂੰ ਮੁਫ਼ਤ ਵਿੱਚ ਪ੍ਰਦਾਨ ਕੀਤੇ ਸਨ, ਪਰ ਸੁਆਰਥੀ ਮਨੁੱਖ ਨੇ ਆਪਣੀ ਫਿਤਰਤ ਅਨੁਸਾਰ ਮੁਫ਼ਤ ਵਿੱਚ ਮਿਲਣ ਵਾਲੇ ਇਨ੍ਹਾਂ ਕੁਦਰਤੀ ਤੋਹਫ਼ਿਆਂ ਦੀ ਕਦਰ ਨਹੀਂ ਪਾਈ ਤੇ ਆਪਣੇ ਨਿੱਜੀ ਹਿੱਤਾਂ ਤੋਂ ਇਨ੍ਹਾਂ ਨੂੰ ਕੁਰਬਾਨ ਕਰ ਦਿੱਤਾ। ਨਤੀਜੇ ਵਜੋਂ ਭਿਆਨਕ ਦ੍ਰਿਸ਼ ਤੇਜ਼ੀ ਨਾਲ ਸਾਹਮਣੇ ਆ ਰਿਹਾ ਹੈ। ਪਾਣੀ ਤੇ ਹਵਾ ਮਨੁੱਖ ਲਈ ਅਨਾਜ ਨਾਲੋਂ ਵੀ ਵੱਧ ਜ਼ਰੂਰੀ ਤੇ ਕੀਮਤੀ ਹਨ, ਪਰ ਸਵਾਰਥੀ ਮਨੁੱਖ ਨੇ ਇਹ ਦੋਵੇਂ ਹੀ ਜ਼ਹਿਰੀਲੇ ਕਰ ਦਿੱਤੇ ਹਨ। ਪ੍ਰਦੂਸ਼ਣ ਰੋਕਥਾਮ ਵਿਭਾਗ ਤਾਂ ਭਾਵੇਂ ਸਰਕਾਰ ਨੇ ਜ਼ਰੂਰ ਖੋਲ੍ਹੇ ਹਨ ਪਰ ਮਨੁੱਖਤਾ ਦੇ ਵਣਜਾਰੇ ਇਨ੍ਹਾਂ ਨੂੰ ਟਿੱਚ ਜਾਣਦੇ ਹਨ। ਹਾਲੇ ਤਾਂ ਸ਼ੁੱਧ ਪਾਣੀ ਵਜੋਂ ਇਹ ਬੋਤਲਾਂ ਤੇ ਗਿਲਾਸਾਂ ਵਿੱਚ ਵਿਕਣ ਲੱਗ ਪਿਆ ਹੈ, ਕੀ ਕੱਲ੍ਹ ਦੇ ਮਨੁੱਖ ਨੂੰ ਸ਼ੁੱਧ ਹਵਾ ਦੇ ਬੈਗ ਵੀ ਖ਼ਰੀਦ ਕੇ ਨਾਲ ਚੁੱਕਣ ਲਈ ਮਜਬੂਰ ਹੋਣਾ ਪੈ ਜਾਵੇਗਾ?

response@punjabi.jagran.com

—0—



## ਵਾਤਾਵਰਨ ਨੂੰ ਸੁਧਾਰਿਆ ਜਾ ਸਕਦਾ ਹੈ ਆਪਣੀਆਂ ਕੁਝ ਆਦਤਾਂ ਨੂੰ ਬਦਲ ਕੇ

**ਤੰਦਰੁਸਤੀ ਲਈ**

* ਪਾਣੀ ਲਈ ਮੁੜ ਵਰਤੋਂ ਵਿੱਚ ਆਉਣ ਵਾਲੀਆਂ ਬੋਤਲਾਂ ਦੀ ਵਰਤੋਂ ਕਰੋ।
* ਬੀ. ਵਾਈ. ਓ.ਬੀ.- ਆਪਣਾ ਥੈਲਾ ਲੈ ਕੇ ਆਓ। ਧਰਤੀ ਉੱਪਰ ਪਲਾਸਟਿਕ ਗਰੋਸਰੀ ਬੈਗਜ਼ ਨਾਲ ਢੇਰ ਲਾਉਣ ਦੀ ਬਜਾਏ ਮੁੜ ਵਰਤੋਂ ਵਿੱਚ ਆਉਣ ਵਾਲੇ ਗਰੋਸਰੀ ਬੈਗਜ਼ ਵਰਤੋ ਜਦੋਂ ਤੁਸੀਂ ਭੋਜਨ ਲਈ ਵਸਤਾਂ ਦੀ ਖ਼ਰੀਦਦਾਰੀ ਕਰਦੇ ਹੋ।
* ਸਥਾਨਕ ਖ਼ਰੀਦਦਾਰੀ ਨਾਲ ਤੁਸੀਂ ਆਪਣੀ ਆਰਥਿਕਤਾ ਨੂੰ ਖੁਸ਼ਹਾਲ ਕਰ ਸਕੋਗੇ। ਇਸ ਤਰ੍ਹਾਂ ਕਰਕੇ ਤੁਸੀਂ ਆਪਣੇ ਕਿਸਾਨਾਂ ਵੱਲੋਂ ਪੈਦਾ ਕੀਤੀਆਂ ਵਸਤੂਆਂ ਦੀ ਮੰਗ ਵਧਾਓਗੇ ਅਤੇ ਆਵਾਜਾਈ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਵਿੱਚ ਕਟੌਤੀ ਕਰ ਸਕੋਗੇ। ਬਹੁਤੀ ਵਾਰ ਕਿਸਾਨ ਮਾਰਕੀਟ ਵਿੱਚ ਖ਼ਰੀਦਦਾਰੀ ਕਰਨ ਨਾਲ ਦੂਸਰੇ ਰਾਸ਼ਨ ਸਟੋਰ ਨਾਲੋਂ ਇਹ ਸਸਤੀ ਪੈਂਦੀ ਹੈ।
* ਤਾਜ਼ਾ ਖਾਓ ਬਜਾਏ ਬਣਾਉਟੀ ਡੱਬਾਬੰਦ ਪ੍ਰੋਸੈਸਡ ਖਾਣ ਦੇ। ਇਹ ਧਰਤੀ ਦੇ ਸਾਧਨਾਂ ਨੂੰ ਬਰਬਾਦ ਕਰਦਾ ਹੈ, ਤਾਜ਼ਾ ਅਤੇ ਅਸਲ ਭੋਜਨ ਖਾਓ ਜਿਸ ਨੂੰ ਪੈਕ ਕਰਨ ਦੀ ਕੋਈ ਲੋੜ ਨਹੀਂ ਹੁੰਦੀ।
* ਇੱਕ ਬਗ਼ੀਚਾ ਲਗਾਓ; ਪਰ ਇਹ ਤਾਂ ਹੀ ਸੰਭਵ ਹੈ ਜੇਕਰ ਤੁਸੀਂ ਅਜਿਹੇ ਘਰ ਵਿੱਚ ਰਹਿੰਦੇ ਹੋਵੋ ਜਿੱਥੇ ਬਗ਼ੀਚਾ ਲਗਾਉਣ ਲਈ ਕਾਫ਼ੀ ਥਾਂ ਹੋਵੇ। ਇਹ ਫਲ ਸਬਜ਼ੀਆਂ ਪੈਦਾ ਕਰਨ ਦਾ ਵਧੀਆ ਢੰਗ ਹੈ। ਇਸ ਤਰ੍ਹਾਂ ਪੈਸੇ ਦੀ ਵੀ ਬਚਤ ਹੁੰਦੀ ਹੈ।
* ਖਾਦ ਬਣਾਓ। ਕੂੜੇ ਤੋਂ ਖਾਦ ਪੈਦਾ ਕਰਕੇ ਪੈਸੇ ਦੀ ਬਚਤ ਕਰੋ।

**ਸੁੰਦਰਤਾ ਰੁਟੀਨ ਲਈ**

* ਜਦੋਂ ਤੁਸੀਂ ਵਾਸ਼ ਬੇਸ਼ਨ (ਸਿੰਕ) ਕੋਲ ਖੜ੍ਹੇ ਹੋ ਕੇ ਆਪਣੇ ਦੰਦ ਸਾਫ਼ ਕਰਦੇ ਹੋ ਜਾਂ ਮੂੰਹ ਧੋਂਦੇ ਹੋ ਤਾਂ ਪਾਣੀ ਬੰਦ ਰੱਖੋ। ਇੱਕ ਮਿੰਟ ਟੂਟੀ ਖੁੱਲ੍ਹੀ ਰਹਿਣ ਨਾਲ ਦੋ ਗੈਲਣ ਪਾਣੀ ਨਾਲੀਆਂ ਵਿੱਚ ਚਲਾ ਜਾਂਦਾ ਹੈ।
* ਲੇਬਲ ਪੜ੍ਹੋ: ਤੁਸੀਂ ਆਪਣੇ ਸਰੀਰ ਲਈ ਵਰਤੇ ਜਾਣ ਵਾਲੇ ਵੱਖ-ਵੱਖ ਸੁੰਦਰਤਾ ਉਤਪਾਦ ਦੀ ਸਮੱਗਰੀ ਖ਼ਾਸ ਕਰਕੇ ਚੈੱਕ ਕਰੋ। ਜਿੰਨਾ ਤੁਸੀਂ

ਆਪਣੇ ਸਰੀਰ ’ਤੇ ਘੱਟ ਸੁੰਦਰਤਾ ਉਤਪਾਦ ਵਰਤੋਗੇ, ਓਨਾ ਹੀ ਤੁਹਾਡੇ ਸਰੀਰ ਨੂੰ ਹਰ ਰੋਜ਼ ਰਸਾਇਣਾਂ ਤੋਂ ਬਚਾਅ ਰਹੇਗਾ।

* ਆਪਣੇ ਸੁੰਦਰਤਾ ਉਤਪਾਦ ਤਿਆਰ ਕਰੋ। ਤੁਸੀਂ ਓਟਮੀਲ, ਬੈਰੀਜ਼ ਅਤੇ ਐਵੋਕਾਡੋ ਦੀ ਵਰਤੋਂ ਨਾਲ ਚਿਹਰੇ ਲਈ ਮਾਸਕ ਬਣਾ ਸਕਦੇ ਹੋ।
* ਕਦੇ ਵੀ ਟੁੱਥਪੇਸਟ, ਲਿਪਸਟਿਕ ਜਾਂ ਮਾਇਸਚਰਾਇਜ਼ਰ ਦਾ ਇੱਕ ਵੀ ਆਖਰੀ ਤੁਪਕਾ ਟਿਊਬ ਜਾਂ ਸ਼ੀਸ਼ੀ ਵਿੱਚ ਨਾ ਰਹਿਣ ਦਿਓ। ਇਸਨੂੰ ਖੋਲ੍ਹ ਕੇ ਕੱਟ ਦਿਓ ਅਤੇ ਆਖਰੀ ਬੂੰਦ ਤਕ ਨਿਚੋੜ ਦਿਓ।
* ਸੁੰਦਰਤਾ ਲਈ ਭੋਜਨ ਵਰਤੋ: ਸੁੰਦਰ ਚਮੜੀ ਲਈ ਅਜਿਹਾ ਭੋਜਨ ਖਾਓ, ਜੋ ਸੱਚਮੁੱਚ ਪੋਸ਼ਕ ਹੈ। ਫਲ, ਸਬਜ਼ੀਆਂ, ਅਨਾਜ ਅਤੇ ਸਿਹਤਦਾਇਕ ਫੈਟਸ ਚਿਹਰੇ ਨੂੰ ਖ਼ੂਬਸੂਰਤ ਬਣਾਉਂਦੇ ਹਨ।

**ਘਰ ਨੂੰ ਹਰਿਆ-ਭਰਿਆ ਬਣਾਓ**

* ਆਪਣੇ ਟਾਇਲਟ ਟੈਂਕ ਵਿੱਚ ਇੱਕ ਪੱਥਰ ਰੱਖੋ। ਈ. ਪੀ. ਏ. ਅਨੁਸਾਰ ਫਲੱਸ਼ ਕਰਨ ’ਤੇ ਘਰ ਵਿੱਚ ਵਰਤੇ ਜਾਂਦੇ ਕੁੱਲ ਪਾਣੀ ਦਾ 30 ਫ਼ੀਸਦੀ ਪਾਣੀ ਵਰਤ ਹੁੰਦਾ ਹੈ। (3-6 ਗੈਲਨ ਪ੍ਰਤੀ ਫਲੱਸ਼) ਟਾਇਲਟ ਟੈਂਕ ਵਿੱਚ ਪੱਥਰ ਰੱਖ ਕੇ ਤੁਸੀਂ ਪਾਣੀ ਦੀ ਬੱਚਤ ਕਰ ਸਕਦੇ ਹੋ।
* ਥਰਮੋਸਟੇਟ ਨਾਲ ਬਚਾਓ ਕਰੋ। ਚਾਹੇ ਤੁਸੀਂ ਆਪਣੇ ਘਰ ਨੂੰ ਸਰਦੀਆਂ ਵਿੱਚ ਗਰਮ ਕਰਦੇ ਹੋ ਜਾਂ ਗਰਮੀਆਂ ਵਿੱਚ ਠੰਢਾ, ਪਰ ਥਰਮੋਸਟੇਟ ਦੀ ਮਦਦ ਨਾਲ ਤੁਸੀਂ 10 ਫ਼ੀਸਦੀ ਬਿਜਲੀ ਬਿੱਲ ਘੱਟ ਕਰ ਸਕਦੇ ਹੋ।
* ਊਰਜਾ ਬਚਾਉਣ ਵਾਲੇ ਲਾਈਟ ਬਲਬ ਵਰਤੋ। ਐੱਲ.ਈ.ਡੀ. ਬਲਬ ਦੀ ਵਰਤੋਂ ਨਾਲ 1/5 ਊਰਜਾ ਦੀ ਬੱਚਤ ਹੁੰਦੀ ਹੈ ਅਤੇ ਇਹ 12 ਗੁਣਾਂ ਵੱਧ ਚੱਲਦੇ ਹਨ।
* ਬਿੱਲ ਦਾ ਭੁਗਤਾਨ ਆਨਲਾਈਨ ਕਰੋ। ਚੈੱਕ ਭਰਨ ਜਾਂ ਸਟੈਂਪਾਂ ਦੇਣ ਦੀ ਬਜਾਏ ਤੁਸੀਂ ਆਪਣੇ ਬਿੱਲਾਂ ਦਾ ਭੁਗਤਾਨ ਆਨਲਾਈਨ ਕਰ ਸਕਦੇ ਹੋ।
* ਘਰ ਵਿੱਚ ਪੌਦੇ ਲਗਾਓ। ਪੌਦੇ ਤੁਹਾਡੇ ਘਰ ਵਿੱਚ ਹਵਾ ਸਾਫ਼ ਕਰਨ ਵਿੱਚ ਮਦਦ ਕਰਦੇ ਹਨ ਅਤੇ ਪ੍ਰਦੂਸ਼ਣ ਹੋਣ ਤੋਂ ਛੁਟਕਾਰਾ ਦਿਵਾਉਂਦੇ ਹਨ।

**ਆਵਾਜਾਈ**

* ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰੋ। ਗੈਸ ਦੀਆਂ ਕੀਮਤਾਂ ਵੱਧ ਹੋਣ ਕਰਕੇ ਲੋਕਲ ਬੱਸ ਜਾਂ ਰੇਲ ਪ੍ਰਬੰਧਾਂ ਦੀ ਵਰਤੋਂ ਕਰੋ।



* ਟਾਇਰਾਂ ਵਿੱਚ ਸਹੀ ਹਵਾ ਰੱਖੋ। ਜੇਕਰ ਤੁਹਾਡੀ ਆਪਣੀ ਕਾਰ ਹੈ ਤਾਂ ਟਾਇਰਾਂ ਵਿੱਚ ਸਹੀ ਹਵਾ ਨਾ ਸਿਰਫ਼ ਤੁਹਾਨੂੰ ਸੁਰੱਖਿਅਤ ਰੱਖਦੀ ਹੈ, ਸਗੋਂ ਗੈਸ ਦੀ ਲਗਭਗ 4 ਫੀਸਦੀ ਮਾਈਲੇਜ਼ ਵੀ ਵੱਧ ਦਿੰਦੀ ਹੈ।
* ਕਾਰ ਦੇ ਹਵਾ ਫਿਲਟਰ ਸਾਫ਼ ਰੱਖੋ। ਇੱਕ ਸਾਫ਼ ਏਅਰ-ਫਿਲਟਰ ਕਾਰ ਦੀ 10 ਫੀ ਸਦੀ ਤਕ ਮਾਈਲੇਜ ਵਿੱਚ ਸੁਧਾਰ ਕਰਦਾ ਹੈ।
* ਵਾਟਰ ਫਿਲਟਰ ਲਗਾਓ। ਪਾਣੀ ਦੀਆਂ ਬੋਤਲਾਂ ਦੀ ਬਰਬਾਦੀ ਤੋਂ ਬਚਣ ਲਈ ਰਸੋਈ ਵਿੱਚ ਚੰਗੀ ਕਿਸਮ ਦਾ ਵਾਟਰ ਫਿਲਟਰ ਲਗਾਓ।
* ਟੇਬਲ ਸਾਫ਼ ਕਰਨ ਲਈ ਪੇਪਰ ਤੌਲੀਏ ਵਰਤਣ ਦੀ ਬਜਾਏ ਮੁੜ ਵਰਤੋਂ ਵਿੱਚ ਆਉਣ ਵਾਲੇ ਡਿਸਕਲਾਥ ਖ਼ਰੀਦੋ। ਉਨ੍ਹਾਂ ਨੂੰ ਸਾਫ਼ ਕਰਨ ਪਿੱਛੋਂ ਮੁੜ ਵਰਤੋਂ ਵਿੱਚ ਲਿਆ ਕੇ ਕੁਝ ਰੁੱਖਾਂ ਨੂੰ ਬਚਾਓ।
* ਸਟੇਨਲੈੱਸ ਸਟੀਲ ਜਾਂ ਕਾਸਟ ਆਇਰਨ ਭਾਂਡਿਆਂ ਦੀ ਹੀ ਵਰਤੋਂ ਕਰੋ, ਜੋ ਕਿ ਕਈ ਸਾਲ ਤਕ ਚੱਲਦੇ ਹਨ।
* ਗਿਲਾਸ ਜਾਂ ਬੀ.ਪੀ.ਏ. ਮੁਕਤ ਮੁੜ ਵਰਤੋਂ ’ਚ ਆਉਣ ਵਾਲੇ ਪਲਾਸਟਿਕ ਵਰਤੋ ਜਿਨ੍ਹਾਂ ਵਿੱਚ ਭੋਜਨ ਰੱਖਿਆ ਜਾ ਸਕੇ।
* ਮੁੜ ਵਰਤੋਂ ’ਚ ਆਉਣ ਵਾਲੇ ਪਲਾਸਟਿਕ ਬੈਗਜ਼ ਵਰਤਣ ਦੀ ਬਜਾਏ ਕੈਨਵਸ ਜਾਂ ਮੁੜ ਵਰਤੇ ਜਾਣ ਵਾਲੇ ਬੈਗਜ਼ ਹੀ ਰਾਸ਼ਨ ਲਿਆਉਣ ਲਈ ਵਰਤੋ। ਉਹ ਰੱਖਣ ਵਿੱਚ ਆਸਾਨ ਹੁੰਦੇ ਹਨ ਅਤੇ ਉਨ੍ਹਾਂ ਦੀ ਵਾਰ-ਵਾਰ ਵਰਤੋਂ ਕੀਤੀ ਜਾ ਸਕਦੀ ਹੈ।

(ਰੋਜ਼ਾਨਾ ਅਜੀਤ 05-06-2015 ’ਚੋਂ ਧੰਨਵਾਦ ਸਹਿਤ !)

# ਮਿਲਾਵਟੀ ਭੋਜਨ ਤੇ ਅਸ਼ੁੱਧ ਵਾਤਾਵਰਨ ਕਰ ਰਿਹਾ ਲੋਕਾਂ ਦੀ ਸਿਹਤ ਨਾਲ ਖਿਲਵਾੜ

**ਅਮਨਪ੍ਰੀਤ ਸਿੰਘ ਛੀਨਾ**

ਦੇਸ਼ ਦੇ ਸਿਹਤਮੰਦ ਵਸਨੀਕ ਹੀ ਦੇਸ਼ ਦੀ ਅਸਲ ਦੌਲਤ ਹੁੰਦੇ ਹਨ, ਪਰ ਜੇਕਰ ਦੇਸ਼ ਦੇ ਵਸਨੀਕ ਸਿਹਤ ਪੱਖੋਂ ਬਿਮਾਰ ਹੋਣ ਤਾਂ ਉਹ ਦੇਸ਼ ਦੀ ਕਮਜ਼ੋਰੀ ਬਣ ਜਾਂਦੇ ਹਨ। ਮੌਜੂਦਾ ਅੰਕੜਿਆਂ ਨੂੰ ਘੋਖਦਿਆਂ ਇਹ ਪਤਾ ਲਗਦਾ ਹੈ ਕਿ ਮਿਲਾਵਟੀ ਭੋਜਨ, ਅਸ਼ੁੱਧ ਵਾਤਾਵਰਨ, ਮਾੜੀਆਂ ਸਿਹਤ ਸਹੂਲਤਾਂ ਅਤੇ ਗੁਰਬਤ ਕਾਰਨ ਦੇਸ਼ ਦੇ 5 ਸਾਲ ਤੋਂ ਹੇਠਾਂ ਦੀ ਉਮਰ ਦੇ 42 ਫ਼ੀ ਸਦੀ ਬੱਚੇ ਭੁੱਖਮਰੀ ਅਤੇ ਕੁਪੋਸ਼ਨ ਦਾ ਸ਼ਿਕਾਰ ਹਨ । ਇਕ ਅਨੁਮਾਨ ਮੁਤਾਬਕ ਦੇਸ਼ ਵਿੱਚ 65 ਫ਼ੀ ਸਦੀ ਲੋਕਾਂ ਦੀ ਉਮਰ 35 ਸਾਲ ਤੋਂ ਘੱਟ ਹੈ ਅਤੇ ਸਾਲ 2030 ਤਕ ਭਾਰਤ ਅਬਾਦੀ ਪੱਖੋਂ ਚੀਨ ਤੋਂ ਅੱਗੇ ਨਿਕਲ ਕੇ ਦੁਨੀਆਂ ਦਾ ਨੰਬਰ ਇਕ ਦੇਸ਼ ਬਣ ਜਾਵੇਗਾ। ਪਰ ਸਵਾਲ ਇਹ ਹੈ ਕਿ ਜੇਕਰ ਦੇਸ਼ ਦੇ 42 ਫ਼ੀ ਸਦੀ ਬੱਚੇ ਕੁਪੋਸ਼ਨ ਅਤੇ ਭੁੱਖਮਰੀ ਦਾ ਸ਼ਿਕਾਰ ਹਨ ਤਾਂ ਇਹ ਬੱਚੇ ਆਉਂਦੇ ਸਮੇਂ (2030) ਵਿੱਚ ਭਾਰਤ ਲਈ ਤਾਕਤ ਕਿਵੇਂ ਬਣਨਗੇ ?

ਭਾਰਤ ਦੇ ਸੰਵਿਧਾਨ ਅਨੁਸਾਰ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਹਰ ਵਸਨੀਕ ਨੂੰ ਪੁਸ਼ਟ ਭੋਜਨ, ਮਿਆਰੀ ਸਿਹਤ ਸਹੂਲਤਾਂ ਅਤੇ ਰਹਿਣ-ਸਹਿਣ ਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ । ਇਸ ਲੇਖ ਰਾਹੀਂ ਅਸੀਂ ਇਹ ਜਾਚਣ ਦੀ ਕੋਸ਼ਿਸ਼ ਕਰਾਂਗੇ ਕਿ ਉਹ ਕਿਹੜੇ ਕਾਰਨ ਹਨ ਜਿਨ੍ਹਾਂ ਨਾਲ ਸਾਡੀ ਸਿਹਤ ਖ਼ਰਾਬ ਹੋ ਰਹੀ ਹੈ । ਸਾਲ 1947 ਵਿੱਚ ਦੇਸ਼ ਦੀ ਅਬਾਦੀ ਤਕਰੀਬਨ 35 ਕਰੋੜ ਸੀ ਅਤੇ ਸਾਲ 2011 ਦੇ ਅੰਕੜਿਆਂ ਮੁਤਾਬਕ ਇਹ ਅਬਾਦੀ ਵਧ ਕੇ 121 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ, ਜਿਸ ਨਾਲ ਹਰ ਖਾਣ-ਪੀਣ ਦੀਆਂ ਵਸਤੂਆਂ ਦੀ ਜ਼ਰੂਰਤ ਦਿਨ-ਬ-ਦਿਨ ਵਧੀ ਹੈ ਅਤੇ ਇਸ ਲੋੜ ਨੂੰ ਪੂਰਾ ਕਰਨ ਲਈ ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ ਭਾਰੀ ਮਿਲਾਵਟ, ਫਲਾਂ ਅਤੇ ਸਬਜ਼ੀਆਂ ਉੱਤੇ ਜ਼ਹਿਰੀਲੀਆਂ ਦਵਾਈਆਂ ਦੀ ਭਾਰੀ ਸਪਰੇਅ ਅਤੇ ਵੱਧ ਦੁੱਧ ਲੈਣ ਲਈ ਪਸ਼ੂਆਂ ਨੂੰ ਟੀਕੇ ਲਗਾਏ ਜਾਂਦੇ ਹਨ, ਜਿਸ ਨਾਲ ਅਸੀਂ ਦੁਨੀਆਂ ਦੇ ਕੁਦਰਤੀ ਚੱਕਰ ਨੂੰ ਦਿਨ-ਬ-ਦਿਨ ਖ਼ਰਾਬ ਕਰ ਰਹੇ ਹਾਂ। ਨਤੀਜੇ ਵਜੋਂ ਇਨਸਾਨ 'ਕਾਕਟੇਲ ਆਫ ਕੈਮੀਕਲਜ' ਦਾ ਸੇਵਨ ਕਰਦਿਆਂ ਵੱਖ-ਵੱਖ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ।



ਵਧਦੀ ਆਬਾਦੀ ਦਾ ਰੋਜ਼ਾਨਾ ਜੀਵਨ 'ਤੇ ਵੀ ਭਾਰੀ ਅਸਰ ਪੈ ਰਿਹਾ ਹੈ । ਸ਼ਹਿਰਾਂ ਅਤੇ ਪਿੰਡਾਂ ਵਿੱਚ ਕੂੜੇ ਦੇ ਢੇਰਾਂ ਤੋਂ ਫੈਲ ਰਹੀ ਗ਼ੰਦਗੀ, ਝੁੱਗੀ ਝੌਂਪੜੀਆਂ ਅਤੇ ਗੰਦੀਆਂ ਬਸਤੀਆਂ ਵਿੱਚ ਗੁਸਲਖ਼ਾਨਿਆਂ ਦੀ ਕਮੀ, ਲਗਾਤਾਰ ਵਧ ਰਹੀਆਂ ਨਾਜਾਇਜ਼ ਕਾਲੋਨੀਆਂ ਵਿੱਚ ਪੀਣ ਵਾਲੇ ਪਾਣੀ ਅਤੇ ਨਿਕਾਸ ਪ੍ਰਤੀ ਪੁਖਤਾ ਪ੍ਰਬੰਧ ਨਾ ਹੋਣ ਕਾਰਨ ਇਨ੍ਹਾਂ ਇਲਾਕਿਆਂ ਵਿੱਚ ਵੱਸੇ ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਲੱਗ ਰਹੀਆਂ ਹਨ । ਮਜਬੂਰਨ ਇੱਥੇ ਵੱਸੇ ਲੋਕ ਘਰਾਂ ਦੇ ਗੰਦੇ ਪਾਣੀ ਨੂੰ ਜ਼ਮੀਨ ਵਿੱਚ ਸੁੱਟ ਦਿੰਦੇ ਹਨ, ਜਿਸ ਨਾਲ ਇਸ ਇਲਾਕੇ ਦਾ ਪੀਣ ਵਾਲਾ ਪਾਣੀ ਵੀ ਪੀਣਯੋਗ ਨਹੀਂ ਰਹਿੰਦਾ । ਘਰਾਂ ਤੋਂ ਕੂੜੇ ਕਰਕਟ ਨੂੰ ਉਠਾਉਣ ਦਾ ਪ੍ਰਬੰਧ ਅਤੇ ਸੀਵਰੇਜ ਪ੍ਰਣਾਲੀ ਬੁਰੇ ਤਰੀਕੇ ਨਾਲ ਫੇਲ੍ਹ ਹੋ ਚੁੱਕੀ ਹੈ । ਸਰਕਾਰ ਕੋਲ ਪੁਖਤਾ ਸੀਵਰੇਜ ਪ੍ਰਬੰਧ ਨਾ ਹੋਣ ਕਾਰਨ ਪਿੰਡਾਂ ਦੀਆਂ ਪੰਚਾਇਤਾਂ ਅਤੇ ਮਿਊਂਸਪਲ ਕਾਰਪੋਰੇਸ਼ਨਾਂ ਆਪਣੇ ਇਲਾਕੇ ਦੀਆਂ ਫੈਕਟਰੀਆਂ ਅਤੇ ਘਰਾਂ ਦੇ ਗੰਦੇ ਪਾਣੀ ਨੂੰ ਬਰਸਾਤੀ ਨਾਲਿਆਂ ਜਾਂ ਛੱਪੜਾਂ ਆਦਿ ਵਿੱਚ ਪਾ ਕੇ ਵਾਤਾਵਰਨ ਨਾਲ ਖਿਲਵਾੜ ਕਰ ਰਹੀਆਂ ਹਨ, ਜਿਸ ਨਾਲ ਦੇਸ਼ ਭਰ ਵਿੱਚ ਵੱਖ-ਵੱਖ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ ।

ਇਨ੍ਹਾਂ ਭਿਆਨਕ ਬਿਮਾਰੀਆਂ ਨਾਲ ਜੂਝਣ ਲਈ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਆਦਿ ਦੀ ਭਾਰੀ ਕਮੀ ਵੇਖਣ ਨੂੰ ਮਿਲਦੀ ਹੈ। ਸੈਂਟਰਲ ਬਿਊਰੋ ਆਫ ਹੈਲਥ ਇੰਟੈਲੀਜੈਂਸ ਦੀ ਅਗਸਤ 2013 ਦੀ ਰਿਪੋਰਟ ਮੁਤਾਬਕ ਭਾਰਤ ਵਿਚ 35,416 ਸਰਕਾਰੀ ਹਸਪਤਾਲ ਤਕਰੀਬਨ 121 ਕਰੋੜ ਭਾਰਤੀਆਂ ਨੂੰ ਸਿਹਤ ਸੰਬੰਧੀ ਸਹੂਲਤਾਂ ਪ੍ਰਦਾਨ ਕਰ ਰਹੇ ਹਨ । ਇਨ੍ਹਾਂ ਹਸਪਤਾਲਾਂ ਵਿੱਚ ਕੁੱਲ 13,76,013 ਬਿਸਤਰਿਆਂ ਦਾ ਇੰਤਜ਼ਾਮ ਹੈ, ਜਿਸ ਦਾ ਭਾਵ ਇਹ ਹੈ ਕਿ ਹਰ ਇਕ ਬਿਸਤਰੇ ਮਗਰ ਸਿਹਤ ਵਿਭਾਗ 879 ਭਾਰਤੀਆਂ ਨੂੰ ਇਲਾਜ ਦੇਣ ਲਈ ਵਚਨਬੱਧ ਹੈ । ਯੋਜਨਾ ਕਮਿਸ਼ਨ ਦੀ 12ਵੀਂ ਪੰਜ ਸਾਲਾ ਯੋਜਨਾ ਅਨੁਸਾਰ ਸਰਕਾਰ ਨੇ ਸਿਹਤ ਸਹੂਲਤਾਂ ਉੱਤੇ 2.5 ਫ਼ੀਸਦੀ ਜੀ. ਡੀ. ਪੀ. ਖ਼ਰਚ ਕਰਕੇ ਦੇਸ਼ ਦੇ ਹਰ ਵਸਨੀਕ ਨੂੰ ਬੁਨਿਆਦੀ ਸਿਹਤ ਸਹੂਲਤਾਂ ਦਿਵਾਉਣ ਦਾ ਮਨਸੂਬਾ ਮਿਥਿਆ ਸੀ ਅਤੇ ਇਸ ਟੀਚੇ ਨੂੰ ਪੂਰਾ ਕਰਨ ਲਈ ਸਾਲ 2013-14 ਦੇ ਅੰਤ੍ਰਿਮ ਬਜਟ ਅਨੁਸਾਰ ਸਰਕਾਰ ਨੇ ਸਿਹਤ ਵਿਭਾਗ ਰਾਹੀਂ 33,725 ਕਰੋੜ ਰੁਪਏ ਸਿਹਤ ਸਹੂਲਤਾਂ ਲਈ ਖ਼ਰਚ ਕਰਨ ਦਾ ਫ਼ੈਸਲਾ ਕੀਤਾ ਹੈ ।

ਸੋਚਣ ਵਾਲੀ ਗੱਲ ਇਹ ਹੈ ਕਿ ਕਰੋੜਾਂ ਰੁਪਏ ਖ਼ਰਚ ਕਰਨ ਦੇ ਬਾਵਜੂਦ ਵੀ ਭਾਰਤ ਸਿਹਤ ਸਹੂਲਤਾਂ ਉੱਤੇ ਖ਼ਰਚ ਦੇ ਹਿਸਾਬ ਨਾਲ 175 ਮੁਲਕਾਂ ਵਿੱਚੋਂ 171ਵੇਂ ਨੰਬਰ ਉੱਤੇ ਹੈ ।

ਮਾੜੀਆਂ ਸਿਹਤ ਸਹੂਲਤਾਂ ਕਾਰਨ ਦੇਸ਼ ਵਿੱਚ ਸ਼ਹਿਰਾਂ ਦੇ 70 ਫ਼ੀਸਦੀ ਅਤੇ ਪਿੰਡਾਂ ਦੇ 63 ਫ਼ੀਸਦੀ ਲੋਕ ਅੱਜ ਵੀ ਨਿੱਜੀ ਹਸਪਤਾਲਾਂ ਵਿੱਚੋਂ ਆਪਣਾ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਹਨ। ਇੱਥੇ ਦੋ ਸਵਾਲ ਉੱਠਦੇ ਹਨ: ਪਹਿਲਾ, ਕਿ ਸਰਕਾਰ ਵੱਲੋਂ ਕਰੋੜਾਂ ਰੁਪਏ ਖ਼ਰਚ ਕਰਨ ਤੋਂ ਬਾਅਦ ਵੀ ਸਿਹਤ ਸਹੂਲਤਾਂ ਪੱਛੜ ਕਿਉਂ ਰਹੀਆਂ ਹਨ ? ਦੂਸਰਾ, ਦੇਸ਼ ਦੇ ਤਕਰੀਬਨ ਦੋ ਤਿਹਾਈ ਲੋਕ ਆਪਣਾ ਇਲਾਜ ਕਰਵਾਉਣ ਲੱਗਿਆਂ ਸਰਕਾਰੀ ਹਸਪਤਾਲਾਂ ਉੱਤੇ ਵਿਸ਼ਵਾਸ ਕਿਉਂ ਨਹੀਂ ਕਰਦੇ? ਅਕਸਰ ਵੇਖਣ ਨੂੰ ਮਿਲਦਾ ਹੈ ਕਿ ਸਰਕਾਰੀ ਡਾਕਟਰ ਇਨ੍ਹਾਂ ਹਸਪਤਾਲਾਂ ਵਿੱਚ ਓਪਰੇਸ਼ਨ ਆਦਿ ਕਰਨ ਲਈ ਮਰੀਜ਼ਾਂ ਤੋਂ ਪੈਸੇ ਲੈਂਦੇ ਹਨ ਅਤੇ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਦਵਾਈਆਂ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਦਿੱਤੀਆਂ ਜਾਂਦੀਆਂ ਹਨ ।

ਮੌਜੂਦਾ ਸਰਕਾਰੀ ਢਾਂਚੇ ਵਿੱਚ ਸਾਧਨਾਂ ਦੀ ਭਾਰੀ ਕਮੀ ਹੋਣ ਕਾਰਨ ਸਰਕਾਰ ਵੱਲੋਂ ਗ਼ਰੀਬ ਲੋਕਾਂ ਨੂੰ ਵੱਖ-ਵੱਖ ਬੀਮਾ ਸਕੀਮਾਂ ਦੇ ਕੇ ਪ੍ਰਾਈਵੇਟ ਹਸਪਤਾਲ ਤੋਂ ਇਲਾਜ ਕਰਵਾਉਣ ਦੀ ਸਹੂਲਤ ਦਿੱਤੀ ਜਾ ਰਹੀ ਹੈ । ਨਿੱਜੀ ਹਸਪਤਾਲ ਇਨ੍ਹਾਂ ਬੀਮਾ ਸਕੀਮਾਂ ਤਹਿਤ ਦਾਖ਼ਲ ਹੋਏ ਲੋਕਾਂ ਨੂੰ ਬੇਲੋੜੀਆਂ ਦਵਾਈਆਂ, ਓਪਰੇਸ਼ਨ ਅਤੇ ਵੱਖ-ਵੱਖ ਬੇਲੋੜੇ ਟੈਸਟ ਕਰਵਾ ਕੇ ਬੀਮਾ ਕੰਪਨੀਆਂ ਅਤੇ ਸਰਕਾਰੀ ਪੈਸੇ ਨੂੰ ਕਰੋੜਾਂ ਦਾ ਚੂਨਾ ਲਗਾਉਣ ਦੇ ਨਾਲ-ਨਾਲ ਮਰੀਜ਼ ਦੀ ਜ਼ਿੰਦਗੀ ਅਤੇ ਸਿਹਤ ਨਾਲ ਖਿਲਵਾੜ ਕਰ ਰਹੇ ਹਨ । ਅੱਜ ਲੋੜ ਹੈ ਸਰਕਾਰੀ ਹਸਪਤਾਲਾਂ ਨੂੰ ਹਰ ਪੱਖੋਂ ਯੋਗ ਬਣਾਉਣ ਦੀ ਅਤੇ ਨਿੱਜੀ ਹਸਪਤਾਲਾਂ ਉੱਤੇ ਕਾਨੂੰਨੀ ਨਕੇਲ ਪਾਉਣ ਦੀ, ਤਾਂ ਜੋ ਹਰ ਵਸਨੀਕ ਨੂੰ ਬਣਦੀਆਂ ਸਿਹਤ ਸਹੂਲਤਾਂ ਸਿਹਤ ਵਿਭਾਗ ਦੀ ਦੇਖ-ਰੇਖ ਵਿੱਚ ਹੀ ਦਿੱਤੀਆਂ ਜਾਣ ।

ਤੰਦਰੁਸਤ ਭਾਰਤ ਦੇ ਨਿਰਮਾਣ ਲਈ ਸਾਨੂੰ ਚੰਗੀਆਂ ਸਿਹਤ ਸਹੂਲਤਾਂ, ਸਾਫ਼ ਸੁਥਰਾ ਵਾਤਾਵਰਨ ਅਤੇ ਹਰ ਵਿਅਕਤੀ ਨੂੰ ਸ਼ੁੱਧ ਭੋਜਨ ਮੁਹੱਈਆ ਕਰਵਾਉਣਾ ਹੋਵੇਗਾ ਤਾਂ ਜੋ ਭਾਰਤ ਦਾ ਹਰ ਬੱਚਾ ਆਉਣ ਵਾਲੇ ਸਮੇਂ ਵਿੱਚ ਭਾਰਤ ਦਾ ਅਸਲ ਸਰਮਾਇਆ ਬਣ ਸਕੇ । ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸਾਨੂੰ ਚਾਰ ਮੁੱਖ ਉਪਰਾਲੇ ਕਰਨ ਦੀ ਸਖ਼ਤ ਲੋੜ ਹੈ ।



ਪਹਿਲਾ—ਸਾਰੇ ਸਰਕਾਰੀ, ਨਿੱਜੀ ਹਸਪਤਾਲਾਂ, ਡਿਸਪੈਂਸਰੀਆਂ ਅਤੇ ਡਾਕਟਰਾਂ ਦੀਆਂ ਨਿੱਜੀ ਕਲੀਨਿਕਾਂ ਤੋਂ ਇਲਾਜ ਕਰਵਾਉਣ ਵਾਲੇ ਹਰ ਮਰੀਜ਼ ਦੇ ਇਲਾਜ ਸੰਬੰਧੀ ਹਰ ਜਾਣਕਾਰੀ ਨੂੰ ਸਿਹਤ ਵਿਭਾਗ ਦੇ ਸਰਵਰ ਨਾਲ ਜੋੜਨਾ ਸਮੇਂ ਦੀ ਭਾਰੀ ਲੋੜ ਹੈ, ਤਾਂ ਜੋ ਕੋਈ ਵੀ ਡਾਕਟਰ ਮਰੀਜ਼ ਨੂੰ ਬੇਲੋੜੀਆਂ ਦਵਾਈਆਂ ਅਤੇ ਅਣਲੋੜੀਂਦੇ ਓਪ੍ਰੇਸ਼ਨ ਜਾਂ ਟੈਸਟ ਕਰਵਾ ਕੇ ਉਸ ਦੀ ਕੀਮਤੀ ਜ਼ਿੰਦਗੀ ਅਤੇ ਸਿਹਤ ਨਾਲ ਖਿਲਵਾੜ ਨਾ ਕਰ ਸਕੇ । ਇਸ ਤਰ੍ਹਾਂ ਕਰਨ ਨਾਲ ਸਿਹਤ ਸੰਬੰਧੀ ਬੀਮਾ ਧੋਖੇਬਾਜ਼ੀਆਂ ਅਤੇ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਰੁਕ ਜਾਵੇਗਾ। ਦੂਸਰਾ—ਮਿਊਂਸਪਲ ਕਾਰਪੋਰੇਸ਼ਨਾਂ ਨੂੰ ਘਰਾਂ ਤੋਂ ਕੂੜਾ ਕਰਕਟ ਇਕੱਠਾ ਕਰਨ ਦਾ ਪ੍ਰਬੰਧ ਅਤੇ ਸੀਵਰੇਜ-ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਖ਼ਾਸ ਉਪਰਾਲਾ ਕਰਨਾ ਹੋਵੇਗਾ ਤਾਂ ਜੋ ਇੱਥੋਂ ਫੈਲਦੀ ਗ਼ੰਦਗੀ ਤੋਂ ਵੱਖ-ਵੱਖ ਬਿਮਾਰੀਆਂ ਨਾ ਫੈਲਣ ਅਤੇ ਵਾਤਾਵਰਨ ਨੂੰ ਹਰ ਪੱਖੋਂ ਬਚਾਇਆ ਜਾ ਸਕੇ । ਤੀਸਰਾ—ਸਰਕਾਰ ਨੂੰ ਭੋਜਨ ਦੀਆਂ ਵਸਤਾਂ ਵਿੱਚ ਮਿਲਾਵਟ ਨੂੰ ਰੋਕਣ ਅਤੇ ਫ਼ਸਲਾਂ ਆਦਿ ਉੱਤੇ ਕੀਤੀ ਜਾਂਦੀ ਜ਼ਹਿਰੀਲੀਆਂ ਦਵਾਈਆਂ ਦੀ ਸਪਰੇਅ ਨੂੰ ਬੰਦ ਕਰਨ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ । ਚੌਥਾ—ਹਰ ਭਾਰਤੀ ਨੂੰ ਆਪਣੀ ਵਧ ਰਹੀ ਆਬਾਦੀ ਬਾਰੇ ਚਿੰਤਾ ਨਾਲ ਸੋਚਣਾ ਹੋਵੇਗਾ ਅਤੇ ਇਸ ਦੇ ਹੱਲ ਲਈ ਦੇਸ਼ ਦੇ ਹਰ ਵਸਨੀਕ ਨੂੰ ਜਾਗਰੂਕ ਕਰਨਾ ਹੋਵੇਗਾ । ਜੇਕਰ ਭਾਰਤ ਦੀ ਵਧਦੀ ਆਬਾਦੀ ’ਤੇ ਕਾਬੂ ਨਾ ਪਾਇਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਹਰ ਦੇਸ਼ ਵਾਸੀ ਨੂੰ ਇਸ ਤੋਂ ਵੀ ਭਿਆਨਕ ਨਤੀਜੇ ਭੁਗਤਣੇ ਪੈਣਗੇ ਅਤੇ ਕੋਈ ਵੀ ਸਰਕਾਰ ਅਰਬਾਂ ਰੁਪਏ ਖ਼ਰਚ ਕਰਨ ਦੇ ਬਾਵਜੂਦ ਵੀ ਇਨ੍ਹਾਂ ਮੁਸੀਬਤਾਂ ਦਾ ਪੱਕਾ ਹੱਲ ਨਹੀਂ ਲੱਭ ਸਕੇਗੀ ।

-www.amanpreetchhina.com
T: 0044 131 463 7007 (UK)

(ਅਜੀਤ 17-5-2014 ’ਚੋਂ ਧੰਨਵਾਦ ਸਹਿਤ !)

# ਵਾਤਾਵਰਣ ਵਿੱਚ ਤਬਦੀਲੀਆਂ ਦੇ ਖ਼ਦਸ਼ੇ

ਤਰਨਦੀਪ ਦਿਓਲ

ਪੰਜਾਬ ਭਾਰਤ ਦੇ ਪ੍ਰਮੁੱਖ ਸੂਬਿਆਂ ਵਿੱਚੋਂ ਇਕ ਰਿਹਾ ਹੈ । ਇਸ ਦੇ ਕਈ ਕਾਰਨ ਹਨ; ਜਿਵੇਂ ਇਸਦਾ ਖੇਤੀ ਪ੍ਰਧਾਨ ਹੋਣਾ, ਸਭ ਤੋਂ ਵਾਜਬ ਵਾਤਾਵਰਨ ਅਤੇ ਇੱਥੇ ਦੇ ਲੋਕਾਂ ਦੀ ਸਿਹਤ । ਲੋਕਾਂ ਦਾ ਧਰਮ ਅਤੇ ਉਸ ਦੀਆਂ ਮਾਨਤਾਵਾਂ ਵੀ ਇਸਦੇ ਕਾਰਨਾਂ ਵਿੱਚ ਸ਼ਾਮਲ ਹਨ । ਇਨ੍ਹਾਂ ਤੱਥਾਂ ਦਾ ਧਰਾਤਲ ਇਤਿਹਾਸ ਨਾਲ ਜੁੜਿਆ ਹੋਇਆ ਹੈ । ਜੇਕਰ ਵਰਤਮਾਨ ਦੀ ਗੱਲ ਕਰੀਏ ਜਾਂ ਭਵਿੱਖ 'ਤੇ ਨਜ਼ਰ ਮਾਰੀਏ ਤਾਂ ਕਿਸੇ ਵੀ ਦੂਰਅੰਦੇਸ਼ ਵਿਅਕਤੀ ਨੂੰ ਸਾਰਾ ਇਤਿਹਾਸ ਤਬਾਹ ਹੁੰਦਾ ਨਜ਼ਰ ਆਵੇਗਾ ਜਿਸ ਦੇ ਨਾ ਤਾਂ ਅੱਗੇ ਕੁਝ ਨਜ਼ਰ ਆ ਰਿਹਾ ਹੈ ਅਤੇ ਨਾ ਹੀ ਪਿੱਛੇ ।

ਮੌਜੂਦਾ ਸਮੇਂ ਪੰਜਾਬ ਦਾ ਪਾਣੀ ਧਾਤਾਂ ਮਿਲ ਜਾਣ ਕਾਰਨ ਇੰਨਾ ਭਾਰਾ ਹੋ ਚੁੱਕਿਆ ਹੈ ਕਿ ਇਸ ਕਾਰਨ ਕੈਂਸਰ, ਕਾਲਾ ਪੀਲੀਆ ਅਤੇ ਬੱਚਿਆਂ ਵਿੱਚ ਜਮਾਂਦਰੂ ਦਿਮਾਗ਼ੀ ਅਤੇ ਸਰੀਰਕ ਨੁਕਸ ਪੈਦਾ ਹੋ ਰਹੇ ਹਨ । ਜਦੋਂ ਤੋਂ ਪੰਜਾਬ ਦੇ ਪਾਣੀਆਂ ਵਿੱਚ ਯੂਰੇਨੀਅਮ ਦੇ ਪਾਏ ਜਾਣ ਦਾ ਪਤਾ ਲੱਗਿਆ ਹੈ, ਉਦੋਂ ਤੋਂ 'ਭਾਬਾ ਐਟੋਕਿਮ ਰਿਸਰਚ ਸੈਂਟਰ' (ਬੀ. ਆਰ. ਸੀ.) ਨੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਪਿਛਲੇ ਸਾਲ ਦੀ ਰਿਪੋਰਟ ਵਿੱਚ ਯੂਰੇਨੀਅਮ ਦੀ ਮਾਰ ਮਾਲਵੇ ਤਕ ਦਰਸਾਈ ਸੀ ਜਦੋਂ ਕਿ ਇਸ ਵਾਰ ਸਾਰਾ ਪੰਜਾਬ ਇਸ ਦੇ ਕਲਾਵੇ ਵਿੱਚ ਹੈ । ਪ੍ਰਾਪਤ ਅੰਕੜਿਆਂ ਅਨੁਸਾਰ ਮਾਝੇ ਦੇ ਤਰਨ-ਤਾਰਨ ਜ਼ਿਲ੍ਹੇ ਵਿੱਚ 188 ਪਾਣੀ ਦੇ ਸੈਂਪਲਾਂ ਵਿੱਚੋਂ 31 ਸੈਂਪਲ ਫੇਲ੍ਹ ਹੋ ਗਏ ਹਨ । ਅੰਮ੍ਰਿਤਸਰ ਜ਼ਿਲ੍ਹੇ ਵਿੱਚ 1 ਸੈਂਪਲ ਫੇਲ੍ਹ ਹੋ ਗਿਆ ਹੈ। ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚੋਂ 3,3 ਸੈਂਪਲ ਫੇਲ੍ਹ ਹੋਏ ਹਨ । ਜੇਕਰ ਜਲੰਧਰ ਦੀ ਗੱਲ ਕਰੀਏ ਤਾਂ 308 ਵਿੱਚੋਂ 10 ਸੈਂਪਲ ਫੇਲ੍ਹ ਹੋਏ ਹਨ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ 6 ਸੈਂਪਲ ਯੂਰੇਨੀਅਮ ਯੁਕਤ ਪਾਏ ਗਏ ਹਨ । ਜੇਕਰ ਮਾਲਵੇ ਵੱਲ ਮੁਹਾਣ ਕਰੀਏ ਤਾਂ ਇਹ ਅੰਕੜਾ ਸੈਂਕੜਿਆਂ ਵਿੱਚ ਪਹੁੰਚ ਜਾਂਦਾ ਹੈ । ਲੁਧਿਆਣੇ ਜ਼ਿਲ੍ਹੇ ਵਿੱਚ 597 ਸੈਂਪਲਾਂ ਵਿੱਚੋਂ 109 ਸੈਂਪਲ ਯੂਰੇਨੀਅਮ ਯੁਕਤ ਪਾਏ ਗਏ ਹਨ । ਸੰਗਰੂਰ ਦੇ 437 ਸੈਂਪਲਾਂ ਵਿੱਚੋਂ 160 ਸੈਂਪਲ ਫੇਲ੍ਹ ਹੋ ਗਏ ਹਨ । ਬਰਨਾਲੇ ਵਿੱਚ ਪਾਸ ਹੀ 8 ਸੈਂਪਲ ਹੋਏ ਹਨ ਅਤੇ 71 ਸੈਂਪਲਾਂ ਦੀ ਮਾਤਰਾ ਵੀ ਹੱਦ ਦਰਜੇ ਦੀ ਖ਼ਤਰਨਾਕ ਹੈ । ਇਸੇ ਤਰ੍ਹਾਂ ਇਹ ਵਰਤਾਰਾ ਬਠਿੰਡੇ ਦੇ 49 ਵਿੱਚੋਂ 31, ਫ਼ਰੀਦਕੋਟ ਦੇ 11 ਵਿੱਚੋਂ 4, ਫ਼ਤਿਹਗੜ੍ਹ ਸਾਹਿਬ ਦੇ 97 ਵਿੱਚੋਂ 29, ਫ਼ਾਜ਼ਿਲਕਾ ਦੇ 49 ਵਿੱਚੋਂ 26, ਫਿਰੋਜ਼ਪੁਰ ਦੇ 590 ਵਿੱਚੋਂ 232, ਮਾਨਸਾ ਦੇ 26 ਵਿੱਚੋਂ 6, ਮੋਗਾ ਦੇ



311 ਵਿੱਚੋਂ 190, ਸੈਂਪਲ ਯੂਰੇਨੀਅਮ ਯੁਕਤ ਦਰਸਾਉਂਦਾ ਹੈ। ਇਸੇ ਤਰ੍ਹਾਂ ਪਟਿਆਲੇ ਜ਼ਿਲ੍ਹੇ ਦੇ 320 ਵਿੱਚੋਂ 25 ਅਤੇ ਰੂਪਨਗਰ ਦੇ ਸੈਂਪਲ ਵੀ ਯੂਰੇਨੀਅਮ ਯੁਕਤ ਦਰਸਾਏ ਗਏ ਹਨ ।

ਜੇਕਰ ਹੋਰ ਭਾਰੇ ਤੱਤਾਂ ਦੇ ਅੰਕੜਿਆਂ ਦੀ ਗੱਲ ਕਰਨੀ ਹੋਵੇ ਤਾਂ ਉਹ ਹੋਰ ਵੀ ਭਿਆਨਕ ਅੰਕੜੇ ਪੇਸ਼ ਕਰਦੇ ਹਨ । ਸੂਬਾ ਸਰਕਾਰ ਇਨ੍ਹਾਂ ਮੁੱਦਿਆਂ ਦੇ ਆਰਜ਼ੀ ਹੱਲ R.O. ਪਲਾਂਟ ਲਗਾ ਕੇ ਕਰਨਾ ਚਾਹੁੰਦੀ ਹੈ ਜੋ ਕਿ ਪ੍ਰਾਈਵੇਟ ਸੈਕਟਰ ਨਾਲ ਸਾਂਝ ਭਿਆਲੀ ਵਜੋਂ ਲਾਏ ਹਨ । ਇਨ੍ਹਾਂ ਵਿੱਚੋਂ ਤਕਰੀਬਨ 40 ਫ਼ੀਸਦੀ ਚੰਗੀ ਤਰ੍ਹਾਂ ਨਾਲ ਕੰਮ ਕਰਨ ਤੋਂ ਵੀ ਅਸਮਰੱਥ ਹਨ । ਆਰ. ਓ. ਸਿਸਟਮ ਕੁਝ ਹੱਦ ਤਕ ਤਾਂ ਸ਼ੁੱਧ ਪਾਣੀ ਮੁਹੱਈਆ ਕਰਵਾ ਸਕਦਾ ਹੈ ਪਰ ਫ਼ਸਲਾਂ, ਜਾਨਵਰਾਂ ਅਤੇ ਰੋਜ਼ਾਨਾ ਦੀ ਹੋਰ ਵਰਤੋਂ ਲਈ ਪਾਣੀ ਦੀ ਉਪਲਬਧਤਾ ਨੂੰ ਕਿਵੇਂ ਯਕੀਨੀ ਬਣਾਇਆ ਜਾ ਸਕਦਾ ਹੈ ?

ਪੰਜਾਬ ਸਰਕਾਰ ਦੀ ਮੌਜੂਦ ਸਨਅਤ ਨੀਤੀ ਉੱਪਰ ਵੀ ਸ਼ੰਕੇ ਅਤੇ ਸਵਾਲ ਖੜ੍ਹੇ ਹੁੰਦੇ ਹਨ। ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਅਨੁਸਾਰ ਲੁਧਿਆਣਾ ਸਮੇਤ ਪੰਜਾਬ ਦੀਆਂ ਸਾਰੀਆਂ ਫੈਕਟਰੀਆਂ ਉੱਪਰ ਜਦੋਂ ਦਰਿਆਵਾਂ ਵਿੱਚ ਗੰਦੇ ਪਾਣੀ ਦੇ ਨਿਕਾਸ ਪ੍ਰਤੀ ਰਵੱਈਆ ਥੋੜ੍ਹਾ ਸਖ਼ਤ ਹੋਇਆ ਤਾਂ ਇਨ੍ਹਾਂ ਨੇ ਫੈਕਟਰੀਆਂ ਦੇ ਵਿੱਚ ਹੀ ਬੋਰ ਹੋਲ ਕਰਵਾ ਕੇ ਭਾਰੀਆਂ ਧਾਤਾਂ ਵਾਲਾ ਅਤੇ ਹੋਰ ਪ੍ਰਦੂਸ਼ਿਤ ਪਾਣੀ ਧਰਤੀ ਹੇਠਾਂ ਸੁੱਟਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਉਹ ਭਾਵੇਂ ਆਪਣਾ ਤਾਂ ਥੋੜ੍ਹਾ ਜਿਹਾ ਫ਼ਾਇਦਾ ਕਰ ਰਹੇ ਹਨ ਪਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਸਮੇਤ ਪੂਰੇ ਪੰਜਾਬ ਦਾ ਭਵਿੱਖ ਦਾਅ ਉੱਪਰ ਲਾ ਰਹੇ ਹਨ ।

ਇਸ ਤੋਂ ਇਲਾਵਾ ਅਖ਼ਬਾਰਾਂ ਵਿੱਚ ਮੌਜੂਦਾ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਵੱਲੋਂ ਦਿੱਤੇ ਗਏ ਬਿਆਨਾਂ ਅਨੁਸਾਰ 1 ਤੋਂ 31 ਦਸੰਬਰ ਤਕ ਕੈਂਸਰ ਸੰਬੰਧੀ ਪੰਜਾਬ ਵਿੱਚ ਕਰਵਾਏ ਗਏ ਸਰਵੇ ਵਿੱਚ 23874 ਵਿਅਕਤੀ ਕੈਂਸਰ ਪੀੜਿਤ ਪਾਏ ਗਏ ਸਨ, ਜਦੋਂ ਕਿ 18 ਵਿਅਕਤੀ ਹਰ ਰੋਜ਼ ਕੈਂਸਰ ਤੋਂ ਪੀੜਿਤ ਹੋ ਰਹੇ ਹਨ, ਜੋ ਆਪਣੇ-ਆਪ ਵਿੱਚ ਪੰਜਾਬ ਦੇ ਸਿਹਤ ਪ੍ਰਬੰਧ ਉੱਪਰ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦਾ ਹੈ । ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਕਈ ਹੋਰ ਵੀ ਬਿਆਨ ਆਏ ਜਿਵੇਂ ਕਿ ਫ਼ਰੀਦਕੋਟ ਦੇ ਬਾਹਰੀ ਖੇਤਰਾਂ ਵਿੱਚ ਜਾਂਚ ਟੀਮਾਂ ਪਹੁੰਚੀਆਂ ਹੀ ਨਹੀਂ ਸਨ । ਇਸ ਕਾਰਨ ਸਰਕਾਰੀ ਅੰਕੜਿਆਂ ਉੱਪਰ ਵੀ ਸਵਾਲ ਪੈਦਾ ਹੁੰਦੇ ਹਨ । ਫਿਰ ਵੀ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਸਰਕਾਰ ਦਾ ਸਿਹਤ ਉੱਪਰ ਬਜਟ ਵਧਦਾ ਨਜ਼ਰ ਨਹੀਂ ਆ ਰਿਹਾ ।

ਦਵਾਈਆਂ ਦੀ ਘਾਟ ਤਾਂ ਸਮੁੱਚੇ ਭਾਰਤ ਵਿੱਚ ਹੀ ਵੱਡੇ ਪੱਧਰ 'ਤੇ ਨਜ਼ਰ ਆ ਰਹੀ ਹੈ ਪਰ ਪੰਜਾਬ ਵਿੱਚ ਤਾਂ ਸਥਿਤੀ ਸਿਫ਼ਰ ਵਾਲੀ ਹੈ । ਸਾਧਾਰਨ ਦਵਾਈਆਂ ਜਾਂ ਥੋੜ੍ਹੀਆਂ-ਬਹੁਤ ਸੱਟ-ਫੇਟ ਨਾਲ ਸੰਬੰਧਿਤ ਦਵਾਈਆਂ ਹੀ ਸਰਕਾਰੀ ਹਸਪਤਾਲਾਂ ਵਿੱਚ ਉਪਲਬਧ ਹਨ। ਉਂਞ ਤਾਂ ਸਰਕਾਰੀ ਲੈਬਾਰਟਰੀਆਂ ਵਿੱਚ ਮਸ਼ੀਨਾਂ ਕੰਮ ਹੀ ਨਹੀਂ ਕਰਦੀਆਂ ਅਤੇ ਜੇਕਰ ਮਸ਼ੀਨਾਂ ਚੱਲਦੀਆਂ ਵੀ ਹਨ ਤਾਂ ਉਨ੍ਹਾਂ ਨੂੰ ਚਲਾਉਣ ਵਾਲਾ ਸਟਾਫ਼ ਮੌਜੂਦ ਨਹੀਂ ਹੈ । ਅੱਜ ਪੰਜਾਬ ਵਿੱਚ 64 ਫ਼ੀਸਦੀ ਡਾਕਟਰਾਂ, 40 ਫ਼ੀਸਦੀ ਨਰਸਾਂ ਅਤੇ 50 ਫ਼ੀਸਦੀ ਪੈਰਾਮੈਡੀਕਲ ਦੀਆਂ ਆਸਾਮੀਆਂ ਖ਼ਾਲੀ ਹਨ। ਹਾਲਾਂਕਿ ਅੰਤਰ-ਰਾਸ਼ਟਰੀ ਸੰਸਥਾ ਯੂ. ਐਨ. ਓ. ਦੇ ਚਾਰਟਰ ਵਿੱਚ ਭਾਰਤ ਨੇ ਸਿਹਤ ਅਤੇ ਸਿੱਖਿਆ ਮੁਫ਼ਤ ਮੁਹੱਈਆ ਕਰਵਾਉਣ ਦਾ ਅਹਿਦ ਕੀਤਾ ਹੋਇਆ ਹੈ, ਪਰ ਅੱਜ ਇਸ ਦੇ ਸੂਬਿਆਂ ਵਿੱਚ ਸਿਹਤ ਅਤੇ ਸਿੱਖਿਆ ਦੋਵਾਂ ਖੇਤਰਾਂ ਵਿੱਚ ਸਰਕਾਰਾਂ ਨਿੱਜੀ ਖੇਤਰ ਨਾਲ ਭਾਈਵਾਲੀ ਕਰਨ ਲਈ ਅੱਡੀਆਂ ਚੁੱਕ ਕੇ ਤਿਆਰ ਹਨ ।

ਪੰਜਾਬ ਸਰਕਾਰ ਨੇ ਹੁਣੇ ਹੀ ਮੈਨਸੈਂਟੋ ਨਾਮੀਂ ਇਕ ਕੰਪਨੀ ਨਾਲ ਸਮਝੌਤਾ ਸਹੀਬੱਧ ਕੀਤਾ ਹੈ, ਜਿਸ ਰਾਹੀਂ ਪੰਜਾਬ ਸਰਕਾਰ ਮੱਕੀ ਦੀ ਕਾਸ਼ਤ ਕਰਨ ਵਿੱਚ ਇਸ ਕੰਪਨੀ ਨੂੰ ਸਹਿਯੋਗ ਦੇਵੇਗੀ । ਇਹ ਉਹੀ ਕੰਪਨੀ ਹੈ ਜਿਸਨੇ ਦੂਜੇ ਮਹਾਂਯੁੱਧ ਵਿੱਚ ਜਾਪਾਨ ਉੱਪਰ ਪਰਮਾਣੂ ਬੰਬ ਬਣਾਉਣ ਵਿੱਚ ਮਦਦ ਕੀਤੀ ਸੀ । ਹੁਣ ਇਹ ਬੀ. ਟੀ. ਫ਼ਸਲਾਂ ਲੈ ਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਜਾ ਰਹੀ ਹੈ ਜਿਸਦਾ ਮਨੋਰਥ ਮੁਨਾਫ਼ਾ ਕਮਾਉਣਾ ਹੈ। ਬੀ. ਟੀ. ਫ਼ਸਲਾਂ ਮਨੁੱਖਤਾ ਲਈ ਧੀਮਾ ਜ਼ਹਿਰ ਹਨ, ਜੋ ਜਿੱਥੇ ਕੀੜੇ-ਮਕੌੜਿਆਂ ਨੂੰ ਖ਼ਤਮ ਕਰਦੀਆਂ ਹਨ ਉੱਥੇ ਧਰਤੀ ਅਤੇ ਮਨੁੱਖਤਾ ਲਈ ਵੀ ਘਾਤਕ ਹਨ । ਜਿੱਥੇ ਸੱਤਰਵਿਆਂ ਵਿੱਚ ਹਰੀ-ਕ੍ਰਾਂਤੀ ਦੇ ਸੱਦੇ 'ਤੇ ਪੰਜਾਬ ਵਿੱਚ ਰਸਾਇਣਿਕ ਖਾਦਾਂ ਦੀ ਅੰਧਾਧੁੰਦ ਵਰਤੋਂ ਕੀਤੀ ਗਈ ਸੀ, ਹੁਣ ਉਸ ਦੇ ਨਿਵਾਣ ਵੱਲ ਜਾਣ 'ਤੇ ਮੌਜੂਦਾ ਸਰਕਾਰ ਵੱਲੋਂ ਉਸ ਦਾ ਅਗਲਾ ਫੇਜ਼ ਬੀ. ਟੀ. ਫ਼ਸਲਾਂ ਰਾਹੀਂ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ ਜੋ ਵਕਤੀ ਤੌਰ 'ਤੇ ਤਾਂ ਉਤਪਾਦਨ ਵਧਾ ਸਕਦੀਆਂ ਹਨ ਪਰ ਭਵਿੱਖੀ ਖ਼ਦਸ਼ੇ ਵੀ ਵੱਡੇ ਪੱਧਰ 'ਤੇ ਪੈਦਾ ਹੋ ਜਾਣਗੇ, ਜਿਨ੍ਹਾਂ ਨਾਲ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਪ੍ਰਜਣਨ ਕ੍ਰਿਆ ਅਤੇ ਸਿਹਤ ਪ੍ਰਬੰਧ ਉੱਪਰ ਹੋਰ ਵੀ ਮਾੜੇ ਪ੍ਰਭਾਵ ਪੈਂਦੇ ਦਿਸਣਗੇ ।

(ਰੋਜ਼ਾਨਾ ਅਜੀਤ 06-04-2013 'ਚੋਂ ਧੰਨਵਾਦ ਸਹਿਤ !)



# ਸ਼ੁੱਧ ਵਾਤਾਵਰਨ ਵਿੱਚ ਪੰਛੀਆਂ ਦਾ ਯੋਗਦਾਨ

**ਪ੍ਰੋ: ਜਤਿੰਦਰ ਸਿੰਘ ਨੰਦਾ**

ਵੱਖੋ-ਵੱਖਰੇ ਰੰਗਾਂ ਦੇ ਬਣੇ ਹੋਏ ਖ਼ੂਬਸੂਰਤ ਪੰਛੀ ਸਾਡੇ ਵਾਤਾਵਰਨ ਦਾ ਸਭ ਤੋਂ ਉੱਤਮ ਸਰਮਾਇਆ ਹਨ । ਇਹ ਵਾਤਾਵਰਨ ਦੀ ਸ਼ੁੱਧਤਾ ਤੇ ਸਾਵੇਂਪਨ ਨੂੰ ਕਾਇਮ ਕਰਨ ਲਈ ਸਭ ਤੋਂ ਵੱਧ ਕਾਰਗਰ ਸਾਬਤ ਹੁੰਦੇ ਹਨ। ਪੰਛੀਆਂ ਦੀਆਂ ਵੱਖੋ-ਵੱਖਰੀਆਂ ਸੰਗੀਤਮਈ ਆਵਾਜ਼ਾਂ ਤੇ ਉਨ੍ਹਾਂ ਦੀਆਂ ਉੱਚੇ ਗਗਨਾਂ 'ਤੇ ਉਡਾਰੀਆਂ ਸਾਨੂੰ ਆਪਣੇ ਜੀਵਨ ਵਿੱਚ ਵੀ ਉਚਾਈਆਂ 'ਤੇ ਪਹੁੰਚਣ ਲਈ ਪ੍ਰੇਰਿਤ ਕਰਦੀਆਂ ਹਨ।

ਸ਼ੁੱਧ ਵਾਤਾਵਰਨ ਤੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਕਾਇਮ ਕਰਨ ਲਈ ਜੋ ਯੋਗਦਾਨ ਪੰਛੀਆਂ ਦਾ ਹੈ ਉਹ ਇਨਸਾਨਾਂ ਦਾ ਨਹੀਂ ਹੋ ਸਕਦਾ । ਪੰਛੀ ਤੀਲਾ-ਤੀਲਾ ਇਕੱਠਾ ਕਰਕੇ ਆਪਣਾ ਆਲ੍ਹਣਾ ਪਾਉਂਦੇ ਹਨ, ਪਰ ਮਨੁੱਖ ਬੂਟਿਆਂ ਤੇ ਦਰੱਖ਼ਤਾਂ ਨੂੰ ਕੱਟ ਕੇ ਪ੍ਰਕਿਰਤੀ 'ਤੇ ਕੁਹਾੜੀ ਮਾਰ ਕੇ ਸੀਮੈਂਟ, ਪੱਥਰ, ਇੱਟਾਂ ਨਾਲ ਘਰ ਬਣਾਉਂਦੇ ਹਨ। ਮਨੁੱਖ ਜ਼ਿੰਦਗੀ ਭਰ ਕਿਸੇ ਨਾ ਕਿਸੇ ਆਸਰੇ 'ਤੇ ਰਹਿੰਦਾ ਹੈ, ਪਰ ਪੰਛੀਆਂ ਲਈ ਕੁਦਰਤ ਹੀ ਉਸ ਦਾ ਆਸਰਾ ਹੈ। ਪ੍ਰਕਿਰਤੀ ਹੀ ਪੰਛੀ ਨੂੰ ਸ਼ੁੱਧ ਪਾਣੀ ਤੇ ਸਾਫ਼ ਖ਼ੁਰਾਕ ਦਿੰਦੀ ਹੈ, ਪਰ ਮਨੁੱਖ ਪੰਛੀਆਂ ਦੇ ਜੀਵਨ ਤੋਂ ਕੁਝ ਨਹੀਂ ਸਿੱਖਦਾ ਤੇ ਸਦਾ ਵਾਤਾਵਰਨ ਨੂੰ ਖ਼ਰਾਬ ਕਰਨ 'ਤੇ ਤੁਲਿਆ ਰਹਿੰਦਾ ਹੈ।

ਤਕਨੀਕੀ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਉਹ ਇਹ ਨਹੀਂ ਸੋਚਦਾ ਕਿ ਉਹ ਆਪਣੇ ਸਵਾਰਥ ਨੂੰ ਪੂਰਾ ਤਾਂ ਕਰ ਲੈਂਦਾ ਹੈ, ਪਰ ਪੰਛੀਆਂ ਦੀ ਜਾਨ ਦਾਅ 'ਤੇ ਲਗਾ ਦਿੰਦਾ ਹੈ। ਕਿੰਨੇ ਹੀ ਨਰਮ ਹੱਡੀਆਂ ਵਾਲੇ ਪੰਛੀ ਚਿੜੀਆਂ, ਕਬੂਤਰ, ਗੁਟਾਰਾਂ ਟਾਵਰਾਂ ਤੋਂ ਆਉਂਦੀਆਂ ਰੇਡੀਏਸ਼ਨ ਕਿਰਨਾਂ ਕਾਰਨ ਪ੍ਰਕਿਰਤੀ ਵਿੱਚੋਂ ਅਲੋਪ ਹੋ ਰਹੀਆਂ ਹਨ । ਮਾਹਰ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਰਮ ਕੰਨ ਲਗਾਤਾਰ ਮੋਬਾਈਲ ਨੂੰ ਸੁਣੇ ਹੋਏ ਗਰਮ ਹੋ ਜਾਂਦੇ ਹਨ ਤੇ ਇਨ੍ਹਾਂ ਦੀ ਬਹੁਤੀ ਵਰਤੋਂ ਸਿਹਤ ਨਾਲ ਖਿਲਵਾੜ ਕਰਦੀ ਹੈ, ਪਰ ਇਹ ਪੰਛੀ ਤਾਂ ਨਿਰੇ ਨਰਮ ਵਜੂਦ ਦੇ ਬਣੇ ਹੁੰਦੇ ਹਨ, ਉਹ ਲਗਾਤਾਰ ਕਿਸ ਤਰ੍ਹਾਂ ਕਿਰਨਾਂ ਨੂੰ ਸਹਿ ਸਕਦੇ ਹਨ।

ਇਸ ਲਈ ਸਾਰੀ ਦੁਨੀਆਂ ਵਿੱਚ ਫ਼ਿਕਰ ਇਹ ਬਣਿਆ ਹੋਇਆ ਹੈ ਕਿ ਜੇ ਇਸ ਤਰ੍ਹਾਂ ਟਾਵਰਾਂ ਦੀ ਗਿਣਤੀ ਵਧਦੀ ਗਈ ਤਾਂ ਪੰਛੀ ਨਹੀਂ ਰਹਿਣਗੇ ।

ਹੁਣ ਮਨੁੱਖ ਆਪ ਤਾਂ ਸ਼ੁੱਧ ਪਾਣੀ ਲਈ ਕਈ ਤਰ੍ਹਾਂ ਦੇ ਵਿਗਿਆਨਕ ਯੰਤਰ ਲਾ ਕੇ ਪਾਣੀ ਪੀਣ ’ਤੇ ਮਜਬੂਰ ਹੋ ਰਿਹਾ ਹੈ, ਸ਼ੁੱਧ ਪਾਣੀ ਨੂੰ ਬੋਤਲਾਂ ਵਿੱਚ ਬੰਦ ਕਰਕੇ ਵੇਚ ਰਿਹਾ ਹੈ; ਪਰ ਪੰਛੀ ਜੋ ਸਾਡੇ ਸਾਫ਼ ਵਾਤਾਵਰਨ ਲਈ ਬਹੁਤ ਜ਼ਰੂਰੀ ਕੜੀ ਮੰਨੇ ਜਾਂਦੇ ਹਨ ਉਨ੍ਹਾਂ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ ਕਰਦੇ। ਇੱਥੋਂ ਤਕ ਕਿ ਆਪਣੇ ਘਰਾਂ ਦੇ ਉੱਚੇ ਚੁਬਾਰਿਆਂ ’ਤੇ ਪਾਣੀ ਦੇ ਕੁੱਜਿਆਂ ਦਾ ਕੋਈ ਪ੍ਰਬੰਧ ਭੀ ਨਹੀਂ ਕਰਦੇ, ਉਨ੍ਹਾਂ ਲਈ ਦਾਣਾ ਨਹੀਂ ਸੁੱਟਦੇ, ਜਿਸ ਕਾਰਨ ਸਾਡੇ ਇਹ ਨਾਜ਼ੁਕ ਪੰਛੀ ਚਿੜੀਆਂ, ਕਬੂਤਰ, ਕਾਂ, ਗੁਟਾਰਾਂ, ਇੱਲਾਂ ਭੁੱਖੀਆਂ-ਪਿਆਸੀਆਂ ਹੀ ਆਪਣੀ ਜਾਨ ਗੁਆ ਰਹੀਆਂ ਹਨ ਤੇ ਪ੍ਰਕਿਰਤੀ ਦੇ ਸਾਵੇਂਪਨ ਨੂੰ ਬਹੁਤ ਖੋਰਾ ਲਗਾ ਰਹੀਆਂ ਹਨ।

ਪੰਛੀਆਂ ਦੇ ਦਿਨੋ-ਦਿਨ ਅਲੋਪ ਹੋਣ ਦੇ ਭਿੰਨ-ਭਿੰਨ ਕਾਰਨਾਂ ਵਿੱਚੋਂ ਸਾਡੀ ਦਿਨੋ-ਦਿਨ ਪਰਿਵਰਤਿਤ ਹੁੰਦੀ ਜ਼ਿੰਦਗੀ ਹੈ। ਜੇ ਘਰਾਂ ਤੋਂ ਗੱਲ ਅਰੰਭ ਕਰੀਏ ਤਾਂ ਸਾਡੇ ਘਰਾਂ ਦਾ ਸ਼ਿਲਪੀ ਵਿਧਾਨ ਹੀ ਕੁਝ ਇਸ ਕਿਸਮ ਦਾ ਬਣਨਾ ਅਰੰਭ ਹੋ ਗਿਆ ਹੈ ਕਿ ਸਾਡੇ ਪੰਛੀ ਇੱਥੇ ਟਿਕਾਣਾ ਕਰ ਹੀ ਨਹੀਂ ਸਕਦੇ। ਅੱਗੇ ਘਰ ਦੇ ਕਮਰੇ ਤੇ ਬਰਾਂਡੇ ਲੱਕੜ ਦੇ ਬਾਲਿਆਂ ਦੇ ਹੁੰਦੇ ਸਨ ਜਿਨ੍ਹਾਂ ਵਿੱਚ ਕੁਝ ਵਿੱਥਾਂ ਹੁੰਦੀਆਂ ਸਨ ਤੇ ਪੰਛੀ ਆਲ੍ਹਣੇ ਪਾ ਕੇ ਨਿਸ਼ਚਿੰਤ ਇਨ੍ਹਾਂ ਵਿੱਚ ਵਾਸ ਕਰਦੇ ਸਨ। ਹੁਣ ਸਾਡੇ ਘਰਾਂ ਵਿੱਚ ਸੀਮੈਂਟ ਨਾਲ ਲੈਂਟਰ ਪਾਏ ਜਾਂਦੇ ਹਨ, ਛੱਤਾਂ ’ਤੇ ਪੱਖੇ ਲਟਕਾਏ ਜਾਂਦੇ ਹਨ, ਇਹ ਲੋਕਾਂ ਦੀ ਅੱਜ ਦੇ ਸਮੇਂ ਦੀ ਲੋੜ ਬਣ ਗਈ ਹੈ, ਫਿਰ ਚਿੜੀ ਵਿਚਾਰੀ ਕੀ ਕਰੇ। ਮਾਹਰ ਇਹ ਕਹਿੰਦੇ ਹਨ ਕਿ ਚਿੜੀਆਂ ਤਾਂ ਬਾਹਰ ਗੰਦੀ ਹਵਾ ਕੱਢਣ ਲਈ ਜੋ ਐਗਜਾਸ਼ਟ ਫੈਨ ਲਾਏ ਜਾਂਦੇ ਹਨ, ਉਨ੍ਹਾਂ ਵਿੱਚ ਬਣਦੀ ਥਾਂ ’ਤੇ ਆਪਣਾ ਆਲ੍ਹਣਾ ਪਾ ਕੇ ਗੰਦੀ ਹਵਾ ਤੇ ਧੂੰਏਂ ਨਾਲ ਲਾਚਾਰ ਹੋ ਕੇ ਆਪਣੀ ਜ਼ਿੰਦਗੀ ਬਿਤਾਉਣ ਲਈ ਮਜਬੂਰ ਹਨ ।

ਸਾਡੀਆਂ ਕੁਝ ਸਦਾਬਹਾਰ ਝੀਲਾਂ, ਨਦੀਆਂ, ਦਰਿਆਵਾਂ ਦੇ ਕਿਨਾਰਿਆਂ ’ਤੇ ਮੌਸਮ ਦੇ ਬਦਲਣ ਕਰਕੇ ਠੰਢੀਆਂ ਹਵਾਵਾਂ ਤੇ ਬਰਫ਼ਬਾਰੀ ਤੋਂ ਬਚਣ ਲਈ ਦੂਰ-ਦੁਰਾਡੀਆਂ ਥਾਵਾਂ ਤੋਂ ਪਰਵਾਸੀ ਪੰਛੀ ਆਉਂਦੇ ਹਨ। ਅਸੀਂ ਇਨ੍ਹਾਂ ਪੰਛੀਆਂ ਨੂੰ ਵਾਤਾਵਰਨ ਦੀ ਸੁੰਦਰਤਾ ਦਾ ਖ਼ਿਆਲ ਕਰਦੇ ਹੋਏ ਸ਼ੁੱਭ ਸੰਕੇਤ ਸਮਝਦੇ ਹੋਏ ਢੋਲ ਵਜਾ ਕੇ ਸਵਾਗਤ ਕਰਦੇ ਹਾਂ। ਖੋਜੀ ਕਹਿੰਦੇ ਹਨ ਕਿ ਇਨ੍ਹਾਂ ਦਾ ਰਸਮੀ ਤੌਰ ’ਤੇ ਸਵਾਗਤ ਕਰਨ ਦੇ ਨਾਲ ਖੋਜੀਆਂ ਨੂੰ ਇੱਥੇ ਕੁਝ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ



ਬਨਸਪਤੀ ਵਿਗਿਆਨ ਦਾ ਖੇਤਰ ਹੋਰ ਵੀ ਵਿਸ਼ਾਲ ਹੋ ਸਕੇ । ਖੋਜੀਆਂ ਲਈ ਤਕਨੀਕੀ ਤੌਰ ’ਤੇ ਉੱਤਮ ਬਾਈਨੈਕਰੋ ਕੈਮਰਿਆਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਤਾਂ ਜੋ ਇਨ੍ਹਾਂ ਪੰਛੀਆਂ ਦੀ ਨਰ ਤੇ ਮਾਦਾ ਵੰਨਗੀ ਦੀ ਪਹਿਚਾਣ ਹੋ ਸਕੇ । ਜਿੰਨੇ ਚਿਰ ਲਈ ਇਹ ਇੱਥੇ ਰੁਕਦੇ ਹਨ, ਉਨ੍ਹਾਂ ਦੇ ਟਿਕਾਣਿਆਂ, ਖ਼ੁਰਾਕ ਤੇ ਹੋਰ ਜ਼ਰੂਰੀ ਲੋੜਾਂ ਦਾ ਪ੍ਰਬੰਧ ਕੀਤਾ ਜਾ ਸਕੇ। ਦਰਿਆਵਾਂ ਦੀ ਸਾਂਭ-ਸੰਭਾਲ ਤੇ ਸਫ਼ਾਈ ਦਾ ਪੂਰਾ ਪ੍ਰਬੰਧ ਕਰਨਾ ਜ਼ਰੂਰੀ ਹੁੰਦਾ ਹੈ, ਕਈ ਵਾਰੀ ਸਥਿਤੀ ਬਹੁਤ ਦੁਖਮਈ ਤੇ ਮੰਦਭਾਗੀ ਬਣ ਜਾਂਦੀ ਹੈ ਜਦੋਂ ਲੋਕ ਇਕੱਠੇ ਤੇ ਰੰਗ-ਬਰੰਗੇ ਪਰਵਾਸੀ ਪੰਛੀਆਂ ਦੀ ਉਡੀਕ ਵਿੱਚ ਖੜ੍ਹੇ ਹੁੰਦੇ ਹਨ; ਪਰ ਅੱਗੋਂ ਲਾਸ਼ਾਂ ਰੁੜ੍ਹਦੀਆਂ ਨਜ਼ਰ ਆਉਂਦੀਆਂ ਹਨ।

ਵਾਤਾਵਰਨ ਪ੍ਰੇਮੀ, ਇਸ ਦਿਸਦੇ ਸੰਸਾਰ ਵਿੱਚ ਵਧ ਰਹੇ ਪ੍ਰਦੂਸ਼ਣ ਦਾ ਇਕ ਕਾਰਨ ਇਹ ਵੀ ਬਿਆਨ ਕਰਦੇ ਹਨ ਕਿ ਸਾਡੀ ਜ਼ਮੀਨ ’ਤੇ ਪਈ ਗ਼ੰਦਗੀ ਤੇ ਮਰੇ ਹੋਏ ਜਾਨਵਰਾਂ ਦਾ ਮਾਸ ਚੂੰਡ-ਚੂੰਡ ਕੇ ਖਾ ਜਾਵਣ ਵਾਲੀਆਂ ਗਿਰਝਾਂ ਵੀ ਹੁਣ ਜਦ ਦੀਆਂ ਖ਼ਤਮ ਹੋਣੀਆਂ ਅਰੰਭ ਹੋਈਆਂ ਹਨ, ਵਾਤਾਵਰਨ ਦੀ ਸ਼ੁੱਧਤਾ ਭੰਗ ਹੋਣੀ ਸ਼ੁਰੂ ਹੋ ਗਈ ਹੈ।

ਪੰਛੀ ਨਿਰਾ ਘਰਾਂ ਤੋਂ ਬਾਹਰ ਵਾਤਾਵਰਨ ਨੂੰ ਰੰਗੀਨ ਤੇ ਸੁੰਦਰ ਬਣਾਉਣ ਵਿੱਚ ਆਪਣਾ ਯੋਗਦਾਨ ਹੀ ਨਹੀਂ ਪਾਉਂਦੇ, ਸਗੋਂ ਆਪਣੇ ਆਲ੍ਹਣਿਆਂ ਦੇ ਨਿਰਮਾਣ ਵਿੱਚ ਕਲਾਕਾਰੀ ਤੇ ਸੁਹਜ ਦਾ ਪ੍ਰਗਟਾਵਾ ਵੀ ਕਰਦੇ ਹਨ, ਉਨ੍ਹਾਂ ਤੋਂ ਮਨੁੱਖ ਨੂੰ ਵੀ ਕੁਝ ਸਿੱਖਣ ਦੀ ਲੋੜ ਹੈ। ਕਦੇ ਬਿਜੜੇ ਨੂੰ ਕਲਾਕਾਰੀ ਨਾਲ ਆਪਣਾ ਘਰ ਬਣਾਉਂਦਾ ਹੋਇਆ ਦੇਖੋ, ਉਹ ਕਿੰਨੀ ਸੁੰਦਰਤਾ ਨਾਲ ਇਕੱਲੀ-ਇਕੱਲੀ ਵਸਤੂ ਨੂੰ ਸੁਹਜ ਨਾਲ ਸ਼ਿੰਗਾਰ ਕੇ ਟਿਕਾਉਂਦਾ ਹੈ।

ਵਾਤਾਵਰਨ ਮਾਹਰ ਇਹ ਸਲਾਹ ਦਿੰਦੇ ਹਨ ਕਿ ਜਿੱਥੇ ਪਹਿਲਾਂ ਪੰਛੀ ਸਦੀਆਂ ਤੋਂ ਆਲ੍ਹਣੇ ਬਣਾਉਂਦੇ ਆਏ ਹਨ, ਉਨ੍ਹਾਂ ਨੂੰ ਖ਼ਤਮ ਕਰਨਾ ਪ੍ਰਕ੍ਰਿਤੀ ਦੀ ਇਸ ਅਣਮੁੱਲੀ ਦੇਣ ਤੋਂ ਮੂੰਹ ਮੋੜਨਾ ਹੈ, ਇਸ ਲਈ ਮਨੁੱਖਾਂ ਨੂੰ ਵੀ ਚਾਹੀਦਾ ਹੈ ਕਿ ਘਰਾਂ ਦੇ ਬਰਾਮਦਿਆਂ ਵਿੱਚ ਕੁਝ ਜਗ੍ਹਾ ਖਾਲੀ ਛੱਡਣ ਤਾਂ ਜੋ ਪੰਛੀ ਆਪਣਾ ਟਿਕਾਣਾ ਇਨ੍ਹਾਂ ਥਾਵਾਂ ’ਤੇ ਬਣਾ ਸਕਣ । ਘਰਾਂ ਵਿਚ ਸ਼ੁੱਧ ਵਾਤਾਵਰਨ ਲਈ ਜਿੱਥੇ ਅਸੀਂ ਘਰਾਂ ਦੀ ਸਫ਼ਾਈ ਕਰਦੇ ਹਾਂ, ਉੱਥੇ ਕੁਝ ਵੇਲਾਂ ਖ਼ਾਸ ਤੌਰ ’ਤੇ ‘ਬੋਗਨ ਵਿਲਾ’ ਤੇ ‘ਮਨੀ ਪਲਾਂਟ’ ਆਦਿ ਵਿੱਚ ਚਿੜੀਆਂ ਆਪਣਾ ਟਿਕਾਣਾ ਬਣਾਉਂਦੀਆਂ ਹਨ, ਉਨ੍ਹਾਂ ਨੂੰ ਇਜ਼ਾਦ ਕਰਨ।

ਇਸ ਤਰ੍ਹਾਂ ਉਹ ਪ੍ਰਕਿਰਤੀ ਨਾਲ ਜੁੜਨ ਤੇ ਪੰਛੀਆਂ ਦੀਆਂ ਸੁਰਾਂ ਨੂੰ ਵੀ ਮਾਣਨ ਤੇ ਵਾਤਾਵਰਨ ਵੀ ਸ਼ੁੱਧ ਬਣਾਉਣ ।

ਵਿਸ਼ਵ ਵਿੱਚ ਹੁਣ ਵਾਤਾਵਰਨ ਦੀ ਸ਼ੁੱਧਤਾ ਤੇ ਪੰਛੀਆਂ ਦੇ ਯੋਗਦਾਨ ਬਾਰੇ ਨਵੀਆਂ ਖੋਜਾਂ ਹੋ ਰਹੀਆਂ ਹਨ। ਇਹ ਪੰਛੀ ਹੀ ਹਨ, ਜਿਨ੍ਹਾਂ ਨੂੰ ਕਿਸੇ ਦੇਸ਼ ਵਿੱਚ ਜਾਣ ਲਈ ਕਿਸੇ ਵੀਜ਼ੇ ਜਾਂ ਪਾਸਪੋਰਟ ਦੀ ਲੋੜ ਨਹੀਂ ਹੈ, ਸੰਸਾਰ ਵਿੱਚ ਜੋ ਪ੍ਰਕਿਰਤੀ ਦੀ ਸਥਿਤੀ ਹੈ, ਸਭ ਤੋਂ ਪਹਿਲਾਂ ਸਾਨੂੰ ਇਹ ਜਾਣੂ ਕਰਾਉਂਦੇ ਹਨ। ਦੂਜੇ ਗੁਆਂਢੀ ਦੇਸ਼ ਜਾਂ ਆਪਣੇ ਦੇਸ਼ ਵਿੱਚ ਭੂਚਾਲ ਆਉਣ ਦੀ ਆਹਟ ਸਭ ਤੋਂ ਪਹਿਲਾਂ ਇਨ੍ਹਾਂ ਪੰਛੀਆਂ ਨੂੰ ਹੁੰਦੀ ਹੈ। ਜਾਪਾਨ ਵਿੱਚ ਜਿੱਥੇ ਬਹੁਤ ਭੂਚਾਲ ਆਉਂਦੇ ਹਨ ਉੱਥੇ ਖੋਜੀਆਂ ਨੇ ਪੰਛੀਆਂ ਉੱਤੇ ਇਹ ਸੰਕੇਤ ਦੇਖ ਕੇ ਕਈ ਤਰ੍ਹਾਂ ਦੇ ਬਚਾਓ ਕਰਨੇ ਅਰੰਭ ਕਰ ਦਿੱਤੇ ਹਨ ਤੇ ਕਾਮਯਾਬੀ ਪ੍ਰਾਪਤ ਕੀਤੀ ਹੈ।

ਜੇ ਇਹ ਪੰਛੀ ਨਹੀਂ ਰਹਿਣਗੇ ਤਾਂ ਪ੍ਰਕਿਰਤੀ ਆਪਣੀ ਆਵਾਜ਼ ਗੁਆ ਲਵੇਗੀ ਤੇ ਸਾਰਾ ਬ੍ਰਹਿਮੰਡ ਇਕ ਸਾਂਝਾ ਦੂਤ ਜੋ ਦੁਨੀਆਂ ਦੇ ਇਕ ਸਿਰੇ ਨੂੰ ਦੂਜੇ ਸਿਰੇ ਨਾਲ ਜੋੜਦਾ ਹੈ, ਉਸ ਤੋਂ ਵੀ ਹੱਥ ਧੋ ਲਵੇਗੀ। ਵਿਸ਼ਵ ਵਿੱਚ ਵਧਦੇ ਤਾਪਮਾਨ ਕਰਕੇ ਖ਼ਰਾਬੀ ਆ ਰਹੀ ਹੈ, ਉਸ ਵਿੱਚ ਪੰਛੀਆਂ ਦੇ ਲੁਪਤ ਹੋ ਜਾਣ ਕਾਰਨ ਘਾਟਾ ਪਿਆ ਹੈ, ਹੁਣ ਵਿਗਿਆਨੀਆਂ ਵੱਲੋਂ ਉਸ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ, ਤਾਂ ਜੋ ਉਨ੍ਹਾਂ ਦੀ ਸਹੀ ਸੰਭਾਲ ਕੀਤੀ ਜਾ ਸਕੇ। ਪੰਛੀ ਪ੍ਰਕਿਰਤੀ ਵਿਭਿੰਨਤਾ ਦੀ ਸਭ ਤੋਂ ਸੁੰਦਰ ਮਿਸਾਲ ਹਨ ਤੇ ਸਾਡੇ ਵਾਤਾਵਰਨ ਦੀ ਸ਼ੁੱਧਤਾ ਲਈ ਅਹਿਮ ਲੋੜ ਹਨ।

-274 ਏ. ਐਕਸ, ਮਾਡਲ ਟਾਊਨ, ਐਕਸਟੈਨਸ਼ਨ, ਲੁਧਿਆਣਾ।
ਮੋਬਾਈਲ : 98152-55295

(ਅਜੀਤ 05-04-2015 'ਚੋਂ ਧੰਨਵਾਦ ਸਹਿਤ!)



## ਜੁਗੋ ਜੁਗ ਅਟੱਲ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਛੇਤੀ ਛੇਤੀ ਆਇਆ ਕਰੋ

ਨਵੀਂ ਮਸ਼ੀਨੀ ਸੱਭਿਅਤਾ ਨੇ ਅਨੇਕਾਂ ਖ਼ਤਰੇ ਮਨੁੱਖ ਜਾਤੀ ਲਈ ਪੈਦਾ ਕਰ ਦਿੱਤੇ ਹਨ ਅਤੇ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ । ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਖ਼ਤਰਿਆਂ ਦਾ ਪਤਾ ਕਰਨ ਤੇ ਉਹਨਾਂ ਖ਼ਤਰਿਆਂ ਤੋਂ ਬਚਣ ਦਾ ਗਿਆਨ ਪ੍ਰਾਪਤ ਕਰਨ ਲਈ ਅਜਿਹੇ ਕੇਂਦਰੀ ਤੀਰਥ ਅਸਥਾਨਾਂ 'ਤੇ ਜਾਣ ਦੀ ਲੋੜ ਹੁੰਦੀ ਹੈ, ਜਿਸ ਦਾ ਇਤਿਹਾਸ ਸੂਰਜ-ਚੰਦ ਵਾਂਙ ਚਮਕ ਰਿਹਾ ਹੈ । ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੁਨੀਆਂ ਦੇ ਅਜਿਹੇ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਤੀਰਥ ਸਥਾਨਾਂ 'ਚੋਂ ਇਕ ਹੈ । ਹਰ ਗੁਰਸਿੱਖ ਨੂੰ ਇਸ ਮਹਾਨ ਤੀਰਥ ਦੀ ਯਾਤਰਾ ਸਾਲ ਵਿੱਚ ਘੱਟੋ-ਘੱਟ ਇਕ ਵਾਰ ਜ਼ਰੂਰੀ ਕਰਨੀ ਚਾਹੀਦੀ ਹੈ। ਗੁਰਬਾਣੀ ਦੇ ਨਿੱਤਨੇਮ ਦਾ ਪਾਠ ਕਰਨ ਵਾਲਾ ਹਰ ਸਿੱਖ ਦਿਨ ਵਿੱਚ ਘੱਟੋ-ਘੱਟ ਦੋ ਵਾਰੀ ਅਰਦਾਸ ਕਰਦਾ ਹੈ ਤੇ ਅਰਦਾਸ ਵਿੱਚ ਹੇਠ ਲਿਖੇ ਸ਼ਬਦਾਂ ਨੂੰ ਪੜ੍ਹਦਾ ਹੈ-"ਦਾਨਾਂ ਸਿਰ ਦਾਨ ਨਾਮ ਦਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ।" ਇਹ ਸ਼ਬਦ ਅਰਦਾਸ ਕਰਨ ਵਾਲੇ ਸਿੱਖ ਦੇ ਹਿਰਦੇ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰਦੇ ਰਹਿੰਦੇ ਹਨ ਤੇ ਜਦ ਤਕ ਉਹ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਨਾ ਕਰ ਲਵੇ ਉਦੋਂ ਤਕ ਉਹ ਆਪਣੇ ਜੀਵਨ ਵਿੱਚ ਬਹੁਤ ਵੱਡੀ ਰੂਹਾਨੀ ਘਾਟ ਸਮਝੇ ਤੇ ਜਿੰਨੀ ਵਾਰੀ ਦਰਸ਼ਨ ਕਰ ਸਕੇ ਥੋੜ੍ਹਾ ਸਮਝੇ ਤੇ ਛੇਤੀ-ਛੇਤੀ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਆਉਂਦਾ ਰਹੇ । ਇਸ ਇਤਿਹਾਸ ਵਿੱਚ ਮੈਂ ਮਸ਼ੀਨੀ ਸੱਭਿਅਤਾ ਦੇ ਨਵੇਂ ਯੁੱਗ ਵਿੱਚ ਪੈਦਾ ਹੋਏ ਕੁਝ ਖ਼ਤਰਿਆਂ 'ਤੇ ਚਾਨਣਾ ਪਾਇਆ ਹੈ ਪਰ ਖ਼ਤਰਿਆਂ ਦਾ ਅੰਤ ਵੀ ਕੋਈ ਨਹੀਂ । ਹਜ਼ਾਰਾਂ ਖ਼ਤਰੇ ਪੈਦਾ ਹੋ ਚੁੱਕੇ ਹਨ ਤੇ ਅਨੇਕਾਂ ਹੋਰ ਖ਼ਤਰੇ ਪੈਦਾ ਹੋ ਰਹੇ ਹਨ ਤੇ ਦੁਨੀਆਂ ਦੇ ਬੰਦੇ ਉਨ੍ਹਾਂ ਖ਼ਤਰਿਆਂ ਤੋਂ ਭਾਰੇ ਕਸ਼ਟ ਭੋਗ ਰਹੇ ਹਨ, ਬਿਨ ਆਈਆਂ ਮੌਤਾਂ ਮਰ ਰਹੇ ਹਨ । ਪਿੰਗਲਵਾੜੇ ਦੇ ਇਸ਼ਤਿਹਾਰਾਂ ਦੁਆਰਾ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਖ਼ਤਰਿਆਂ ਤੋਂ ਜਾਣੂ ਕਰਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਪਿੰਗਲਵਾੜੇ ਦੇ ਸੇਵਾਦਾਰ ਘੰਟਾ ਘਰ ਦੀ ਡਿਓਢੀ ਤੇ ਮੰਜੀ ਸਾਹਿਬ ਦੇ ਲਾਗੇ ਖੜ੍ਹੇ ਹੋ ਕੇ ਵੰਡਦੇ ਰਹਿੰਦੇ ਹਨ ਤੇ ਦੋਹਾਂ ਥਾਵਾਂ ਤੇ ਸਾਡੇ ਪ੍ਰਚਾਰ ਅੱਡੇ ਬਣੇ ਹੋਏ ਹਨ ।

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਛੇਤੀ-ਛੇਤੀ ਆਇਆ ਕਰੋ । ਅਜਿਹੇ ਬੰਦੇ ਭਾਗਾਂ ਵਾਲੇ ਹੁੰਦੇ ਹਨ ਜਿਹੜੇ ਦਿੱਲੀ ਜੈਸੇ ਸ਼ਹਿਰਾਂ

ਤੋਂ ਹਰ ਮਹੀਨੇ ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਉਂਦੇ ਹਨ। ਵਰਤਮਾਨ ਕਾਲ ਵਿੱਚ ਅਜਿਹਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਦੇਸ਼ ਤੇ ਸੰਸਾਰ ਦੇ ਹਾਲਾਤ ਬਹੁਤ ਚਿੰਤਾਜਨਕ ਹੋ ਚੁੱਕੇ ਹਨ ਤੇ ਦਿਨ-ਪ੍ਰਤੀ-ਦਿਨ ਹਾਲਾਤ ਦਾ ਵਿਗਾੜ ਵਧਦਾ ਜਾ ਰਿਹਾ ਹੈ । ਇਹ ਮਹਾਨ ਅਸਥਾਨ ਆਪਣੇ ਇਤਿਹਾਸ ਨਾਲ ਸਿੱਖ-ਪੰਥ ਦਾ ਕੇਂਦਰੀ ਤੀਰਥ ਅਸਥਾਨ ਬਣਿਆ ਹੋਇਆ ਹੈ। ਮਨੁੱਖ ਜਾਤੀ ਉਸੇ ਸੂਰਤ ਵਿੱਚ ਅਨੇਕ ਪ੍ਰਕਾਰ ਦੇ ਸੰਕਟਾਂ ਤੇ ਖ਼ਤਰਿਆਂ ਤੋਂ ਤਾਂ ਹੀ ਬਚ ਸਕਦੀ ਹੈ ਜੇਕਰ ਸੰਸਾਰ ਦਾ ਇਕੱਲਾ-ਇਕੱਲਾ ਬੰਦਾ ਦੇਸ਼ ਤੇ ਸੰਸਾਰ ਦੇ ਹਾਲਾਤ ਦੀ ਹੋ ਰਹੀ ਖ਼ਰਾਬੀ ਤੇ ਉਸ ਦੇ ਸੁਧਾਰ ਦੀ ਸੁਚੱਜੀ ਯੋਜਨਾ ਬਾਰੇ ਹਰ ਸਾਲ ਖ਼ਬਰਦਾਰ ਰਹੇ। ਜਿਸ ਹਿਸਾਬ ਨਾਲ ਦੇਸ਼ ਤੇ ਦੁਨੀਆਂ ਵਿੱਚ ਅਣਗਿਣਤ ਚਿੰਤਾਜਨਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਅਤੇ ਪੈਦਾ ਹੋ ਚੁੱਕੀਆਂ ਸਮੱਸਿਆਵਾਂ ਦੀ ਗੰਭੀਰਤਾ ਵਿੱਚ ਪ੍ਰਤੀ-ਦਿਨ ਵਾਧਾ ਹੁੰਦਾ ਜਾ ਰਿਹਾ ਹੈ ਉਸ ਹਿਸਾਬ ਨਾਲ ਤਾਂ ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਉਣ ਲਈ ਸਮੇਂ ਦੀ ਇਕ ਮਹੀਨੇ ਦੀ ਵਿੱਥ ਵੀ ਵਧੇਰੇ ਜਾਪਦੀ ਹੈ, ਪਰ ਇਹ ਵਿੱਥ ਸੰਤੋਖਜਨਕ ਜ਼ਰੂਰ ਹੈ। ਸੰਸਾਰ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਮੂਲ ਸਾਧਨ ਤਿੰਨ ਹਨ—ਧਰਤੀ, ਪਾਣੀ ਤੇ ਹਵਾ । ਸ੍ਰਿਸ਼ਟੀ ਦੀ ਰਚਨਾ ਦੇ ਸਮੇਂ ਤੋਂ ਸਾਧਨ ਨਵੇਂ ਨਰੋਏ ਚਲੇ ਆ ਰਹੇ ਹਨ। ਮਸ਼ੀਨੀ ਸੱਭਿਅਤਾ ਦੀ ਉਮਰ ਢਾਈ ਸੌ ਸਾਲ ਹੈ। ਇਸ ਸੱਭਿਅਤਾ ਨੇ ਐਨੇ ਥੋੜ੍ਹੇ ਜਿੰਨੇ ਸਮੇਂ ਵਿੱਚ ਹੀ ਤਿੰਨ ਵੱਡੇ ਸਾਧਨਾਂ ਨੂੰ ਇਸ ਹੱਦ ਤਕ ਬਰਬਾਦ ਕਰ ਦਿੱਤਾ ਹੈ ਅਤੇ ਕਰਦੀ ਆ ਰਹੀ ਹੈ ਕਿ ਉਸ ਬਰਬਾਦੀ ਤੋਂ ਮਨੁੱਖ ਜਾਤੀ ਲਈ ਭਾਰੇ ਸੰਕਟ ਖੜ੍ਹੇ ਹੋ ਗਏ ਹਨ ਅਤੇ ਜੇ ਇਨ੍ਹਾਂ ਸਾਧਨਾਂ ਦੀ ਬਰਬਾਦੀ ਇਸੇ ਹਿਸਾਬ ਨਾਲ ਵਧਦੀ ਗਈ ਤਾਂ ਦੋ ਕੁ ਸੌ ਸਾਲਾਂ ਤਕ ਉਹ ਸਮਾਂ ਆ ਸਕਦਾ ਹੈ ਜਦ ਪ੍ਰਾਣੀ-ਮਾਤਰ ਦੀ ਹੋਂਦ ਹੀ ਸਮਾਪਤ ਹੋਣ ਦੇ ਕੰਢੇ ’ਤੇ ਆ ਜਾਵੇ । ਮਸ਼ੀਨੀ ਸੱਭਿਅਤਾ ਤੋਂ ਪੈਦਾ ਹੋਣ ਵਾਲੀਆਂ ਬਰਬਾਦੀਆਂ ਦੀ ਇਕ ਮਿਸਾਲ ਇਹ ਹੈ ਕਿ ਜਿਸ ਹਿਸਾਬ ਨਾਲ ਭਾਰਤ ਵਿੱਚ ਰੁੱਖ ਵੱਢੇ ਜਾ ਰਹੇ ਹਨ ਉਸ ਹਿਸਾਬ ਨਾਲ ਸੌ ਸਾਲ ਦੇ ਸਮੇਂ ਤਕ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ । ਉਨ੍ਹਾਂ ਸਾਰੀਆਂ ਬਰਬਾਦੀਆਂ ਨੂੰ ਪੈਦਾ ਕਰਨ ਵਾਲੇ ਸਾਰੇ ਕਾਰਨਾਂ ਦਾ ਪਤਾ ਦੁਨੀਆਂ ਦੇ ਹਰ ਬੰਦੇ ਨੂੰ ਲੱਗ ਜਾਣਾ ਚਾਹੀਦਾ ਹੈ ਤਾਂ ਕਿ ਹਰ ਬੰਦਾ ਉਨ੍ਹਾਂ ਕ੍ਰਿਆਵਾਂ ਨੂੰ ਕਰਨ ਤੇ ਉਨ੍ਹਾਂ ਵਸਤਾਂ ਨੂੰ ਵਰਤਣ ਤੋਂ ਰੁਕ ਜਾਵੇ, ਜਿਨ੍ਹਾਂ ਕ੍ਰਿਆਵਾਂ ਨੂੰ ਕਰਨ ਅਤੇ ਜਿਨ੍ਹਾਂ ਵਸਤਾਂ ਨੂੰ ਵਰਤਣ ਨਾਲ ਧਰਤੀ, ਪਾਣੀ ਤੇ ਹਵਾ ਤਬਾਹ ਹੁੰਦੇ ਹਨ । ਫੇਰ ਇਹੋ ਕਾਫ਼ੀ ਨਹੀਂ ਕਿ ਹਰ ਬੰਦਾ ਤਬਾਹੀਆਂ ਲਿਆਉਣ ਵਾਲੀਆਂ ਕ੍ਰਿਆਵਾਂ ਨੂੰ ਕਰਨ



ਤੇ ਵਸਤਾਂ ਨੂੰ ਵਰਤਣ ਤੋਂ ਹਟ ਜਾਵੇ ਜਿਹੜੀਆਂ ਧਰਤੀ, ਹਵਾ ਤੇ ਪਾਣੀ ਨੂੰ ਬਰਬਾਦ ਕਰਦੀਆਂ ਹਨ, ਬਲਕਿ ਇਹ ਵੀ ਜ਼ਰੂਰੀ ਹੈ ਕਿ ਦੇਸ਼ ਦਾ ਹਰ ਬੰਦਾ ਉਨ੍ਹਾਂ ਕ੍ਰਿਆਵਾਂ ਨੂੰ ਕਰਨ ਲੱਗ ਜਾਵੇ ਜਿਨ੍ਹਾਂ ਦੇ ਕਰਨ ਨਾਲ ਧਰਤੀ, ਪਾਣੀ ਤੇ ਹਵਾ ਆਪਣੀ ਪਹਿਲੀ ਨਰੋਈ ਹਾਲਤ ’ਤੇ ਆ ਸਕਣ । ਪਿਛਲੇ 46 ਸਾਲਾਂ ਵਿੱਚ ਜਿੰਨੀ ਅੰਨ੍ਹੇਵਾਹ ਬੇਦਰਦੀ ਨਾਲ ਰੁੱਖਾਂ ਦੀ ਕਟਾਈ ਸਾਡੇ ਦੇਸ਼ ਭਾਰਤ ਵਿੱਚ ਹੋਈ ਹੈ ਓਨੀ ਕਟਾਈ ਦੁਨੀਆਂ ਦੇ ਹੋਰ ਕਿਸੇ ਦੇਸ਼ ਵਿੱਚ ਨਹੀਂ ਹੋਈ । ਉਸ ਕਟਾਈ ਨੇ ਸਾਡੇ ਦੇਸ਼ ਵਿੱਚ ਹੜ੍ਹਾਂ ਦੀ ਤਬਾਹੀ ਵਿੱਚ ਵੀ ਬਹੁਤ ਵਾਧਾ ਕੀਤਾ ਹੈ ਜਿਹੜੇ ਬੰਦਿਆਂ ਦੀਆਂ ਤੇ ਪਸ਼ੂਆਂ ਦੀਆਂ ਵੀ ਜਾਨਾਂ ਲੈ ਰਹੇ ਹਨ, ਲੋਕਾਂ ਦੇ ਘਰਾਂ ਦਾ ਸਭ ਕੁਝ ਆਪਣੇ ਨਾਲ ਰੋੜ੍ਹ ਕੇ ਲਿਜਾ ਰਹੇ ਹਨ ਤੇ ਧਰਤੀ ਦੀ ਅੰਨ-ਉਪਜਾਊ ਕੀਮਤੀ ਮਿੱਟੀ ਦੀ ਅੱਠ-ਅੱਠ ਇੰਚਾਂ ਦੀ ਉੱਪਰਲੀ ਤਹਿ ਖੋਰ ਕੇ ਆਪਣੇ ਨਾਲ ਲਿਜਾ ਰਹੇ ਹਨ । ਜੇਕਰ ਦੁਨੀਆਂ ਦੇ ਬੰਦੇ ਮਾਰੂ-ਪਦਾਰਥਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਇਨ੍ਹਾਂ ਤਿੰਨਾਂ ਮੁੱਢਲੇ ਸਾਧਨਾਂ ਨੂੰ ਹੀ ਬਰਬਾਦ ਕਰ ਦੇਣ ਤਾਂ ਫਿਰ ਇਨ੍ਹਾਂ ਵੱਲੋਂ ਆਪਣੀ ਮੌਤ ਦੇ ਵਾਰੰਟਾਂ ’ਤੇ ਦਸਤਖ਼ਤ ਕਰਨ ਵਿੱਚ ਕੀ ਕਸਰ ਬਾਕੀ ਰਹਿ ਜਾਂਦੀ ਹੈ? ਪਰ ਇਹੋ ਕੁਝ ਕਰਦੇ ਹੋਏ ਦੁਨੀਆਂ ਦੇ ਬੰਦੇ ਆਪਣੀ ਅਗਿਆਨਤਾ ਨਾਲ ਆਪਣੀ ਮੌਤ ਦੇ ਵਾਰੰਟ ’ਤੇ ਦਸਤਖ਼ਤ ਕਰ ਰਹੇ ਹਨ।

ਅਮਰੀਕਾ ਦੇਸ਼ ਦੀ ਆਬਾਦੀ ਦੁਨੀਆਂ ਦੀ ਆਬਾਦੀ ਦਾ ਛੇ ਪ੍ਰਤੀਸ਼ਤ ਹਿੱਸਾ ਹੈ ਅਰਥਾਤ ਦੁਨੀਆਂ ਦੇ ਸੌ ਬੰਦਿਆਂ ਵਿੱਚੋਂ ਛੇ ਬੰਦੇ ਅਮਰੀਕਨ ਹਨ, ਪਰ ਇਹ ਆਬਾਦੀ ਦੁਨੀਆਂ ਦੇ ਪਦਾਰਥਾਂ ਦਾ ਚਾਲੀ ਪ੍ਰਤੀਸ਼ਤ ਹਿੱਸਾ ਵਰਤ ਰਹੀ ਹੈ । ਜੇਕਰ ਭਾਰਤ ਤੇ ਚੀਨ ਦੋਹਾਂ ਦੇਸ਼ਾਂ ਦੇ ਬੰਦੇ ਵੀ ਅਮਰੀਕਨ ਬੰਦਿਆਂ ਵਾਂਙ ਪੈਟਰੋਲ, ਡੀਜ਼ਲ, ਤੇਲ, ਲੱਕੜ ਤੇ ਕੋਲੇ ਜੈਸੇ ਪਦਾਰਥਾਂ ਨੂੰ ਵਰਤ ਰਹੇ ਹੁੰਦੇ ਤਾਂ ਹੁਣ ਤਕ ਦੁਨੀਆਂ ਦਾ ਪੱਥਰ ਦਾ ਕੋਲਾ, ਲੱਕੜ, ਪੈਟਰੋਲ ਤੇ ਡੀਜ਼ਲ ਜੈਸੇ ਪਦਾਰਥ ਕਦੋਂ ਦੇ ਮੁੱਕ ਗਏ ਹੁੰਦੇ । ਅਮਰੀਕਾ ਤੇ ਨਿਊਯਾਰਕ ਵਰਗੇ ਸ਼ਹਿਰਾਂ ਵਿੱਚ ਡੀਜ਼ਲ, ਪੈਟਰੋਲ ਤੇ ਕੋਲਾ ਏਨੀ ਵੱਧ ਮਾਤਰਾ ਵਿੱਚ ਸੜ ਰਹੇ ਹਨ ਕਿ ਉਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਦੇ ਕਾਰਨ ਉਨ੍ਹਾਂ ਸ਼ਹਿਰਾਂ ਦੇ ਬੰਦਿਆਂ ਦਾ ਹਵਾ ਵਿੱਚ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ । ਜਾਪਾਨ ਦੇਸ਼ ਦੇ ਬੱਚੇ ਤਾਂ ਖੇਡਣ ਵੇਲੇ ਆਪਣੇ ਮੂੰਹਾਂ ਉੱਤੇ ਮਾਸਕ (ਬਚਾਉ-ਪੱਟੀ) ਲਗਾਉਂਦੇ ਹਨ ਤਾਂ ਜੋ ਉਸ ਰਾਹੀਂ ਜ਼ਹਿਰੀਲੀ ਹਵਾ ਸਾਫ਼ ਹੋ ਕੇ ਉਹਨਾਂ ਦੇ ਫੇਫੜਿਆਂ ਵਿੱਚ ਜਾਵੇ ।

ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ ਅੰਮ੍ਰਿਤਸਰ ।

# ਬਿਮਾਰਾਂ ਦੀ ਕੌਮ ਬਣਦੇ ਜਾ ਰਹੇ ਹਨ ਪੰਜਾਬੀ

**ਡਾ: ਅਮਰ ਸਿੰਘ ਆਜ਼ਾਦ**

ਅੱਜ ਪੰਜਾਬ ਵਿੱਚ ਮਨੁੱਖੀ ਸਿਹਤ ਦਾ ਘਾਣ ਹੋ ਰਿਹਾ ਹੈ। ਪੰਜਾਬੀ ਇਕ ਬਿਮਾਰਾਂ ਦੀ ਕੌਮ ਬਣ ਕੇ ਰਹਿ ਗਏ ਹਨ । ਜਿਨ੍ਹਾਂ ਪੰਜਾਬੀਆਂ ਦੀਆਂ ਸਿਹਤਾਂ ਦੇ ਗੀਤ ਗਾਏ ਜਾਂਦੇ ਸਨ, ਜੋ ਸਿਹਤਾਂ ਪੰਜਾਬੀਆਂ ਦੀ ਪਛਾਣ ਸਨ, ਅੱਜ ਬੀਤੇ ਦੀ ਗੱਲ ਹੋ ਗਈਆਂ ਹਨ । ਪੰਜਾਬੀਆਂ ਵਿੱਚ ਆਮ ਪਾਈਆਂ ਜਾਂਦੀਆਂ ਬਿਮਾਰੀਆਂ ਵਿੱਚ ਮੁੱਖ ਹਨ—ਕਮਜ਼ੋਰ ਹੋਈ ਰੱਖਿਆ-ਪ੍ਰਣਾਲੀ, ਜਣਨ-ਅੰਗਾਂ ਅਤੇ ਪ੍ਰਜਣਨ-ਕਿਰਿਆ ਉੱਪਰ ਮਾੜੇ ਪ੍ਰਭਾਵ, ਜਮਾਂਦਰੂ ਨੁਕਸ, ਦਿਮਾਗ਼ ਅਤੇ ਨਸਾਂ-ਨਾੜੀਆਂ ਦੀਆਂ ਬਿਮਾਰੀਆਂ, ਦਮਾ ਅਤੇ ਭਾਂਤ-ਭਾਂਤ ਦੀਆਂ ਐਲਰਜੀਆਂ, ਆਟੋ-ਇਮੀਊਨ ਬਿਮਾਰੀਆਂ, ਜਿਗਰ, ਪਿੱਤਾ, ਗੁਰਦੇ ਆਦਿ ਦੀਆਂ ਬਿਮਾਰੀਆਂ, ਮੋਟਾਪਾ, ਹੱਡੀਆਂ, ਜੋੜਾਂ ਅਤੇ ਮਾਸਪੇਸ਼ੀਆਂ ਦੀਆਂ ਬਿਮਾਰੀਆਂ, ਚਮੜੀ ਅਤੇ ਵਾਲਾਂ ਦੀਆਂ ਬਿਮਾਰੀਆਂ, ਖ਼ੂਨ ਦੀ ਘਾਟ, ਜੀਨਾਂ ਦਾ ਵਿਗਾੜ, ਸਰੀਰਕ ਕਮਜ਼ੋਰੀ, ਥਕਾਵਟ ਅਤੇ ਹੱਡ-ਪੈਰ ਟੁੱਟਣੇ ਅਤੇ ਨਸ਼ਿਆਂ ਦੀ ਲੱਤ ਆਦਿ । ਹਥਲੀ ਲਿਖਤ ਵਿੱਚ ਆਪਾਂ ਸਿਰਫ਼ ਪ੍ਰਜਣਨ-ਕਿਰਿਆ ਦੀ ਹੀ ਗੱਲ ਕਰਾਂਗੇ ।

ਪਿਛਲੇ 50 ਸਾਲਾਂ ਤੋਂ ਪੰਜਾਬੀਆਂ ਦੀ ਪ੍ਰਜਣਨ ਕਿਰਿਆ ਹੌਲੀ-ਹੌਲੀ ਫੇਲ੍ਹ ਹੋ ਰਹੀ ਹੈ। ਮਰਦ ਅਤੇ ਔਰਤਾਂ ਦੋਵਾਂ ਦੀ ਪ੍ਰਜਣਨ ਕਿਰਿਆ ਵਿੱਚ ਗੰਭੀਰ ਵਿਗਾੜ ਪੈ ਰਹੇ ਹਨ। ਇਹ ਵਰਤਾਰਾ ਭਾਰਤ ਸਮੇਤ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵਾਪਰ ਰਿਹਾ ਹੈ। ਪਰ ਪੰਜਾਬ ਵਿੱਚ ਇਹ ਵਰਤਾਰਾ ਬਾਕੀ ਥਾਵਾਂ ਤੋਂ ਕਾਫ਼ੀ ਤੀਬਰ ਜਾਪਦਾ ਹੈ। ਅੱਜ ਪੰਜਾਬ ਦੇ ਹਾਲਾਤ ਬਹੁਤ ਖ਼ਤਰਨਾਕ ਮੋੜ 'ਤੇ ਪਹੁੰਚ ਗਏ ਹਨ। ਹਵਾ, ਧਰਤੀ ਤੇ ਪਾਣੀ ਜ਼ਹਿਰਾਂ ਨਾਲ ਭਰ ਗਏ ਹਨ । ਸਾਡੇ ਗੁਰੂਆਂ ਨੇ ਸਾਨੂੰ ਇਹ ਸੱਚ ਸਮਝਾਇਆ—ਪੰਜਾਂ ਤੱਤਾਂ ਤੋਂ ਜੀਵਨ ਪੈਦਾ ਹੁੰਦਾ ਹੈ, ਪੰਜ ਤੱਤਾਂ ਦੇ ਸਿਰ 'ਤੇ ਹੀ ਪਲਦਾ ਹੈ ਅਤੇ ਫਿਰ ਪੰਜ ਤੱਤਾਂ ਵਿੱਚ ਹੀ ਲੀਨ ਹੋ ਜਾਂਦਾ ਹੈ। ਜੀਵਨ-ਦਾਨੀ ਇਹ ਤੱਤ ਹਵਾ, ਧਰਤੀ, ਪਾਣੀ ਖ਼ੁਦ ਜੀਵਨ ਨਾਲ ਭਰਪੂਰ ਹੋਣਗੇ ਤਾਂ ਹੀ ਇਹ ਜੀਵਨ-ਦਾਤੇ ਅਤੇ ਪਾਲਣਹਾਰੇ ਬਣਨਗੇ । ਧਰਤੀ ਵਿਚਲੇ ਹਜ਼ਾਰਾਂ ਕਿਸਮਾਂ ਦੇ ਜੀਵ ਵਾਤਾਵਰਨਕ ਜ਼ਹਿਰਾਂ ਦੇ ਪ੍ਰਭਾਵ ਹੇਠ ਤੇਜ਼ੀ ਨਾਲ ਮਰ ਰਹੇ ਹਨ ।

ਸਾਡੀਆਂ ਨਦੀਆਂ ਦਾ ਪਾਣੀ ਮੈਦਾਨਾਂ ਤਕ ਆਉਂਦਾ-ਆਉਂਦਾ ਏਨਾ



ਕੁ ਜ਼ਹਿਰਾਂ ਨਾਲ ਭਰ ਜਾਂਦਾ ਹੈ ਕਿ ਉਸ ਵਿੱਚ ਜੀਵਨ ਦਾ ਨਾਮੋ-ਨਿਸ਼ਾਨ ਹੀ ਨਹੀਂ ਬਚਦਾ। ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਜਾਂ ਭਾਰਤ ਦੇ ਕਿਸੇ ਵੀ ਸੂਬੇ ਵਿੱਚ ਵਾਤਾਵਰਨਕ ਜ਼ਹਿਰਾਂ ਦਾ ਪ੍ਰਕੋਪ ਏਨਾ ਪ੍ਰਚੰਡ ਨਹੀਂ ਜਿੰਨਾ ਪੰਜਾਬ ਵਿੱਚ ਹੈ । ਖੇਤੀ ਜ਼ਹਿਰਾਂ, ਸਨਅਤੀ ਜ਼ਹਿਰਾਂ ਅਤੇ ਹੋਰ ਅਨੇਕਾਂ ਕਿਸਮ ਦੀਆਂ ਜ਼ਹਿਰਾਂ ਨੇ ਮਿਲ ਕੇ ਹਵਾ, ਪਾਣੀ ਅਤੇ ਮਿੱਟੀ ਨੂੰ ਹੱਦ ਦਰਜੇ ਦਾ ਜ਼ਹਿਰੀਲਾ ਕਰ ਦਿੱਤਾ ਹੈ। ਇਹ ਜ਼ਹਿਰ ਭੋਜਨ-ਲੜੀ ਅਤੇ ਪ੍ਰਾਣੀਆਂ ਦੇ ਸਰੀਰਾਂ ਵਿੱਚ ਰਚ-ਮਿਚ ਗਏ ਹਨ। ਸਿੱਟੇ ਦੇ ਤੌਰ 'ਤੇ ਜੀਵ-ਜੰਤੂ ਮਰ ਰਹੇ ਹਨ ਅਤੇ ਉਨ੍ਹਾਂ ਦੀਆਂ ਪ੍ਰਜਾਤੀਆਂ ਖ਼ਤਮ ਹੋ ਰਹੀਆਂ ਹਨ । ਖ਼ਾਸ ਕਰਕੇ ਸ਼ਿਕਾਰੀ ਪੰਛੀਆਂ ਅਤੇ ਮਾਸਾਹਾਰੀ ਪ੍ਰਾਣੀਆਂ ਦੀ ਪ੍ਰਜਣਨ ਕਿਰਿਆ ਫੇਲ੍ਹ ਹੋਣ ਕਾਰਨ ਉਨ੍ਹਾਂ ਦੀਆਂ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ । ਇਹ ਸਾਰਾ ਕੁਝ ਬਹੁਤ ਵੱਡੇ ਪੱਧਰ 'ਤੇ ਵਾਪਰ ਰਿਹਾ ਹੈ। ਇਹ ਵਰਤਾਰਾ ਮਨੁੱਖਾਂ ਵਿੱਚ ਵੀ ਵਾਪਰ ਰਿਹਾ ਹੈ ।

ਇਨ੍ਹਾਂ ਜੀਵ-ਜੰਤੂਆਂ ਦੀ ਨਸਲਕੁਸ਼ੀ ਕਈ ਤਰੀਕਿਆਂ ਨਾਲ ਹੋ ਰਹੀ ਹੈ । ਇਨ੍ਹਾਂ ਵਿੱਚੋਂ ਸਭ ਤੋਂ ਖ਼ਤਰਨਾਕ ਹੈ ਜੀਨਾਂ ਦਾ ਵਿਗਾੜ ਅਤੇ ਪ੍ਰਜਣਨ ਕਿਰਿਆ ਦਾ ਫੇਲ੍ਹ ਹੋਣਾ । ਪੂਰੀ ਦੁਨੀਆਂ ਵਿੱਚ ਹੋਈਆਂ ਵਿਗਿਆਨਕ ਖੋਜਾਂ ਨੇ ਸਿੱਧ ਕਰ ਦਿੱਤਾ ਹੈ ਕਿ ਵਾਤਾਵਰਨਕ ਜ਼ਹਿਰਾਂ ਕਾਰਨ ਪੈਣ ਵਾਲੇ ਜੀਨ ਵਿਗਾੜਾਂ ਕਾਰਨ ਕੈਂਸਰ ਸਮੇਤ ਅਨੇਕਾਂ ਮਾਰੂ ਬਿਮਾਰੀਆਂ ਤੇਜ਼ੀ ਨਾਲ ਵਧ ਰਹੀਆਂ ਹਨ । ਜੀਨਾਂ ਦੇ ਵਿਗਾੜਾਂ ਬਾਰੇ ਪੰਜਾਬ ਵਿੱਚ ਦੋ ਵੱਡੀਆਂ ਖੋਜਾਂ ਹੋਈਆਂ ਹਨ—ਇਕ ਪੀ. ਜੀ. ਆਈ. ਦੀ ਹੈ ਅਤੇ ਦੂਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ । ਦੋਵੇਂ ਖੋਜਾਂ ਇਹ ਸਿੱਧ ਕਰਦੀਆਂ ਹਨ ਕਿ ਪੰਜਾਬੀਆਂ ਦੇ ਜੀਨਾਂ ਵਿੱਚ ਵੱਡੇ ਪੱਧਰ 'ਤੇ ਵਿਗਾੜ ਪੈ ਰਹੇ ਹਨ । ਕੈਂਸਰ ਸਮੇਤ ਲਗਭਗ ਸਾਰੀਆਂ ਨਾਮੁਰਾਦ ਬਿਮਾਰੀਆਂ ਜੀਨਾਂ ਦੇ ਵਿਗਾੜ ਤੋਂ ਸ਼ੁਰੂ ਹੁੰਦੀਆਂ ਹਨ। ਪਰ ਇਨ੍ਹਾਂ ਵਿੱਚੋਂ ਸਭ ਤੋਂ ਭਿਅੰਕਰ ਅਤੇ ਦੂਰਗਾਮੀ ਅਸਰ ਪ੍ਰਜਣਨ ਕਿਰਿਆ ਦੇ ਹਨ ਜੋ ਪੰਜਾਬੀਆਂ ਵਿੱਚ ਸਪੱਸ਼ਟ ਦਿਖਾਈ ਦੇ ਰਹੇ ਹਨ ।

ਪੰਜਾਬੀਆਂ ਦੀ ਪ੍ਰਜਣਨ ਕਿਰਿਆ ਦੇ ਹੌਲੀ-ਹੌਲੀ ਫੇਲ੍ਹ ਹੋਣ ਦੇ ਹੇਠ ਲਿਖੇ ਸੰਕੇਤ ਮਿਲ ਰਹੇ ਹਨ :

ਅਨੇਕਾਂ ਵਿਗਿਆਨਕ ਖੋਜਾਂ ਨੇ ਸਿੱਧ ਕਰ ਦਿੱਤਾ ਹੈ ਕਿ ਪਿਛਲੇ ਕੁਝ ਦਹਾਕਿਆਂ ਵਿੱਚ ਪੁਰਸ਼ਾਂ ਵਿੱਚ ਵੀਰਯ ਦੀ ਗੁਣਵੱਤਾ ਲਗਾਤਾਰ ਘਟ

ਰਹੀ ਹੈ। ਅੱਜ ਤੋਂ 50 ਸਾਲ ਪਹਿਲਾਂ ਪ੍ਰਤੀ ਮਿਲੀਲੀਟਰ ਵੀਰਯ ਵਿੱਚ ਸ਼ੁਕਰਾਣੂਆਂ ਦੀ ਗਿਣਤੀ 113 ਮਿਲੀਅਨ ਤੋਂ ਵੱਧ ਸੀ ਜਦ ਕਿ ਅੱਜ ਇਹ ਗਿਣਤੀ 60 ਮਿਲੀਅਨ ਤੋਂ ਘੱਟ ਹੈ । ਪੋਤੇ ਦੇ ਸ਼ੁਕਰਾਣੂਆਂ ਦੀ ਗਿਣਤੀ ਦਾਦੇ ਤੋਂ ਅੱਧੀ ਰਹਿ ਗਈ ਹੈ। ਸਿਹਤਮੰਦ ਅਤੇ ਚੁਸਤੀ ਨਾਲ ਤੈਰਨ ਵਾਲੇ ਸ਼ੁਕਰਾਣੂਆਂ ਦੀ ਗਿਣਤੀ 50 ਸਾਲ ਪਹਿਲਾਂ 80 ਫ਼ੀਸਦੀ ਸੀ ਜਦ ਕਿ ਅੱਜ ਇਹ ਗਿਣਤੀ 60 ਫ਼ੀਸਦੀ ਤੋਂ ਘੱਟ ਹੈ । ਇਸੇ ਤਰ੍ਹਾਂ ਹੀ ਵੀਰਯ ਦੀ ਮਾਤਰਾ ਵੀ ਪਿਛਲੇ ਪੰਜਾਹ ਸਾਲਾਂ ਵਿੱਚ ਘਟੀ ਹੈ। ਕੁੱਲ ਮਿਲਾ ਕੇ ਪੰਜਾਹ ਸਾਲਾਂ ਵਿੱਚ 50 ਫ਼ੀਸਦੀ ਨੁਕਸਾਨ ਹੋ ਚੁੱਕਾ ਹੈ—ਔਸਤਨ ਹਰ ਸਾਲ ਘੱਟੋ-ਘੱਟ ਇਕ ਫ਼ੀਸਦੀ ਨੁਕਸਾਨ ਹੋ ਰਿਹਾ ਹੈ। ਕੁਝ ਵਿਗਿਆਨੀ ਇਸ ਨੂੰ 2 ਫ਼ੀਸਦੀ ਤਕ ਕਹਿ ਰਹੇ ਹਨ। ਜ਼ਰਾ ਸੋਚ ਕੇ ਦੇਖੋ, ਜੇਕਰ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਅਗਲੇ ਪੰਜਾਹ ਸਾਲਾਂ ਵਿੱਚ ਕੀ ਬਣੇਗਾ । ਅਨੇਕਾਂ ਵਿਗਿਆਨਕ ਖੋਜਾਂ ਨੇ ਡੀ. ਡੀ. ਟੀ. ਤੇ ਹੋਰ ਕੀਟ-ਨਾਸ਼ਕਾਂ ਅਤੇ ਖ਼ਤਰਨਾਕ ਸਨਅਤੀ ਜ਼ਹਿਰਾਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਹੈ। ਵਿਗਿਆਨਕਾਂ ਦਾ ਮੰਨਣਾ ਹੈ ਕਿ ਜੇਕਰ ਇਨ੍ਹਾਂ ਤਬਦੀਲੀਆਂ ਨੂੰ ਨਾ ਰੋਕਿਆ ਗਿਆ ਤਾਂ ਅਗਲੇ ਪੰਜਾਹ ਸਾਲਾਂ ਵਿੱਚ ਪੁਰਸ਼ ਬੱਚਾ ਪੈਦਾ ਕਰਨ ਦੇ ਕਾਬਲ ਨਹੀਂ ਰਹਿਣਗੇ । ਇਹ ਵਰਤਾਰਾ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਚਲ ਰਿਹਾ ਹੈ। ਇਸ ਸੰਬੰਧੀ ਸਭ ਤੋਂ ਪਹਿਲਾਂ, ਸਾਲ 1992 ਵਿੱਚ ਹਾਲੈਂਡ ਦੇ ਵਿਗਿਆਨੀ ਪ੍ਰੋਫ਼ੈਸਰ ਨੀਲਜ਼ ਸਕੇਕਬੈਕ ਨੇ ਪੂਰੀ ਦੁਨੀਆਂ ਨੂੰ ਅਗਾਹ ਕੀਤਾ ਸੀ । ਉਸ ਨੇ ਪੂਰੀ ਦੁਨੀਆਂ ਵਿੱਚ ਹੋਈਆਂ 61 ਵਿਗਿਆਨਕ ਖੋਜਾਂ ਦਾ ਹਵਾਲਾ ਦੇ ਕੇ ਕਿਹਾ ਸੀ ਕਿ ਪਿਛਲੇ 50 ਸਾਲਾਂ ਵਿੱਚ ਸ਼ੁਕਰਾਣੂਆਂ ਦੀ ਗਿਣਤੀ 50 ਫ਼ੀਸਦੀ ਘਟ ਗਈ ਹੈ। ਉਸ ਦੀਆਂ ਖੋਜਾਂ ਵਿੱਚੋਂ ਸਪੱਸ਼ਟ ਸਿੱਟਾ ਨਿਕਲਿਆ ਕਿ 1940 ਵਿੱਚ ਸ਼ੁਕਰਾਣੂਆਂ ਦੀ ਔਸਤ ਗਿਣਤੀ 113 ਮਿਲੀਅਨ ਸੀ ਜੋ ਕਿ 1990 ਵਿੱਚ ਘਟ ਕੇ 66 ਮਿਲੀਅਨ ਰਹਿ ਗਈ । ਇਨ੍ਹਾਂ ਖੋਜਾਂ ਵਿੱਚੋਂ ਇਹ ਵੀ ਸਪੱਸ਼ਟ ਰੂਪ ਵਿੱਚ ਸਾਹਮਣੇ ਆਇਆ ਕਿ ਸਿਰਫ਼ ਸ਼ੁਕਰਾਣੂਆਂ ਦੀ ਗਿਣਤੀ ਹੀ ਨਹੀਂ ਘਟ ਰਹੀ ਸਗੋਂ ਚੁਸਤ ਸ਼ੁਕਰਾਣੂਆਂ ਦੀ ਗਿਣਤੀ ਹੋਰ ਵੀ ਜ਼ਿਆਦਾ ਘਟ ਰਹੀ ਹੈ ਅਤੇ ਨੁਕਸਦਾਰ ਸ਼ੁਕਰਾਣੂਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਸਾਰੇ ਵਰਤਾਰੇ ਪੰਜਾਬ ਵਿੱਚ ਸਪੱਸ਼ਟ ਦਿਖਾਈ ਦੇ ਰਹੇ ਹਨ । ਕਈ ਸਾਲਾਂ ਤਕ ਪ੍ਰੋਫ਼ੈਸਰ ਨੀਲਜ਼ ਦਾ ਮਜ਼ਾਕ ਉਡਾਇਆ ਗਿਆ ਅਤੇ ਉਸ ਨੂੰ ਗ਼ਲਤ ਸਿੱਧ ਕਰਨ ਦੀਆਂ ਕੋਸ਼ਿਸ਼ਾਂ



ਕੀਤੀਆਂ ਗਈਆਂ । ਪਰ ਉਸ ਤੋਂ ਬਾਅਦ ਹੋਈਆਂ ਅਨੇਕਾਂ ਖੋਜਾਂ ਨੇ ਨਾ ਸਿਰਫ਼ ਉਸ ਨੂੰ ਠੀਕ ਸਿੱਧ ਕਰ ਦਿੱਤਾ ਸਗੋਂ ਉਸ ਦੇ ਸਿੱਟਿਆਂ ਨੂੰ ਹੋਰ ਵੀ ਪੱਕੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ । ਇੱਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸ਼ੁਕਰਾਣੂਆਂ ਦੀ ਗਿਣਤੀ ਘੱਟ ਕਰਨ ਵਾਲਾ ਨੁਕਸਾਨ ਮੁੱਖ ਤੌਰ 'ਤੇ ਮਾਂ ਦੇ ਪੇਟ ਵਿੱਚ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਜਿਨ੍ਹਾਂ ਪੁਰਸ਼ਾਂ ਦਾ ਵੀਰਯ ਹੁਣ ਟੈਸਟ ਕੀਤਾ ਜਾ ਰਿਹਾ ਹੈ ਉਨ੍ਹਾਂ ਦੇ ਸਿੱਟੇ ਉਸ ਵਾਤਾਵਰਨ ਦਾ ਸਿੱਟਾ ਹਨ, ਜੋ ਉਨ੍ਹਾਂ ਨੂੰ ਮਾਂ ਦੇ ਪੇਟ ਵਿੱਚ ਮਿਲਿਆ ਸੀ । ਇਕੱਲੇ ਸ਼ੁਕਰਾਣੂਆਂ ਦਾ ਹੀ ਨੁਕਸਾਨ ਨਹੀਂ ਹੋ ਰਿਹਾ ਸਗੋਂ ਜੀਨਾਂ ਦੇ ਖ਼ਰਾਬ ਹੋਣ ਅਤੇ ਹਾਰਮੋਨਜ਼ ਦੇ ਵਿਗਾੜਾਂ ਕਾਰਨ ਹੇਠ ਲਿਖੇ ਅਸਰ ਵੀ ਪੰਜਾਬ ਵਿੱਚ ਆਮ ਦਿਖ ਰਹੇ ਹਨ :

1. ਪੁਰਸ਼ਾਂ ਵਿੱਚ ਸੈਕਸ ਦੀ ਕਮਜ਼ੋਰੀ, ਜਿਸ ਨੂੰ ਡਾਕਟਰੀ ਭਾਸ਼ਾ ਵਿੱਚ ਇਰੈਕਟਾਈਲ ਡਿਸਫੰਕਸ਼ਨ ਕਿਹਾ ਜਾਂਦਾ ਹੈ, ਪੰਜਾਬੀਆਂ ਵਿੱਚ ਇਕ ਆਮ ਵਰਤਾਰਾ ਬਣ ਗਿਆ ਹੈ । ਅੱਜਕੱਲ੍ਹ ਦਵਾਈਆਂ ਦੀਆਂ ਦੁਕਾਨਾਂ 'ਤੇ ਸ਼ਾਮ ਨੂੰ ਸੈਕਸ ਟਾਨਿਕਾਂ ਦੀ ਭਾਰੀ ਸੇਲ ਇਕ ਜੱਗ-ਜ਼ਾਹਰਾ ਸੱਚ ਹੈ ।

2. ਸਿਰਫ਼ ਸ਼ੁਕਰਾਣੂਆਂ ਦੀ ਗਿਣਤੀ ਹੀ ਨਹੀਂ ਘਟ ਰਹੀ ਸਗੋਂ ਜੀਨਾਂ ਦੇ ਨੁਕਸ ਪੈਣ ਕਾਰਨ, ਨੁਕਸਦਾਰ ਸ਼ੁਕਰਾਣੂਆਂ ਦੀ ਗਿਣਤੀ ਵੀ ਵਧ ਰਹੀ ਹੈ। ਜੀਨਾਂ ਦੇ ਨੁਕਸਾਨੇ ਸ਼ੁਕਰਾਣੂ ਨਾਲ ਜੇਕਰ ਬੱਚਾ ਠਹਿਰ ਜਾਵੇ ਤਾਂ ਬੱਚੇ ਵਿੱਚ ਅਨੇਕਾਂ ਕਿਸਮਾਂ ਦੇ ਨੁਕਸ ਪੈ ਜਾਂਦੇ ਹਨ। ਇਸੇ ਤਰ੍ਹਾਂ ਨੁਕਸ ਵਾਲੇ ਜੀਨ ਮਾਂ ਵੱਲੋਂ ਵੀ ਆ ਸਕਦੇ ਹਨ । ਮਾਂ ਦਾ ਅੰਡਾ ਵੀ ਨੁਕਸਦਾਰ ਹੋ ਸਕਦਾ ਹੈ। ਮਾਂ ਜਾਂ ਬਾਪ ਵੱਲੋਂ ਆਏ ਨੁਕਸਦਾਰ ਜੀਨਾਂ ਨਾਲ ਬਣੇ ਬੱਚੇ ਵਿੱਚ ਪੈਣ ਵਾਲੇ ਨੁਕਸਾਂ ਕਾਰਨ ਪੰਜਾਬ ਵਿੱਚ ਜਮਾਂਦਰੂ ਨੁਕਸਾਂ ਵਾਲੇ ਬੱਚਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ—ਪਿੱਠ 'ਤੇ ਜਮਾਂਦਰੂ ਫੋੜੇ, ਸਿਰ ਵਿੱਚ ਪਾਣੀ, ਸਿਰ ਤੋਂ ਬਿਨਾਂ ਬੱਚਾ, ਪੈਰ ਵਿੰਗੇ, ਕੱਟਿਆ ਬੁੱਲ੍ਹ, ਕੱਟਿਆ ਤਾਲੂਆ, ਪ੍ਰਜਣਨ ਅੰਗਾਂ ਦੀ ਬਣਤਰ ਦੇ ਅਨੇਕਾਂ ਨੁਕਸ, ਬਚਪਨ ਦੀਆਂ ਹਰਨੀਆਂ, ਪਤਾਲੂ ਪੇਟ ਵਿੱਚ ਰਹਿ ਜਾਣਾ, ਲੈਟਰੀਨ ਦੀ ਮੋਰੀ ਬੰਦ, ਖ਼ੁਰਾਕ ਨਾਲੀ ਅਤੇ ਆਂਤਾਂ ਦੇ ਅਨੇਕਾਂ ਨੁਕਸ ਆਦਿ ਪੰਜਾਬ ਵਿੱਚ ਲਗਾਤਾਰ ਵਧ ਰਹੇ ਹਨ । ਮਾਂ ਦੇ ਪੇਟ ਵਿੱਚ ਪਲ ਰਹੇ ਬੱਚੇ ਦੇ ਵਾਧੇ ਅਤੇ ਵਿਕਾਸ ਉੱਪਰ ਵੀ ਇਹ ਜ਼ਹਿਰਾਂ ਅਨੇਕਾਂ ਮਾੜੇ ਪ੍ਰਭਾਵ ਪਾਉਂਦੀਆਂ ਹਨ। ਦਿਮਾਗ਼ ਉੱਪਰ ਪੈਣ ਵਾਲੇ ਮਾੜੇ ਅਸਰਾਂ ਦੇ ਸਿੱਟੇ ਦੇ ਤੌਰ 'ਤੇ ਅਪੰਗ ਅਤੇ ਮੰਦ-ਬੁੱਧੀ ਬੱਚਿਆਂ ਦੀ ਗਿਣਤੀ ਪਿਛਲੇ 50 ਸਾਲਾਂ ਵਿੱਚ ਕਈ ਗੁਣਾਂ ਹੋ ਗਈ ਹੈ ।

3. ਆਪਣੇ-ਆਪ ਗਰਭਪਾਤ ਹੋਣਾ ਇਕ ਆਮ ਵਰਤਾਰਾ ਹੋ ਗਿਆ ਹੈ, ਜੋ ਕਿ ਪਹਿਲਾਂ ਬਹੁਤ ਵਾਰੀ ਗਰਭਪਾਤ ਰੋਕਣ ਲਈ ਪੂਰੇ ਪ੍ਰਸੂਤਾ ਸਮੇਂ ਦੌਰਾਨ ਲਗਾਤਾਰ ਹਾਰਮੋਨਜ਼, ਸਟੀਰਾਇਡ ਅਤੇ ਹੋਰ ਦਵਾਈਆਂ ਦੇਣੀਆਂ ਪੈਂਦੀਆਂ ਹਨ, ਜਿਨ੍ਹਾਂ ਦੇ ਸਿਰ ’ਤੇ ਨੌਂ ਮਹੀਨੇ ਦਾ ਪ੍ਰਸੂਤਾ ਸਮਾਂ ਪੂਰਾ ਹੁੰਦਾ ਹੈ । ਜੇਕਰ ਇਹ ਦਵਾਈਆਂ ਨਾ ਦਿੱਤੀਆਂ ਜਾਣ ਤਾਂ ਗਰਭਪਾਤ ਹੋ ਜਾਂਦਾ ਹੈ। ਜੇਕਰ ਗਰਭਪਾਤ ਤੋਂ ਬਚਾਅ ਹੋ ਜਾਂਦਾ ਤਾਂ ਬੱਚੇ, ਛਿਮਾਹੇਂ-ਸਤਮਾਹੇਂ-ਅਠਮਾਹੇਂ ਪੈਦਾ ਹੋ ਜਾਂਦੇ ਹਨ। ਜੇਕਰ ਪ੍ਰਸੂਤਾ ਸਮਾਂ ਪੂਰਾ ਹੋ ਜਾਂਦਾ ਹੈ ਤਾਂ ਬੱਚਾ ਮਰਿਆ ਪੈਦਾ ਹੋ ਜਾਂਦਾ ਹੈ ਜਾਂ ਪੈਦਾ ਹੋਣ ਤੋਂ ਕੁਝ ਘੰਟਿਆਂ ਜਾਂ ਦਿਨਾਂ ਵਿੱਚ ਹੀ ਮਰ ਜਾਂਦਾ ਹੈ । ਕਈ ਵਾਰ ਦਿਮਾਗ਼ ਵਿੱਚ ਨੁਕਸ ਪੈਣ ਨਾਲ ਬੱਚਾ ਅਪੰਗ ਹੋ ਜਾਂਦਾ ਹੈ ।

4. ਸਾਡੇ ਜਣਨ-ਅੰਗ, ਪ੍ਰਜਣਨ-ਕਿਰਿਆ ਅਤੇ ਬੱਚੇ ਦਾ ਮਾਂ ਦੇ ਪੇਟ ਵਿੱਚ ਵਿਕਾਸ ਬਹੁਤ ਸੋਹਲ ਹੁੰਦੇ ਹਨ ਅਤੇ ਸਭ ਤੋਂ ਪਹਿਲਾਂ ਜ਼ਹਿਰਾਂ ਦੇ ਪ੍ਰਭਾਵ ਹੇਠ ਆਉਂਦੇ ਹਨ । ਨੌਂ-ਦਸ ਸਾਲ ਦੀਆਂ ਕੁੜੀਆਂ ਨੂੰ ਮਾਹਵਾਰੀ ਸ਼ੁਰੂ ਹੋਣਾ ਜਾਂ ਛਾਤੀ ਦੀਆਂ ਗੱਠਾਂ ਬਣਨਾ; ਮੁੰਡਿਆਂ ਵਿੱਚ ਜਵਾਨੀ ਦੀਆਂ ਅਲਾਮਤਾਂ ਲੇਟ ਹੋਣਾ; ਮੁੰਡਿਆਂ ਦੇ ਪਤਾਲੂਆਂ ਦਾ ਨੁਕਸਾਨ ਹੋਣਾ, ਜੋ ਬਾਅਦ ਵਿੱਚ ਸ਼ੁਕਰਾਣੂਆਂ ਦੀ ਗਿਣਤੀ ਘੱਟ ਹੋਣ ਅਤੇ ਨੁਕਸਦਾਰ ਸ਼ੁਕਰਾਣੂਆਂ ਦੀ ਸ਼ਕਲ ਵਿੱਚ ਸਾਹਮਣੇ ਆਉਂਦਾ ਹੈ। ਇਹ ਸਾਰੀਆਂ ਅਲਾਮਤਾਂ ਪਿਛਲੇ 50 ਸਾਲਾਂ ਵਿੱਚ ਕਈ ਗੁਣਾਂ ਵਧ ਗਈਆਂ ਹਨ ।

5. ਬਾਂਝਪਣ ਦੀ ਸਮੱਸਿਆ ਪੰਜਾਬ ਵਿੱਚ ਲਗਾਤਾਰ ਵਧ ਰਹੀ ਹੈ। ਅੱਜ ਪੰਜਾਬ ਦੇ ਹਰੇਕ ਪਿੰਡ ਵਿੱਚ 5-10 ਜੋੜੇ ਬੇਔਲਾਦ ਹਨ। ਲਗਭਗ ਏਨੇ ਕੁ ਹੀ ਹੋਰ ਹਨ, ਜਿਨ੍ਹਾਂ ਨੂੰ ਵੱਡੇ-ਵੱਡੇ ਮਾਹਿਰ ਡਾਕਟਰਾਂ ਤੋਂ ਮਹਿੰਗੇ-ਮਹਿੰਗੇ ਇਲਾਜ ਕਰਵਾ ਕੇ ਹੀ ਔਲਾਦ ਦਾ ਸੁਖ ਨਸੀਬ ਹੋਇਆ ਹੈ ।

ਮਾਹਵਾਰੀ ਦਾ ਅਘੜਾ-ਦੁਘੜਾ ਆਉਣਾ, ਦਰਦ ਹੋਣਾ, ਵੱਧ-ਘੱਟ ਆਉਣਾ,ਮਹੀਨਾ ਬੰਦ ਹੋਣ ਦੀ ਉਮਰ ਦੀ ਬੇਯਕੀਨੀ, ਪ੍ਰਜਣਨ-ਅੰਗਾਂ ਦੀ ਬਣਤਰ ਵਿੱਚ ਅਨੇਕਾਂ ਪ੍ਰਕਾਰ ਦੇ ਨੁਕਸ ਵਰਗੀਆਂ ਅਲਾਮਤਾਂ ਆਮ ਹੋ ਗਈਆਂ ਹਨ। ਪ੍ਰਜਣਨ ਅੰਗਾਂ ਦੀਆਂ ਰਸੌਲੀਆਂ ਅਤੇ ਕੈਂਸਰ ਬਹੁਤ ਵਧ ਰਹੇ ਹਨ । ਪਿਛਲੇ ਸਮੇਂ ਦੌਰਾਨ ਔਰਤਾਂ ਵਿੱਚ ਛਾਤੀਆਂ ਅਤੇ ਬੱਚੇਦਾਨੀ ਦੇ ਕੈਂਸਰ ਤੇਜ਼ੀ ਨਾਲ ਵਧੇ ਹਨ ਜਦ ਕਿ ਮਰਦਾਂ ਵਿੱਚ ਗਦੂਦਾਂ ਅਤੇ ਪਤਾਲੂਆਂ ਦੇ ਕੈਂਸਰ ਵਿੱਚ ਭਾਰੀ ਵਾਧਾ ਹੋਇਆ ਹੈ ।



ਉਪਰੋਕਤ ਸਾਰੇ ਵਰਤਾਰੇ ਸਾਡੀਆਂ ਮੱਝਾਂ-ਗਾਵਾਂ ਵਿੱਚ ਵੀ ਦਿਖਾਈ ਦੇ ਰਹੇ ਹਨ। ਇੱਥੇ ਇਹ ਗੱਲ ਖ਼ਾਸ ਤੌਰ ’ਤੇ ਵਰਣਨਯੋਗ ਹੈ ਕਿ ਜਿਨ੍ਹਾਂ ਪੰਛੀਆਂ ਜਾਂ ਜਾਨਵਰਾਂ ਦੀਆਂ ਪ੍ਰਜਾਤੀਆਂ ਖ਼ਤਮ ਹੋ ਰਹੀਆਂ ਹਨ ਉਨ੍ਹਾਂ ਵਿੱਚ ਵੀ ਇਹੀ ਨੁਕਸ ਪਏ ਸਨ । ਇਨ੍ਹਾਂ ਨੁਕਸਾਂ ਸਦਕਾ ਹੀ ਹੌਲੀ-ਹੌਲੀ ਉਨ੍ਹਾਂ ਦੇ ਔਲਾਦ ਹੋਣੋਂ ਹਟਦੀ ਗਈ । ਪੀੜ੍ਹੀ ਦਰ ਪੀੜ੍ਹੀ ਆਬਾਦੀ ਘਟਦੀ ਗਈ ਅਤੇ ਕੁਝ ਕੁ ਪੀੜ੍ਹੀਆਂ ਵਿੱਚ ਹੀ ਪ੍ਰਜਾਤੀ ਖ਼ਤਮ ਹੋ ਗਈ । ਅਜਿਹੀਆਂ ਹਜ਼ਾਰਾਂ ਪ੍ਰਜਾਤੀਆਂ ਹਨ ਜੋ ਸਾਡੇ ਆਲੇ-ਦੁਆਲੇ ਵਸਦੀਆਂ ਸਨ, ਪਰ ਹੁਣ ਅਲੋਪ ਹੋ ਚੁੱਕੀਆਂ ਹਨ। ਇਹ ਵਰਤਾਰਾ ਹਾਲੇ ਵੀ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ ।

ਪੰਜਾਬੀਆਂ ਵਿੱਚ ਇਨ੍ਹਾਂ ਅਲਾਮਤਾਂ ਦਾ ਭਿਅੰਕਰ ਵਾਧਾ ਇਕ ਵੱਡੇ ਖ਼ਤਰੇ ਦੀ ਘੰਟੀ ਹੈ । ਵਾਤਾਵਰਨਕ ਜ਼ਹਿਰਾਂ ਕਾਰਨ ਸਾਡੀ ਪੂਰੀ ਸੱਭਿਅਤਾ ਖ਼ਤਰੇ ਵਿੱਚ ਪੈ ਗਈ ਹੈ । ਸਾਨੂੰ ਫੌਰੀ ਸੰਭਲਣ ਦੀ ਲੋੜ ਹੈ। ਇਹ ਨੁਕਸ ਜਦੋਂ ਇਕ ਵਾਰੀ ਆ ਜਾਂਦੇ ਹਨ ਤਾਂ ਇਨ੍ਹਾਂ ਨੂੰ ਠੀਕ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਜੀਨਾਂ ਵਿੱਚ ਪਏ ਨੁਕਸਾਂ ਨੂੰ ਠੀਕ ਕਰਨਾ ਤਾਂ ਲਗਪਗ ਅਸੰਭਵ ਹੁੰਦਾ ਹੈ । ਇਸ ਤੋਂ ਪਹਿਲਾਂ ਕਿ ਇਹ ਨੁਕਸ ਮੋੜਾ ਪੈਣ ਵਾਲੀ ਸਥਿਤੀ ਤੋਂ ਅੱਗੇ ਲੰਘ ਜਾਣ, ਸਾਨੂੰ ਪੂਰੀ ਸ਼ਕਤੀ ਨਾਲ ਇਨ੍ਹਾਂ ਨੁਕਸਾਂ ਦੇ ਮੂਲ ਕਾਰਨਾਂ ਉੱਪਰ ਹੱਲਾ ਬੋਲ ਦੇਣਾ ਚਾਹੀਦਾ ਹੈ। ਪੰਜਾਬ ਵਿੱਚ ਫੌਰੀ ਵਾਤਾਵਰਨਕ ਸਿਹਤ ਐਮਰਜੈਂਸੀ ਘੋਸ਼ਿਤ ਕਰਨੀ ਚਾਹੀਦੀ ਹੈ । ਵਾਤਾਵਰਨ ਪ੍ਰਦੂਸ਼ਣ ਦੇ ਮੂਲ ਕਾਰਨਾਂ ਨੂੰ ਖ਼ਤਮ ਕਰਨ ਲਈ ਪੂਰੇ ਸਮਾਜ ਨੂੰ ਲਾਮਬੰਦ ਕਰਕੇ ਇੱਕ ਵਿਸ਼ਾਲ ਲੋਕ-ਲਹਿਰ ਉਸਾਰਨੀ ਚਾਹੀਦੀ ਹੈ। ਇਸ ਲਾਮਬੰਦੀ ਵਿੱਚ ਸਰਕਾਰਾਂ, ਸਰਕਾਰੀ ਅਦਾਰੇ, ਜਨਤਕ ਜਥੇਬੰਦੀਆਂ, ਮਜ਼ਦੂਰ-ਕਿਸਾਨ-ਨੌਜਵਾਨ ਵਿਦਿਆਰਥੀ-ਔਰਤਾਂ ਦੀਆਂ ਜਥੇਬੰਦੀਆਂ ਅਤੇ ਸਵੈ-ਸੇਵੀ ਜਥੇਬੰਦੀਆਂ ਨੂੰ ਸ਼ਾਮਿਲ ਕਰਕੇ ਸਮਾਜ ਨੂੰ ਇਸ ਕੁਚੱਕਰ ਵਿੱਚੋਂ ਕੱਢਣਾ ਚਾਹੀਦਾ ਹੈ ।

-ਐਮ.ਡੀ (ਪੈਡੀਆਟਰਿਕਸ)
ਐਮ.ਡੀ (ਕਮਿਊਨਿਟੀ ਮੈਡੀਸਨ)
ਮੋ: 98728-61321

(ਰੋਜ਼ਾਨਾ ਅਜੀਤ 16 ਜੂਨ 2013 ਵਿੱਚੋਂ ਧੰਨਵਾਦ ਸਹਿਤ !)

# ਮਨੁੱਖਤਾ ਲਈ ਜਾਨ ਦਾ ਖੌ ਹੈ ਕਾਰਖ਼ਾਨਿਆਂ ਦਾ ਮਲਬਾ

**ਅੰਬਿਕਾ ਸ਼ਰਨਜੀਤ ਕੌਰ**

ਪ੍ਰਮਾਤਮਾ ਦੀ ਸਿਰਜੀ ਇਸ ਕੁਦਰਤ ਦੇ ਰੰਗ ਅਪਾਰ ਹਨ । ਪ੍ਰਭੂ ਆਪ ਕੁਦਰਤ ਵਿੱਚ ਵੱਸਿਆ ਹੋਇਆ ਹੈ। "**ਬਲਿਹਾਰੀ ਕੁਦਰਤ ਵਸਿਆ ॥ ਤੇਰਾ ਅੰਤ ਨਾ ਜਾਈ ਲਖਿਆ ॥**" ਕੁਦਰਤ ਦੇ ਸੁਭਾਅ ਦਾ ਇਹ ਇਕ ਮੀਰੀ ਗੁਣ ਹੈ ਕਿ ਵਾਤਾਵਰਣ ਨੂੰ ਸਾਫ਼, ਸ਼ੁੱਧ ਅਤੇ ਸੁੰਦਰ ਬਣਾਉਂਦੀ ਹੈ। ਜੇ ਮਨੁੱਖ ਗ਼ੰਦਗੀ ਖਿਲਾਰਦਾ ਹੈ ਤਾਂ ਕੁਦਰਤ ਉੱਥੇ ਘਾਹ, ਬੂਟੇ ਅਤੇ ਫੁੱਲ ਪੈਦਾ ਕਰਦੀ ਹੈ। ਮਨੁੱਖ ਬਾਹਰੋਂ ਦਿਖਾਵਾ ਤਾਂ ਇਹ ਕਰਦਾ ਹੈ ਕਿ ਉਹ ਪ੍ਰਕਿਤੀ ਨੂੰ ਵੀ ਸੁੰਦਰ ਬਣਾ ਰਿਹਾ ਹੈ, ਪਰ ਅਸਲੀਅਤ ਇਹ ਹੈ ਕਿ ਜਿੱਥੇ ਵੀ ਮਾਨਵ ਦਾ ਪੈਰ ਪਿਆ, ਉੱਥੇ ਇਹ ਕੁਦਰਤੀ ਸੰਤੁਲਨ ਵਿਗੜਿਆ ਹੀ ਹੈ । ਚਾਹੇ ਇਹ ਧਰਤੀ ਹੋਵੇ ਜਾਂ ਆਕਾਸ਼ ਪਹਾੜ ਹੋਣ ਜਾਂ ਸਮੁੰਦਰ, ਨਦੀਆਂ ਹੋਣ ਜਾਂ ਮਾਰੂਥਲ, ਆਦਮੀ ਨੇ ਤਿੰਨਾਂ ਦਾ ਰੂਪ ਵਿਗਾੜਨ ਵਿੱਚ ਕੋਈ ਕਸਰ ਨਹੀਂ ਛੱਡੀ । ਇਸ ਨੇ ਤਾਂ ਬਰਫ਼ਾਂ ਲੱਦੇ ਦੁੱਧ ਚਿੱਟੇ ਐਂਟਾਰਿਕਟਿਕਾ ਨੂੰ ਵੀ ਨਹੀਂ ਬਖ਼ਸ਼ਿਆ । ਖਣਿਜ ਪਦਾਰਥਾਂ ਦੇ ਲਾਲਚ ਸਦਕਾ ਇਸ ਨੇ ਇਸ ਮਹਾਂਦੀਪ ਦੇ ਜੀਵਾਂ ਨੂੰ ਹੱਡੋਰੋੜੀ ਵਿੱਚ ਬਦਲ ਦਿੱਤਾ ਹੈ। ਮਨੁੱਖ ਇਹ ਦਾਅਵਾ ਕਰਦਾ ਹੈ ਕਿ ਉਹ ਪ੍ਰਿਥਵੀ ਦਾ ਸਭ ਤੋਂ ਸੱਭਿਯ ਜੀਵ ਹੈ, ਪਰ ਸੱਭਿਅਤਾ ਦੇ ਵਿਕਾਸ ਦੇ ਨਾਂ ਉੱਤੇ ਇਸ ਨੇ ਸਾਰੀ ਪ੍ਰਕਿਰਤੀ ਨੂੰ ਅਸੰਤੁਲਿਤ ਕਰ ਛੱਡਿਆ ਹੈ। ਸ਼ਹਿਰ ਵਸਾਉਣ ਲਈ ਇਸ ਨੇ ਜੰਗਲਾਂ ਦੇ ਜੰਗਲ ਸਾਫ਼ ਕਰ ਦਿੱਤੇ । ਮਨੁੱਖ ਅਤੇ ਕੁਦਰਤ ਦੇ ਸੰਬੰਧਾਂ ਦੀ ਇਕ ਝਲਕ ਗੰਗਾ ਵਿੱਚੋਂ ਵੀ ਮਿਲਦੀ ਹੈ। ਗੰਗਾ ਜਦੋਂ ਹਿਮਾਲੀਆ ਵਿੱਚੋਂ ਨਿਕਲਦੀ ਹੈ ਤਾਂ ਸਾਫ਼ ਅਤੇ ਨਿਰਮਲ ਹੁੰਦੀ ਹੈ; ਪਰ ਜਿਹੜਾ ਪਾਣੀ ਇਹ ਹਿੰਦ ਮਹਾਂਸਾਗਰ ਵਿੱਚ ਸੁੱਟਦੀ ਹੈ ਉਹ ਪੂਰਾ ਗੰਧਲਾ ਹੋਇਆ ਹੁੰਦਾ ਹੈ। ਇਹ ਕਿਵੇਂ ਹੋਇਆ ? ਗੰਗਾ ਵਿੱਚ ਇਸ ਤਬਦੀਲੀ ਨੂੰ ਲਿਆਉਣ ਦਾ ਜ਼ਿੰਮੇਵਾਰ ਹੋਰ ਕੋਈ ਨਹੀਂ, ਬਲਕਿ ਮਨੁੱਖ ਹੀ ਹੈ। ਵਿਗਿਆਨ ਇਹ ਦਾਅਵਾ ਕਰਦਾ ਹੈ। ਇਹ ਗੱਲ ਠੀਕ ਵੀ ਹੈ। ਇਸ ਨੇ ਕੇਵਲ ਬੰਦੇ ਦਾ ਜੀਵਨ ਹੀ ਨਹੀਂ ਬਲਕਿ ਪ੍ਰਕਿਰਤੀ ਦੀ ਨੁਹਾਰ ਹੀ ਬਦਲ ਦਿੱਤੀ ਹੈ। ਜਿੱਥੇ ਇਸ ਨੇ ਸਾਡੀ ਜ਼ਿੰਦਗੀ ਨੂੰ ਅਰਾਮਦਾਇਕ ਬਣਾਇਆ ਹੈ, ਉੱਥੇ ਇਸ ਨੇ ਕੁਦਰਤ ਨੂੰ ਬਹੁਤ ਹੀ ਬੇਅਰਾਮ ਕੀਤਾ ਹੈ। ਪਰ ਇਸ ਮਾਰੂ-ਪ੍ਰਭਾਵ ਦਾ ਸ਼ਿਕਾਰ ਸਿਰਫ਼ ਬਨਸਪਤੀ ਅਤੇ ਪਸ਼ੂ-ਪੰਛੀ ਹੀ ਨਹੀਂ ਹੋਏ, ਸਗੋਂ ਖ਼ੁਦ ਮਨੁੱਖ ਵੀ ਹੋਇਆ ਹੈ। ਇਸ ਚੱਕਰ ਵਿੱਚ ਆਦਮਜਾਤ ਇੰਨੀ ਘਿਰ ਚੁੱਕੀ ਹੈ ਕਿ ਇਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਖ਼ਤਰਾ ਪੈਦਾ ਹੋ



ਗਿਆ ਹੈ। ਜਦੋਂ ਅੱਜ ਦੇ ਸਮੇਂ ਵਿੱਚ ਹੀ ਦਿੱਲੀ ਦੇ ਟਰੈਫ਼ਿਕ ਪੁਲੀਸਮੈਨ ਨੂੰ ਆਕਸੀਜਨ ਮਾਸਕ ਚੜ੍ਹਾ ਕੇ ਖੜ੍ਹਨਾ ਪੈਂਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਤਾਂ ਆਮ ਆਦਮੀ ਦਾ ਸਾਹ ਲੈਣਾ ਹੀ ਮੁਸ਼ਕਿਲ ਹੋ ਜਾਵੇਗਾ। ਉਦਯੋਗੀਕਰਨ ਦੇ ਪ੍ਰਦੂਸ਼ਣ ਦਾ ਪ੍ਰਭਾਵ ਕੇਵਲ ਧਰਤੀ ਉੱਤੇ ਹੀ ਨਹੀਂ, ਸਗੋਂ ਸਮੁੰਦਰ ਅਤੇ ਆਕਾਸ਼ ਉੱਤੇ ਵੀ ਹੈ। ਦੁਨੀਆਂ ਦੇ ਕਾਰਖ਼ਾਨੇ ਹਰ ਸਾਲ ਤੀਹ ਹਜ਼ਾਰ ਮਿਲੀਅਨ ਕਿਊਬਿਕ ਮੀਟਰ ਗੰਦਾ ਪਾਣੀ, ਦੋ ਸੌ ਪੰਜਾਹ ਮਿਲੀਅਨ ਟਨ ਧੂੜ ਅਤੇ ਸੱਤਰ ਮਿਲੀਅਨ ਟਨ ਜ਼ਹਿਰੀਲੀਆਂ ਗੈਸਾਂ ਛੱਡਦੇ ਹਨ । ਇਹ ਅਨੁਪਾਤ ਦਿਨੋ-ਦਿਨ ਵਧਦਾ ਹੀ ਜਾ ਰਿਹਾ ਹੈ। ਇਸ ਤੋਂ ਬਿਨਾਂ ਹਰ ਸਾਲ ਤਿੰਨ ਹਜ਼ਾਰ ਮਿਲੀਅਨ ਟਨ ਮਲਬਾ ਕਾਰਖ਼ਾਨਿਆਂ ਵਿੱਚੋਂ ਨਿਕਲਦਾ ਹੈ । ਉਦਯੋਗਾਂ ਦੇ ਪ੍ਰਦੂਸ਼ਣ ਦੀ ਸਮੱਸਿਆ ਵੱਡੇ ਸ਼ਹਿਰਾਂ ਵਿੱਚ ਹੋਰ ਵੀ ਗੰਭੀਰ ਹੈ। ਇਕੱਲੇ ਕਲਕੱਤੇ ਵਿੱਚ ਹੀ ਦੋ ਹਜ਼ਾਰ ਦੇ ਕਰੀਬ ਵੱਡੇ ਕਾਰਖ਼ਾਨੇ ਹਨ ਜੋ ਰੋਜ਼ਾਨਾ ਪੰਜ ਸੌ ਤੀਹ ਟਨ ਗੰਧਲੇ ਪਦਾਰਥ ਹਵਾ ਵਿੱਚ ਮਿਲਾਉਂਦੇ ਹਨ। ਹਵਾ ਦਾ ਇਕ ਮਾਰੂ ਪ੍ਰਦੂਸ਼ਣ ਸਲਫਰ ਡਾਇਆਕਸਾਈਡ ਹੈ; ਇਹ ਆਮ ਤੌਰ 'ਤੇ ਉਨ੍ਹਾਂ ਕਾਰਖ਼ਾਨਿਆਂ ਵਿੱਚੋਂ ਨਿਕਲਦਾ ਹੈ ਜਿਹੜੇ ਲੋਹਾ, ਤਾਂਬਾ, ਜ਼ਿੰਕ ਅਤੇ ਸਿੱਕਾ ਵਰਤਦੇ ਹਨ । ਬੰਦੇ ਨੂੰ ਇਹ ਕਈ ਤਰ੍ਹਾਂ ਦੇ ਰੋਗ ਲਾਉਂਦਾ ਹੈ; ਜਿਵੇਂ ਕਿ ਛਾਤੀ ਦਾ ਜੁੜਨਾ, ਸਿਰਦਰਦ ਆਦਿ । ਕਈ ਵਾਰੀ ਤਾਂ ਇਹ ਮਨੁੱਖ ਨੂੰ ਮੌਤ ਦੇ ਮੂੰਹ ਵਿੱਚ ਜਾ ਸੁੱਟਦਾ ਹੈ। ਇਸ ਗੈਸ ਦੇ ਜ਼ਹਿਰੀਲੇਪਨ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਹ ਸਖ਼ਤ ਤੋਂ ਸਖ਼ਤ ਪੌਦੇ ਨੂੰ ਵੀ ਬਹੁਤ ਜਲਦੀ ਸੁਕਾ ਦਿੰਦੀ ਹੈ । ਪ੍ਰਦੂਸ਼ਣ ਦਾ ਜਿਹੜਾ ਰੂਪ ਸਭ ਤੋਂ ਵੱਧ ਹਰ ਵਿਅਕਤੀ ਨੂੰ ਸੁੱਤੇ ਸਿਧ ਦਿਖਾਈ ਦਿੰਦਾ ਹੈ ਉਹ ਧੂੰਆਂ ਹੈ। ਇਸ ਨੂੰ ਲਗਭਗ ਹਰ ਤਰ੍ਹਾਂ ਦੇ ਕਾਰਖ਼ਾਨੇ ਵੱਡੀ ਮਾਤਰਾ ਵਿੱਚ ਫੈਲਾਉਂਦੇ ਹਨ। ਇਹ ਕੇਵਲ ਸਾਡੀਆਂ ਅੱਖਾਂ ਵਿੱਚ ਜਲਣ ਹੀ ਪੈਦਾ ਨਹੀਂ ਕਰਦਾ ਸਗੋਂ ਕਈ ਤਰ੍ਹਾਂ ਦੀਆਂ ਸਾਹ ਦੀਆਂ ਬੀਮਾਰੀਆਂ ਵੀ ਲਾਉਂਦਾ ਹੈ। ਧੂੰਏਂ ਵਿੱਚ ਜੇ ਕਿਤੇ ਹਾਈਡਰੋਕਾਰਬਨ ਅਤੇ ਨਾਈਟਰੋਜਨ ਦੇ ਆਕਸਾਈਡ ਮਿਲ ਜਾਣ ਤਾਂ ਇਕ ਨਵਾਂ ਮਾਰੂ ਪਦਾਰਥ ਪੈਦਾ ਹੋ ਜਾਂਦਾ ਹੈ ਜਿਸ ਨੂੰ 'ਸਮੋਗ' ਕਹਿੰਦੇ ਹਨ। ਸਮੋਗ ਦੀ ਸਭ ਤੋਂ ਪਹਿਲੀ ਦੁਰਘਟਨਾ ਅਮਰੀਕਾ ਦੇ ਸ਼ਹਿਰ 'ਡਨੋਰਾ' ਵਿੱਚ ਵਾਪਰੀ । ਹੋਇਆ ਇਉਂ ਕਿ ਸਾਰਾ ਸ਼ਹਿਰ ਹੀ ਕਈ ਹਫ਼ਤੇ ਕਾਲੇ ਧੂੰਏਂ ਨਾਲ ਢੱਕਿਆ ਰਿਹਾ ਜਿਸ ਨੇ ਸੈਂਕੜੇ ਬੰਦਿਆਂ ਦੀ ਜਾਨ ਲੈ ਲਈ । ਇਹ ਸਭ ਮੌਤਾਂ ਸਾਹ ਰੁਕ ਜਾਣ ਕਰਕੇ ਹੋਈਆਂ । ਸਮੋਗ ਦੀ ਸਭ ਤੋਂ ਭਿਅੰਕਰ ਦੁਰਘਟਨਾ ਸੰਨ 1952 ਵਿੱਚ ਲੰਦਨ ਵਿੱਚ ਵਾਪਰੀ । ਇਸ ਵਿੱਚ

ਪੰਜਤਾਲੀ ਸੌ ਲੋਕਾਂ ਦੀਆਂ ਜਾਨਾਂ ਗਈਆਂ । ਇਹੋ ਜਿਹੇ ਹੀ ਹਾਦਸੇ ਜਾਪਾਨ ਵਿੱਚ ਟੋਕੀਓ ਅਤੇ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਵਾਪਰੇ; ਭਾਵੇਂ ਆਕਸੀਜਨ ਡਿਸਪੈਂਸਰਾਂ ਦੀ ਮਦਦ ਨਾਲ ਇਨ੍ਹਾਂ ਦੁਰਘਟਨਾਵਾਂ ਦੇ ਫੈਲਾਓ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਵੀ 'ਸਮੋਗ' ਦਾ ਸੰਕਟ ਘਟਿਆ ਨਹੀਂ ਸਗੋਂ ਵਧਿਆ ਹੀ ਹੈ। ਸ਼ੀਸ਼ਾ, ਐਲੂਮੀਨੀਅਮ ਅਤੇ ਖਾਦਾਂ ਬਣਾਉਣ ਵਾਲੇ ਕਾਰਖ਼ਾਨੇ ਜਿਹੜਾ ਜ਼ਹਿਰੀਲਾ ਪਦਾਰਥ ਹਵਾ ਵਿੱਚ ਛੱਡਦੇ ਹਨ ਉਹ ਹੈ ਹਾਈਡਰੋਜਨ ਫਲੋਰਾਈਡ । ਇਹ ਗੈਸ ਮਨੁੱਖ ਦੀ ਚਮੜੀ ਉੱਤੇ ਭਿਅੰਕਰ ਜਲਣ ਪੈਦਾ ਕਰਦੀ ਹੈ । ਰਸਾਇਣਿਕ ਕਾਰਖ਼ਾਨੇ ਜਿਹੜੇ ਪ੍ਰਦੂਸ਼ਕ ਹਵਾ ਵਿੱਚ ਰਲਾਉਂਦੇ ਹਨ, ਉਨ੍ਹਾਂ ਵਿੱਚੋਂ ਮੁੱਖ ਹਨ ਹਾਈਡਰੋਜਨ ਸਾਇਆਨਾਇਡ, ਹਾਈਡਰੋਜਨ ਸਲਫਾਈਡ, ਫੋਸਜੀਨ ਆਦਿ । ਇਹ ਬੰਦੇ ਨੂੰ ਕਈ ਤਰ੍ਹਾਂ ਦੇ ਰੋਗ ਲਾਉਂਦੇ ਹਨ; ਜਿਵੇਂ ਕਿ ਪੀਲੀਆ, ਗੁਰਦਿਆਂ ਦਾ ਤਬਾਹ ਹੋਣਾ ਆਦਿ। ਸੰਨ 1984 ਵਿੱਚ ਵਪਾਰੀ ਭੂਪਾਲ ਦੀ ਦੁਰਘਟਨਾ ਅਜੇ ਸਾਨੂੰ ਭੁੱਲੀ ਨਹੀਂ ਹੈ। ਇਸ ਵਿੱਚ ਕਿੰਨੇ ਬੰਦੇ ਮਾਰੇ ਗਏ ਅਤੇ ਹੋਰ ਕਿੰਨੇ ਹੀ ਅਪਾਹਿਜ ਹੋਏ । ਯੂਨੀਅਨ ਕਾਰਬਾਈਡ ਦੇ ਕਾਰਖ਼ਾਨੇ ਵਿੱਚੋਂ ਲੀਕ ਹੋਈ ਮਿਥਾਈਲ ਆਈਸੋਸਾਇਆਨਾਈਡ ਗੈਸ ਦੇ ਹਵਾ ਵਿੱਚ ਰਲਣ ਦੀ ਦੇਰ ਸੀ ਕਿ ਸ਼ਹਿਰ ਵਿੱਚ ਮੌਤ ਦਾ ਤਾਂਡਵ ਨਾਚ ਸ਼ੁਰੂ ਹੋ ਗਿਆ । ਇਸ ਘਟਨਾ ਦੇ ਬੁਰੇ ਪ੍ਰਭਾਵ ਤੋਂ ਅੱਜੇ ਵੀ ਭੂਪਾਲ ਵਾਸੀ ਮੁਕਤ ਨਹੀਂ ਹੋਏ । ਵਿਗਿਆਨ ਦੀ ਤਰੱਕੀ ਨੇ ਅਨੇਕ' ਪ੍ਰਕਾਰ ਦੇ ਨਿਊਕਲੀਅਰ ਹਥਿਆਰਾਂ ਨੂੰ ਜਨਮ ਦਿੱਤਾ ਹੈ ਪਰ ਇਸ ਦੇ ਨਾਲ ਰੇਡੀਓਐਕਟਿਵ ਪ੍ਰਦੂਸ਼ਣ ਦਾ ਦੌਰ ਸ਼ੁਰੂ ਹੋ ਗਿਆ ਜੋ ਕਿ ਬਹੁਤ ਹੀ ਖ਼ਤਰਨਾਕ ਮੋੜ ਉੱਤੇ ਪਹੁੰਚ ਚੁੱਕਾ ਹੈ । ਇਹ ਪਦਾਰਥ ਬੰਦੇ ਨੂੰ ਕੈਂਸਰ ਵਰਗੇ ਮਾਰੂ ਰੋਗਾਂ ਦੇ ਸ਼ਿਕੰਜੇ ਵਿੱਚ ਫਸਾਉਂਦੇ ਹਨ । ਇਹ ਤਾਂ ਸੀ ਉਦਯੋਗੀਕਰਨ ਦਾ ਹਵਾ ਵਿੱਚ ਪ੍ਰਦੂਸ਼ਣ।

ਹੁਣ ਪਾਣੀ ਦੇ ਪ੍ਰਦੂਸ਼ਣ ਦੀ ਗੱਲ ਕਰੀਏ । ਵਿਸ਼ਵ ਸਿਹਤ ਸੰਸਥਾ ਦੇ ਸਰਵੇਖਣ ਅਨੁਸਾਰ ਹਰ ਸਾਲ ਪੱਚੀ ਕਰੋੜ ਲੋਕ ਗੰਦੇ ਪਾਣੀ ਤੋਂ ਪੈਦਾ ਹੋਣ ਵਾਲੇ ਰੋਗਾਂ ਦਾ ਸ਼ਿਕਾਰ ਹੁੰਦੇ ਹਨ । ਇਹ ਰੋਗ ਹਨ ਟਾਈਫਾਈਡ, ਹੈਜ਼ਾ, ਟਰੇਕੋਮਾ ਆਦਿ । ਪਾਣੀ ਦਾ ਪ੍ਰਦੂਸ਼ਣ ਸਿਰਫ਼ ਨਦੀਆਂ ਤਕ ਹੀ ਸੀਮਿਤ ਨਹੀਂ, ਸਗੋਂ ਝੀਲਾਂ ਅਤੇ ਸਮੁੰਦਰਾਂ ਨੂੰ ਵੀ ਇਸ ਨੇ ਆਪਣੀ ਗਲੇਫ਼ ਵਿੱਚ ਲੈ ਲਿਆ ਹੈ । ਕਈ ਉਦਯੋਗਾਂ ਦਾ ਤਾਂ ਪਾਣੀ ਦੇ ਪ੍ਰਦੂਸ਼ਣ ਨਾਲ ਸਿੱਧਾ ਸੰਬੰਧ ਹੈ। ਪਟਸਨ ਉਦਯੋਗ ਦੀ ਹੀ ਉਦਾਹਰਣ ਲਵੋ । ਭਾਰਤ ਦਾ ਸਾਰਾ ਪਟਸਨ ਉਦਯੋਗ ਕਲਕੱਤੇ ਦੀ ਹੁਗਲੀ ਨਦੀ ਦੇ ਕੰਢੇ ਉੱਤੇ ਕੇਂਦਰਿਤ ਹੈ। ਇਨ੍ਹਾਂ ਕਾਰਖ਼ਾਨਿਆਂ ਨੇ ਬੰਗਾਲ ਦੀ ਇਸ ਨਦੀ ਦੇ ਪਾਣੀ ਨੂੰ ਰੱਜ ਕੇ ਪਲੀਤ ਕੀਤਾ ਹੈ। ਇਸ ਤੋਂ ਬਿਨਾਂ ਕਾਗਜ਼ ਉਦਯੋਗ ਅਤੇ ਪੈਟਰੋਲੀਅਮ



ਰੀਫ਼ਾਈਨਰੀਜ਼ ਵੀ ਪਾਣੀ ਦੇ ਪ੍ਰਦੂਸ਼ਣ ਵਿੱਚ ਵੱਡਾ ਹਿੱਸਾ ਪਾਉਂਦੀਆਂ ਹਨ। ਪਾਣੀ ਦੇ ਪ੍ਰਦੂਸ਼ਣ ਦੀ ਇਕ ਪ੍ਰਸਿੱਧ ਮਿਸਾਲ ਜਾਪਾਨ ਦੇ ਮਿਨੀਮਿਟਾ ਖਾੜੀ ਇਲਾਕੇ ਵਿੱਚੋਂ ਮਿਲੀ । ਗੱਲ ਸੰਨ 1952 ਦੀ ਹੈ। ਇਸ ਖਾੜੀ ਇਲਾਕੇ ਦੀਆਂ ਮੱਛੀਆਂ ਰਹੱਸਮਈ ਢੰਗ ਨਾਲ ਮਰਨ ਲੱਗੀਆਂ । ਬਹੁਤ ਸਾਰੇ ਲੋਕ ਅਪਾਹਿਜ ਹੋ ਗਏ । ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਖਾੜੀ ਦੇ ਕੰਢੇ ਉੱਤੇ ਬਣੇ ਕਾਰਖ਼ਾਨਿਆਂ ਦੇ ਮਲਬੇ ਵਿੱਚ ਪਾਰਾ ਸੀ । ਇਹ ਪਾਰਾ ਪਾਣੀ ਵਿੱਚ ਰਲ ਕੇ ਤਬਾਹੀ ਮਚਾ ਰਿਹਾ ਸੀ । ਇਸ ਘਟਨਾ ਤੋਂ ਬਾਅਦ ਇਸ ਬੀਮਾਰੀ ਦਾ ਨਾਮ ਹੀ 'ਮਿਨੀਮਿਟਾ ਰੋਗ' ਪੈ ਗਿਆ। ਕਈ ਦੇਸ਼ਾਂ ਵਿੱਚ ਉਦਯੋਗਾਂ ਦੇ ਇਸ ਪ੍ਰਦੂਸ਼ਣ ਦਾ ਅਸਰ ਹੋਰ ਵੀ ਗਹਿਰਾ ਹੈ। ਝੀਲਾਂ ਦੇ ਦੇਸ਼ ਸਵੀਡਨ ਦੀ ਹੀ ਗੱਲ ਲਵੋ । ਇੱਥੋਂ ਦੀਆਂ ਨੱਬੇ ਹਜ਼ਾਰ ਝੀਲਾਂ ਵਿੱਚੋਂ ਚਾਲੀ ਹਜ਼ਾਰ ਦਾ ਪਾਣੀ ਜ਼ਹਿਰੀਲਾ ਹੋ ਚੁੱਕਿਆ ਹੈ। ਦਸ ਹਜ਼ਾਰ ਝੀਲਾਂ ਵਿੱਚੋਂ ਤਾਂ ਮੱਛੀਆਂ ਦਾ ਨਾਮੋ-ਨਿਸ਼ਾਨ ਹੀ ਮਿਟ ਚੁੱਕਾ ਹੈ। ਯੂਰਪ ਦੀ ਸਭ ਤੋਂ ਵੱਡੀ ਨਦੀ 'ਰਾਈਨ' ਹੁਣ ਗੰਦੇ ਨਾਲੇ ਤੋਂ ਵੱਧ ਕੁਝ ਨਹੀਂ ਰਹਿ ਗਈ ਹੈ। ਜਰਮਨੀ ਵਿੱਚ ਇਸ ਪ੍ਰਦੂਸ਼ਣ ਨੇ ਪੀਣ ਵਾਲੇ ਪਾਣੀ ਦੀ ਸਮੱਸਿਆ ਖੜ੍ਹੀ ਕਰ ਰੱਖੀ ਹੈ। 'ਮਿਊਨਿਖ' ਅਤੇ 'ਹਮਬਰਗ' ਵਰਗੇ ਸ਼ਹਿਰਾਂ ਦੀ ਹਾਲਤ ਇਹ ਹੈ ਕਿ ਇੱਥੋਂ ਦੀ ਧਰਤੀ ਹੇਠਲਾ ਸਾਰਾ ਪਾਣੀ ਪੀਣਯੋਗ ਨਹੀਂ ਰਿਹਾ । ਹੁਣ ਉਨ੍ਹਾਂ ਨੂੰ ਹਜ਼ਾਰਾਂ ਮੀਲ ਦੂਰ ਤੋਂ ਪਾਈਪਾਂ ਰਾਹੀਂ ਪਾਣੀ ਸਪਲਾਈ ਕੀਤਾ ਜਾਂਦਾ ਹੈ। ਹਾਲੈਂਡ ਵਿੱਚ ਤਾਂ ਪੀਣ ਵਾਲੇ ਪਾਣੀ ਨੂੰ ਬਾਹਰਲੇ ਮੁਲਕਾਂ ਤੋਂ ਪੈਸੇ ਖ਼ਰਚ ਕੇ ਮੰਗਾਇਆ ਜਾਂਦਾ ਹੈ । ਇਨ੍ਹਾਂ ਉਦਾਹਰਣਾਂ ਤੋਂ ਉਦਯੋਗਿਕ ਤਰੱਕੀ ਦੇ ਨਾਲ ਉਪਜੀਆਂ ਵਾਤਾਵਰਣ ਦੀਆਂ ਸਮੱਸਿਆਵਾਂ ਦਾ ਬੋਝ ਹੁੰਦਾ ਹੈ। ਕਾਰਖ਼ਾਨਿਆਂ ਦਾ ਮਲਬਾ ਧਰਤੀ ਦੀ ਸੁੰਦਰਤਾ ਨੂੰ ਵਿਗਾੜਦਾ ਹੈ । ਇਨ੍ਹਾਂ ਦੀਆਂ ਮਸ਼ੀਨਾਂ ਦਾ ਸ਼ੋਰ ਵਾਤਾਵਰਨ ਦੀ ਸ਼ਾਂਤੀ ਨੂੰ ਭੰਗ ਕਰਦਾ ਹੈ। ਇਹ ਤਾਂ ਠੀਕ ਹੈ ਕਿ ਪ੍ਰਦੂਸ਼ਣ ਦੇ ਸੋਮੇ ਹੋਰ ਵੀ ਹਨ, ਪਰ ਇਸ ਵਿੱਚ ਉਦਯੋਗਾਂ ਦਾ ਹੱਥ ਸਭ ਤੋਂ ਉੱਪਰ ਹੈ। ਇਹ ਸਮੱਸਿਆ ਮਨੁੱਖ ਜਾਤੀ ਲਈ ਇਕ ਬਹੁਤ ਵੱਡਾ ਸੰਕਟ ਬਣ ਚੁੱਕੀ ਹੈ। ਇਹ ਤਦੇ ਹੀ ਇਸ ਚਿੰਤਾ ਦਾ ਪ੍ਰਗਟਾਵਾ ਇਸ ਸਾਲ ਰੀਓ-ਡੀ ਜਨੇਰੋ ਵਿੱਚ ਹੋਏ ਪਹਿਲੇ 'ਧਰਤੀ ਸੰਮੇਲਨ' ਵਿੱਚ ਕੀਤਾ ਗਿਆ । ਇਸ ਸੰਮੇਲਨ ਵਿੱਚ ਲੱਗਭੱਗ ਸਾਰੇ ਪ੍ਰਮੁੱਖ ਦੇਸ਼ਾਂ ਦੇ ਮੁਖੀਆਂ ਨੇ ਪ੍ਰਦੂਸ਼ਣ ਦੀ ਸਮੱਸਿਆ ਦੇ ਹੱਲ ਲੱਭਣ ਲਈ ਡੂੰਘੀ ਵਿਚਾਰ ਕੀਤੀ । ਕਈ ਸਾਰਥਿਕ ਮਤੇ ਵੀ ਪਾਸ ਕੀਤੇ । ਲੋੜ ਹੈ ਇਨ੍ਹਾਂ ਮਤਿਆਂ ਉੱਤੇ ਅਮਲ ਕਰਨ ਦੀ। ਲੋੜ ਹੈ ਮਨੁੱਖ ਨੂੰ ਪ੍ਰਕਿਰਤੀ ਸੰਬੰਧੀ ਆਪਣਾ ਨਜ਼ਰੀਆ ਬਦਲਣ ਦੀ, ਲੋੜ ਹੈ ਪ੍ਰਦੂਸ਼ਣ ਦੀ ਸਮੱਸਿਆ ਨੂੰ ਜੜ੍ਹ ਤੋਂ ਉਖੇੜਨ ਦੀ ।

(ਰੋਜ਼ਾਨਾ ਪੰਜਾਬੀ ਟ੍ਰਿਬਿਊਨ 21-2-1993 'ਚੋਂ ਧੰਨਵਾਦ ਸਹਿਤ !)

## ਦਰਖ਼ਤ ਲਗਾਉਣ, ਪਾਣੀ ਬਚਾਉਣ
## ਤੇ
# ਪ੍ਰਦੂਸ਼ਣ ਰੋਕਣ ਲਈ ਸਮੂਹ ਪੰਜਾਬੀ ਅੱਗੇ ਆਉਣ

**ਬਲਬੀਰ ਸਿੰਘ ਰਾਜੇਵਾਲ**

ਪੰਜਾਬੀ ਭੈਣੋ ਅਤੇ ਭਰਾਵੋ,

ਮੈਂ ਕਈ ਦਿਨਾਂ ਤੋਂ ਇਕ ਖੁੱਲ੍ਹੀ ਚਿੱਠੀ ਲਿਖ ਕੇ ਤੁਹਾਡੇ ਨਾਲ ਪੰਜਾਬ ਪ੍ਰਤੀ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨੀਆਂ ਚਾਹੁੰਦਾ ਸਾਂ, ਪਰ ਨਿੱਤ ਦੇ ਰੁਝੇਵਿਆਂ ਨੇ ਘੱਟੋ-ਘੱਟ ਇਕ ਹਫ਼ਤਾ ਲੇਟ ਕਰ ਦਿੱਤਾ । ਇਹ ਮਸਲਾ ਭਾਵੇਂ ਪੰਜਾਬੀਆਂ ਦੀ ਨੇੜੇ ਦੀ ਸੋਚ ਕਾਰਨ ਸਮਝਿਆ ਸਿਰਫ਼ ਕਿਸਾਨਾਂ ਦਾ ਜਾਂਦਾ ਹੈ, ਪਰ ਹੈ ਇਹ ਹਰ ਪੰਜਾਬੀ ਦਾ। ਜੇ ਹੁਣ ਤੋਂ ਹੀ ਸੰਭਲ ਕੇ ਚੱਲਣ ਦਾ ਮਨ ਬਣਾ ਲਈਏ ਅਤੇ ਹਰ ਬੰਦਾ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਕੇ ਕੁਝ ਕਰਨਾ ਸ਼ੁਰੂ ਕਰ ਦੇਵੇ, ਨਤੀਜੇ ਹੁਣ ਵੀ ਚੰਗੇ ਨਿਕਲਣਗੇ । ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ, ਜਿੱਥੇ ਮੰਗਤਾ ਵੀ ਭੁੱਖਾ ਨਹੀਂ ਸੌਂਦਾ । ਪਰ ਜੇ ਤੁਰੰਤ ਨਾ ਸੋਚਿਆ ਅਤੇ ਅਵੇਸਲੇ ਰਹੇ ਤਾਂ ਲੋਕਾਂ ਦਾ ਢਿੱਡ ਭਰਨ ਵਾਲੇ ਪੰਜਾਬੀਆਂ ਨੂੰ ਅੰਨ ਪੈਦਾ ਕਰਕੇ ਦੇਣ ਵਾਲੀ ਪੰਜਾਬ ਦੀ ਧਰਤੀ ਵੀ ਜਵਾਬ ਦੇ ਜਾਵੇਗੀ । ਸਾਨੂੰ ਸਾਡੀਆਂ ਆਉਣ ਵਾਲੀਆਂ ਨਸਲਾਂ ਵੀ ਨਹੀਂ ਬਖ਼ਸ਼ਣਗੀਆਂ ।

ਲਗਭਗ ਇਕ ਮਹੀਨੇ ਤੋਂ ਅਸੀਂ ਝੋਨੇ ਦੀ ਫ਼ਸਲ ਲਾ ਰਹੇ ਹਾਂ । ਗਰਮੀ ਨੇ ਬਸ ਕਰਵਾ ਛੱਡੀ । ਮੌਨਸੂਨ ਇਸ ਵਾਰ ਕਾਫ਼ੀ ਲੇਟ ਹੋ ਗਈ । ਮੌਸਮ ਵਿਭਾਗ ਮੌਨਸੂਨ ਆਉਣ ਦੀਆਂ ਤਰੀਕਾਂ ਅੱਗੇ ਹੀ ਅੱਗੇ ਪਾਉਂਦਾ ਰਿਹਾ । ਜੂਨ ਮਹੀਨਾ ਹੀ ਨਹੀਂ, ਜੁਲਾਈ ਦਾ ਪਹਿਲਾ ਹਫ਼ਤਾ ਵੀ ਸੁੱਕਾ ਹੀ ਲੰਘ ਗਿਆ । ਹੁਣ ਕਿਤੇ ਜਾ ਕੇ ਕੁਝ ਥਾਵਾਂ 'ਤੇ ਬਾਰਸ਼ ਹੋਈ ਹੈ । ਪਹਿਲਾਂ ਬਾਰਸ਼ ਦੀ ਕਮੀ ਕਾਰਨ ਖੇਤਾਂ ਵਿੱਚ ਪਾਣੀ ਨਹੀਂ ਸੀ ਖੜ੍ਹਦਾ । ਅਸੀਂ ਪਹਿਲਾਂ ਝੋਨਾ ਲਾ ਕੇ ਪੰਗਾ ਅਜਿਹਾ ਲੈਂਦੇ ਹਾਂ ਤੇ ਬਾਅਦ ਵਿੱਚ ਉਸ ਨੂੰ ਜਿਊਂਦਾ ਰੱਖਣ ਲਈ ਡੀਜ਼ਲ ਫੂਕੀ ਜਾਂਦੇ ਹਾਂ। ਬਿਜਲੀ ਵਾਲੇ ਤਾਂ ਜਿਵੇਂ ਹੱਥ ਹੀ ਖੜ੍ਹੇ ਕਰ ਗਏ। 4 ਤੋਂ 6 ਘੰਟੇ ਤਕ ਮਸਾਂ ਬਿਜਲੀ ਮਿਲਦੀ ਹੈ। ਹਰ ਕਿਸਾਨ ਪਰਿਵਾਰ ਹਰ ਰੋਜ਼ 1000 ਤੋਂ 1500 ਰੁਪਏ ਦਾ ਰੋਜ਼ਾਨਾ ਡੀਜ਼ਲ ਫੂਕਦਾ ਹੈ। ਕੇਂਦਰ ਸਰਕਾਰ ਨੂੰ ਪਤਾ ਹੈ ਕਿ ਇਸ ਸਾਲ ਅਨਾਜ ਪੈਦਾ ਕਰਨ ਵਾਲੇ ਰਾਜਾਂ ਆਂਧਰਾ ਪ੍ਰਦੇਸ਼ ਤੋਂ ਤੁਰ ਉੱਤਰ ਪੰਜਾਬ ਤਕ ਬਰਸਾਤ ਲੋੜ ਤੋਂ ਕਿਤੇ ਘੱਟ ਹੋਵੇਗੀ । ਪਰ ਨਾ ਤਾਂ ਕੇਂਦਰ ਸਰਕਾਰ ਖ਼ੁਦ ਅਤੇ ਨਾ ਹੀ ਮੌਸਮ ਵਿਭਾਗ ਨੂੰ ਇਹ ਗੱਲ ਸਪੱਸ਼ਟ ਕਰਨ ਦਿੰਦੀ ਹੈ। ਉਸ ਨੂੰ ਡਰ ਹੈ ਕਿ ਬੇਸ਼ੱਕ ਸਰਕਾਰੀ ਗ਼ੁਦਾਮਾਂ ਵਿੱਚ ਅੰਨ ਬਹੁਤ ਪਿਆ ਹੈ, ਪਰ ਜੇ ਪੈਦਾਵਰ ਦੀ ਲੜੀ ਇਕ ਸਾਲ ਵੀ ਟੁੱਟ ਜਾਵੇ ਤਾਂ ਇਸ ਦਾ ਦੇਸ਼ ਦੇ ਅਰਥਚਾਰੇ ਉੱਤੇ ਬਹੁਤ



ਭੈੜਾ ਅਸਰ ਪੈਂਦਾ ਹੈ। ਪਰ ਕਿਸਾਨ ਹਨ ਕਿ ਉਨ੍ਹਾਂ ਨੂੰ ਸਮਝ ਹੀ ਨਹੀਂ ਪੈਂਦੀ । ਉਹ ਕਿਸੇ ਵੀ ਫ਼ਸਲ ਸੰਬੰਧੀ ਲਾਭ-ਹਾਨੀ ਦੇ ਪੱਖ ਤੋਂ ਲੇਖਾ-ਜੋਖਾ ਹੀ ਨਹੀਂ ਕਰਦੇ । ਜੇ ਕਰਦੇ ਵੀ ਹਨ ਤਾਂ ਨਾ ਤਾਂ ਆਪਣੀ ਅਤੇ ਆਪਣੇ ਪਰਿਵਾਰ ਦੀ ਮਿਹਨਤ ਗਿਣਦੇ ਹਨ ਅਤੇ ਨਾ ਸੰਦਾਂ, ਮਸ਼ੀਨਰੀ ਦੀ ਘਸਾਈ ਅਤੇ ਅਜਿਹੇ ਹੋਰ ਖ਼ਰਚੇ। ਇਸ ਤਰ੍ਹਾਂ ਉਹ ਜਿੱਥੇ ਆਪਣੀ ਆਰਥਿਕ ਹਾਲਤ ਵਿਗਾੜਨ ਲਈ ਖ਼ੁਦ ਦੋਸ਼ੀ ਹਨ, ਉੱਥੇ ਉਹ ਭਵਿੱਖ ਦੀ ਵੀ ਚਿੰਤਾ ਨਹੀਂ ਕਰਦੇ । ਹਰ ਚੀਜ਼ ਜੋ ਉਹ ਪੈਦਾ ਕਰਦੇ ਹਨ, ਕਮਲਿਆਂ ਵਾਂਗ ਢੇਰ ਹੀ ਲਾਉਂਦੇ ਹਨ । ਉਨ੍ਹਾਂ ਨੂੰ, ਨਾ ਤਾਂ ਮੁੱਕ ਰਹੇ ਪਾਣੀ ਦੀ ਚਿੰਤਾ ਹੈ ਨਾ ਵਧੇ ਖ਼ਰਚਿਆਂ ਦੀ ਅਤੇ ਨਾ ਹੀ ਆਪਣੀ ਧਰਤੀ ਦੀ ਸਿਹਤ ਦੀ ।

ਕਿਸਾਨ ਭਰਾਵੋ! ਪਾਣੀ ਜੀਵਨ ਹੁੰਦਾ ਹੈ। ਜਿੱਥੇ ਪਾਣੀ ਨਾ ਹੋਵੇ ਉੱਥੇ ਬਨਸਪਤੀ, ਪਸ਼ੂ, ਪੰਛੀ ਕੁਝ ਨਹੀਂ ਰਹਿੰਦੇ। ਪੰਜਾਬੀਓ, ਤੁਸੀਂ ਗੁਰਬਾਣੀ ਹਰ ਰੋਜ਼ ਪੜ੍ਹਦੇ ਸੁਣਦੇ ਹੋ । ਸਾਨੂੰ ਗੁਰੂ ਸਾਹਿਬਾਨ ਨੇ ਵਾਰ-ਵਾਰ ਸਮਝਾਇਆ ਹੈ-

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

ਅੱਜ ਸਾਡਾ ਗੁਰੂ ਹਵਾ ਅਤੇ ਪਾਣੀ ਪਿਤਾ ਅਤੇ ਧਰਤੀ ਮਾਂ, ਸਾਰੇ ਸਾਡੇ ਕਾਰਨਾਮਿਆਂ ਨੇ ਦੂਸ਼ਿਤ ਕਰ ਦਿੱਤੇ ਹਨ। ਪਾਣੀ ਦੀ ਅਸੀਂ ਅੰਨ੍ਹੇਵਾਹ ਕੁਚੱਜੀ ਵਰਤੋਂ ਕਰਕੇ ਕੁਦਰਤ ਦੀ ਇਹ ਅਨਮੋਲ ਬਖ਼ਸ਼ਿਸ਼ ਦੇ ਖ਼ਜ਼ਾਨੇ ਨੂੰ ਖ਼ਤਮ ਕਰੀ ਜਾ ਰਹੇ ਹਾਂ। ਪੰਜਾਬ ਦੇ 90 ਫ਼ੀਸਦੀ ਇਲਾਕੇ ਪਾਣੀ ਦੇ ਪੱਧਰ ਵਜੋਂ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਜਾ ਚੁੱਕੇ ਹਨ । ਸਾਨੂੰ ਗੁਰੂ ਸਾਹਿਬਾਨ ਨੇ ਸਮਝਾਇਆ ਹੈ **'ਪਹਿਲਾ ਪਾਣੀ ਜੀਉ ਹੈ'** ਪਰ ਅਸੀਂ ਆਪਣੇ ਇਸ ਜੀਵਨ ਰੂਪੀ ਪਾਣੀ ਦੀ ਅੰਨ੍ਹੇਵਾਹ ਵਰਤੋਂ ਕਰਕੇ ਮੁਕਾਈ ਜਾ ਰਹੇ ਹਾਂ । ਕਿਸੇ ਪਿੰਡ, ਘਰ ਜਾਂ ਸ਼ਹਿਰ ਵਿੱਚ ਚਲੇ ਜਾਓ, ਕਿਸਾਨਾਂ ਉੱਤੇ ਤਾਂ ਝੋਨੇ ਨਾਲ ਪਾਣੀ ਮੁਕਾਉਣ ਦਾ ਦੋਸ਼ ਲਾ ਕੇ ਹਰ ਕੋਈ ਸੁਆਦ ਲੈਂਦਾ ਹੈ ਪਰ ਆਪਣੇ ਅੰਦਰ ਕੋਈ ਵੀ ਝਾਤੀ ਨਹੀਂ ਮਾਰਦਾ । ਨਹਾਉਣ ਵੇਲੇ ਹਰ ਕੋਈ ਪੂਰੀ ਟੂਟੀ ਖੋਲ੍ਹ ਕੇ ਘੱਟੋ-ਘੱਟ 10 ਬਾਲਟੀਆਂ ਪਾਣੀ ਜ਼ਰੂਰ ਡੋਲ੍ਹਦਾ ਹੈ। ਪਿੰਡਾਂ ਦੇ ਛੱਪੜ, ਟੋਭੇ ਜੋ ਗਰਮੀਆਂ ਵਿੱਚ ਮੁੱਕ ਜਾਇਆ ਕਰਦੇ ਸਨ, ਸਾਰੇ ਉੱਛਲਦੇ ਫਿਰਦੇ ਹਨ। ਹਰ ਸ਼ਹਿਰ ਦੇ ਪਾਣੀ ਦਾ ਦੂਸ਼ਿਤ ਹੋਇਆ ਦਰਿਆ ਪਿੰਡਾਂ ਵੱਲ ਨੂੰ ਵਗਦਾ ਦਿਖਾਈ ਦਿੰਦਾ ਹੈ। ਕੋਈ ਕਾਰ ਧੋਵੇ ਜਾਂ ਕੱਪੜੇ ਜਾਂ ਫਿਰ ਰਸੋਈ ਦਾ ਕੰਮ ਕਰੇ, ਪਾਣੀ ਦੀ ਅੰਨ੍ਹੀ ਵਰਤੋਂ ਸਭ ਨੇ ਆਪਣਾ ਜਨਮ ਸਿੱਧ ਅਧਿਕਾਰ ਸਮਝ ਰੱਖਿਆ ਹੈ। ਮੇਰੀ ਬੇਨਤੀ ਹੈ ਸਾਰੇ ਆਪਣੀ ਜ਼ਿੰਮੇਵਾਰੀ ਨੂੰ ਸਮਝੋ ਅਤੇ ਭਵਿੱਖ ਲਈ ਪਾਣੀ ਦੀ ਸੁਹਿਰਦ ਵਰਤੋਂ ਕਰਨੀ ਸ਼ੁਰੂ ਕਰੋ ।

ਕਿਸਾਨੋ ! ਤੁਸੀਂ ਭਲਾ ਝੋਨੇ ਵਿੱਚ ਅੰਨ੍ਹੇਵਾਹ ਪਾਣੀ ਪਾ ਕੇ ਕੀ ਖੱਟਿਆ ? ਕਦੀ ਸੋਚਿਆ ਹੈ? 1000-1500 ਰੁਪਏ ਰੋਜ਼ ਦਾ ਡੀਜ਼ਲ ਦਾ

ਖ਼ਰਚਾ ਅਤੇ ਉਸ ਉੱਤੇ ਰੱਖੇ ਮਜ਼ਦੂਰ ਦਾ ਖ਼ਰਚਾ ਗਿਣ ਕੇ ਦੇਖਿਓ, ਪੱਲੇ ਕੁਝ ਨਹੀਂ ਪੈਣਾ । ਨਿਰਾ ਡੀਜ਼ਲ ਦਾ ਖ਼ਰਚਾ ਨਹੀਂ, ਹਰ ਸਾਲ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ। ਹਰ ਤੀਜੇ ਸਾਲ ਧਰਤੀ ਦਾ ਸੀਨਾ ਪਾੜ ਕੇ ਨਵਾਂ ਬੋਰ ਲਾਉਣ ਲਈ ਘੱਟੋ-ਘੱਟ ਇਕ ਲੱਖ ਦਾ ਖ਼ਰਚਾ ਸਹੇੜਦੇ ਹੋ । ਮੋਟਰ ਦਾ ਲੋਡ ਵਧਾਉਣ ਲਈ ਹਜ਼ਾਰਾਂ ਰੁਪਏ ਬਿਜਲੀ ਬੋਰਡ ਨੂੰ ਦੇਣੇ ਪੈਂਦੇ ਹਨ। ਪੁਰਾਣੀ ਮੋਟਰ ਛੋਟੀ ਹੋ ਜਾਂਦੀ ਹੈ, ਕਿਸੇ ਕੰਮ ਨਹੀਂ ਆਉਂਦੀ । ਨਵੀਂ ਵੱਡੀ ਮੋਟਰ ’ਤੇ ਵੀ 40-50 ਹਜ਼ਾਰ ਤਕ ਖ਼ਰਚਦੇ ਹੋ । ਭੱਜ-ਨੱਠ ਵੱਖਰੀ । ਕਦੀ ਬੈਠ ਕੇ ਗਿਣਿਓ, ਕੀ ਕੱਢਿਆ ਇਸ ਗੋਰਖ ਧੰਦੇ ਵਿੱਚੋਂ । ਆਪਣਾ ਕੀਮਤੀ ਪਾਣੀ ਵੀ ਮੁਕਾਇਆ, ਜਿਸ ਦੀ ਕੀਮਤ ਤੁਹਾਡੀ ਕਿਸੇ ਵੀ ਜਿਣਸ ਦੇ ਭਾਅ ਮਿਥਣ ਸਮੇਂ ਖ਼ਰਚਿਆਂ ਵਿੱਚ ਨਹੀਂ ਗਿਣੀ ਜਾਂਦੀ । ਪਾਣੀ ਤੁਹਾਡਾ ਮੁੱਕਿਆ ਅਤੇ ਧਰਤੀ ਦੀ ਸਿਹਤ ਵੀ ਖ਼ਰਾਬ ਹੋਈ । ਜਿਨ੍ਹਾਂ ਲਈ ਪੈਦਾ ਕਰਕੇ ਢੇਰ ਲਾਈ ਜਾਂਦੇ ਹੋ, ਉਹ ਕੁਝ ਹੋਰ ਹੀ ਸੋਚਦੇ ਹਨ। ਤੁਹਾਨੂੰ ਕਮਲੇ ਸਮਝ ਕੇ ਹੁਣ ਤਕ ਵਰਤ ਲਿਆ । ਅੱਗੋਂ ਲਈ ਦੇਸ਼ ਦੇ ਪੂਰਬੀ ਰਾਜਾਂ ਬੰਗਾਲ, ਬਿਹਾਰ, ਉੜੀਸਾ, ਆਸਾਮ, ਝਾਰਖੰਡ, ਮੱਧ ਪ੍ਰਦੇਸ਼ ਨੂੰ ਨਵੀਂ ਅੰਨ ਪੱਟੀ ਬਣਾਉਣ ਉੱਤੇ ਉਨ੍ਹਾਂ ਨੇ ਸਾਰਾ ਜ਼ੋਰ ਲਾਇਆ ਹੋਇਆ ਹੈ। ਉਹ ਹੁਣ ਤੁਹਾਡੇ ਉੱਤੇ ਨਿਰਭਰ ਨਹੀਂ ਰਹਿਣਾ ਚਾਹੁੰਦੇ । ਤੁਸੀਂ ਕੀ ਖੱਟਿਆ? ਬੱਕਰਾ ਜਾਨ ਤੋਂ ਗਿਆ, ਖਾਣ ਵਾਲੇ ਨੇ ਸੁਆਦ ਵੀ ਨਾ ਲਿਆ ।

ਅਸੀਂ ਹੁਣ ਤਕ ਸਰਕਾਰੀ ਟੀਚੇ ਅਨੁਸਾਰ 60 ਫ਼ੀਸਦੀ ਰਕਬੇ ਵਿੱਚ ਹੀ ਝੋਨਾ ਲਾਇਆ ਹੈ। ਇਸ ਸਾਲ ਜੁਲਾਈ-ਅਗਸਤ ਵਿੱਚ ਵੀ ਪੂਰੀ ਬਰਸਾਤ ਨਹੀਂ ਹੋਣੀ । ਹੋਰ ਅੱਗੋਂ ਫਸੀ ਨਾ ਜਾਓ । ਹਰ ਪਿੰਡ ਵਿੱਚ ਮਿਲ ਬੈਠ ਕੇ ਸਲਾਹ ਕਰੋ—ਹਾਲਾਂ ਵੀ ਸਮਾਂ ਹੈ ਬਾਕੀ ਰਕਬੇ ਵਿੱਚ ਦਾਲਾਂ, ਮੱਕੀ ਆਦਿ ਵਰਗੀਆਂ ਆਦਿ ਘੱਟ ਖ਼ਰਚੇ ਅਤੇ ਘੱਟ ਪਾਣੀ ਮੰਗਣ ਵਾਲੀਆਂ ਫ਼ਸਲਾਂ ਬੀਜੋ। ਕੇਂਦਰ ਨੇ ਹੋਰ ਤੁਹਾਨੂੰ ਕੁਝ ਨਹੀਂ ਦੇਣਾ । ਭਾਅ ਵਿੱਚ ਵਧਾਏ 170 ਰੁਪਏ ਤਾਂ ਉਨ੍ਹਾਂ ਨੇ ਪਹਿਲਾਂ ਹੀ ਖਾਦਾਂ, ਨਦੀਨ-ਨਾਸ਼ਕਾਂ ਆਦਿ ਦੇ ਰੇਟ ਵਧਾ ਕੇ ਤੁਹਾਡੀ ਜੇਬ ਵਿੱਚੋਂ ਕੱਢ ਲਏ ਹਨ।

ਮੇਰੀ ਸਨਿਮਰ ਬੇਨਤੀ ਕਾਰਖ਼ਾਨੇਦਾਰਾਂ ਨੂੰ ਵੀ ਹੈ। ਪਾਣੀ ਬਰਬਾਦ ਕਰਨ ਦਾ ਦੋਸ਼ ਕਿਸਾਨਾਂ ਸਿਰ ਮੜ੍ਹ ਕੇ ਮੁਸਕਰਾਓ ਨਾ । ਦੋਸ਼ੀ ਤੁਸੀਂ ਵੀ ਬਰਾਬਰ ਦੇ ਹੋ, ਸਗੋਂ ਕਈ ਗੁਣਾਂ ਵੱਧ ਹੋ । ਅੱਜ ਹਰ ਕਾਰਖ਼ਾਨੇ ਵਿੱਚ ਘੱਟੋ-ਘੱਟ ਇਕ ਵੱਡਾ ਟਿਊਬਵੈੱਲ ਕੁਨੈਕਸ਼ਨ ਹੈ। ਤੁਸੀਂ ਕੇਵਲ ਧਰਤੀ ਵਿੱਚੋਂ ਪਾਣੀ ਹੀ ਨਹੀਂ ਖਿੱਚਦੇ, ਤੁਸੀਂ ਉਸ ਵਿੱਚ ਪਾਰੇ ਵਰਗੇ ਭਾਰੇ ਤੱਤਾਂ ਵਾਲੇ ਯੂਰੇਨੀਅਮ ਯੁਕਤ ਰਸਾਇਣ ਮਿਲਾ ਕੇ ਪਾਣੀ ਨੂੰ ਦੂਸ਼ਿਤ ਵੀ ਕਰਦੇ ਹੋ। ਤੁਸੀਂ ਪੈਸੇ ਵਾਲੇ ਲੋਕ ਸਿਆਣੇ ਵੀ ਹੋ । ਤੁਸੀਂ ਚੋਰੀ ਫ਼ੈਕਟਰੀਆਂ ਵਿੱਚ ਬੋਰ



ਕਰਵਾ ਕੇ ਧਰਤੀ ਹੇਠਾਂ ਕੈਵਿਟੀਆਂ ਵੀ ਬਣਾਈਆਂ ਹੋਈਆਂ ਹਨ। ਤੁਸੀਂ ਦਿਖਾਵੇ ਲਈ ਦੂਸ਼ਿਤ ਪਾਣੀ ਨੂੰ ਸੋਧਣ ਵਾਲੇ ਪਲਾਂਟ ਵੀ ਲਾਏ ਹੋਏ ਹਨ ਪਰ ਇਨ੍ਹਾਂ ਨੂੰ ਖ਼ਰਚਾ ਬਚਾਉਣ ਲਈ ਚਲਾਉਂਦੇ ਨਹੀਂ, ਸਗੋਂ ਪਾਣੀ ਨੂੰ ਦੂਸ਼ਿਤ ਕਰਕੇ ਸਿੱਧਾ ਧਰਤੀ ਵਿੱਚ ਸੁੱਟਦੇ ਹੋ । ਜੇ ਦਾਅ ਲੱਗੇ ਤਾਂ ਕਿਸੇ ਦਰਿਆ, ਨਾਲੇ, ਨਹਿਰ ਜਾਂ ਰਜਵਾਹੇ ਵਿੱਚ ਵੀ ਗੰਦਾ ਪਾਣੀ ਦਿਨੇ ਜਾਂ ਰਾਤੀਂ ਸੁੱਟ ਦਿੰਦੇ ਹੋ । ਪਾਣੀ ਦੂਸ਼ਿਤ ਕਰਦੇ ਵੱਧ ਤੁਸੀਂ ਹੋ ਪਰ ਸਾਰਾ ਦੋਸ਼ ਕਿਸਾਨਾਂ ਸਿਰ ਹੀ ਮੜ੍ਹ ਦਿੰਦੇ ਹੋ । ਤੁਹਾਡੇ ਹੱਥ ਲੰਮੇ ਹਨ। ਤੁਹਾਡੀ ਆਰਥਿਕ ਸ਼ਕਤੀ ਮੀਡੀਆ ਦੇ ਕੁਝ ਹਿੱਸਿਆਂ ਨੂੰ ਵੀ ਕਾਬੂ ਕਰ ਲੈਂਦੀ ਹੈ, ਪਰ ਹੈ ਤਾਂ ਪੰਜਾਬ ਤੁਹਾਡਾ ਵੀ । ਕਿਹਾ ਜਾਂਦਾ ਹੈ ਕਿ ਕਿਸਾਨ ਨਾੜ ਨੂੰ ਅੱਗ ਲਾ ਕੇ ਹਵਾ ਦੂਸ਼ਿਤ ਕਰਦੇ ਹਨ, ਦਰੁਸਤ ਹੈ; ਪਰ ਕਾਰਖ਼ਾਨਿਆਂ ਦੀਆਂ ਚਿਮਨੀਆਂ, ਤੁਹਾਡੀਆਂ ਕਾਰਾਂ, ਟਰਾਂਸਪੋਰਟਰਾਂ ਦੇ ਟਰੱਕ ਤੇ ਬੱਸਾਂ ਵੀ ਘੱਟ ਦੋਸ਼ੀ ਨਹੀਂ । ਰਹਿਣਾ ਤਾਂ ਆਪਾਂ ਸਾਰਿਆਂ ਨੇ ਇਸੇ ਧਰਤੀ ਉੱਤੇ ਹੀ ਹੈ। ਇਕੋ ਹਵਾ ਵਿੱਚ ਸਾਹ ਲੈਣਾ ਹੈ, ਇਹੋ ਧਰਤੀ ਦਾ ਪਾਣੀ ਪੀਣਾ ਹੈ। ਮੇਰੀ ਬੇਨਤੀ ਮੰਨੋ, ਇਕ-ਦੂਜੇ ’ਤੇ ਦੋਸ਼ ਲਾਉਣ ਨਾਲੋਂ, ਮਿਲ ਕੇ ਸੁਧਾਰ ਵਾਲੇ ਪਾਸੇ ਤੁਰੋ ।

ਹਵਾ ਵਿੱਚ ਫੈਲੇ ਜ਼ਹਿਰ ਨੇ ਓਜ਼ੋਨ ਤਹਿ ਵਿੱਚ ਛੇਕ ਕਰ ਦਿੱਤੇ ਹਨ। ਇਹ ਹਰ ਕੋਈ ਜਾਣਦਾ ਹੈ। ਨਤੀਜਾ ਵਾਤਾਵਰਨ ਵਿੱਚ ਵਧੀ ਬੇਲੋੜੀ ਗਰਮੀ । ਇਸੇ ਕਾਰਨ ਮੌਸਮ ਵਿੱਚ ਅਣਕਿਆਸੇ ਬਦਲਾਅ ਆ ਗਏ ਹਨ । ਮੀਂਹ ਪੈਂਦਾ ਨਹੀਂ, ਜੇ ਪਵੇਗਾ ਤਾਂ ਇਕਦਮ ਮੋਹਲੇਧਾਰ । ਪੁਰਾਣੇ ਸਮਿਆਂ ਵਾਲੀਆਂ ਨਿੱਕੀ-ਨਿੱਕੀ ਕਣੀ ਦੀਆਂ ਰਿਸ-ਰਿਸ ਪੈਣ ਵਾਲੀਆਂ ਮੀਂਹ ਦੀਆਂ ਝੜੀਆਂ ਹੁਣ ਕਈ ਸਾਲਾਂ ਤੋਂ ਨਹੀਂ ਲੱਗੀਆਂ, ਨਾ ਭਵਿੱਖ ਵਿੱਚ ਛੇਤੀ ਆਸ ਰੱਖਿਓ ! ਹਰ ਸਾਲ ਗਰਮੀ ਵਧਦੀ ਜਾਂਦੀ ਹੈ।

ਇਕ ਪਾਸੇ ਤਾਂ ਸਾਡੇ ਵਿੱਚੋਂ ਬਹੁਤੇ ਲੋਕ ਕੁਦਰਤੀ ਸੋਮਿਆਂ ਨਾਲ ਛੇੜਛਾੜ ਕਰਨੋਂ ਬਾਜ਼ ਹੀ ਨਹੀਂ ਆ ਰਹੇ । ਹਰ ਕਿਸਾਨ ਨੇ ਖੇਤਾਂ ਵਿੱਚੋਂ ਦਰੱਖਤ ਬੇਫ਼ਿਕਰੀ ਨਾਲ ਵੱਢ ਸੁੱਟੇ ਹਨ। ਪੰਚਾਇਤਾਂ ਨੇ ਬਜ਼ੁਰਗਾਂ ਦੀਆਂ ਲਾਈਆਂ ਪਿੱਪਲ, ਬਰੋਟੇ ਅਤੇ ਨਿੰਮ ਦੀਆਂ ਤ੍ਰਿਵੈਣੀਆਂ ਵੇਚ ਕੇ ਪੰਚਾਇਤ ਦੇ ਫੰਡ ਬਣਾ ਕੇ ਖ਼ਰਚ ਦਿੱਤੇ ਹਨ । ਸੋ, ਆਕਸੀਜਨ ਅਤੇ ਠੰਡੀ ਛਾਂ ਦੇਣ ਵਾਲੇ ਇਹ ਦਰੱਖਤ ਵੀ ਅੱਧੋਂ ਵੱਧ ਪਿੰਡਾਂ ਵਿੱਚੋਂ ਗ਼ਾਇਬ ਹੋ ਗਏ । ਪਿੰਡਾਂ ਦੀਆਂ ਝਿੜੀਆਂ ਵਿੱਚ ਗਿੱਦੜ, ਹਿਰਨ, ਸੂਰ ਆਦਿ ਹੋਇਆ ਕਰਦੇ ਸਨ । ਸਾਰੀਆਂ ਝਿੜੀਆਂ ਦਾ ਅਸੀਂ ਭੋਗ ਪਾ ਦਿੱਤਾ । ਦੱਸਿਓ ਹੁਣ ਕਦੀ ਕਿਸੇ ਨੇ ਰਾਤ ਨੂੰ ਗਿੱਦੜ ਬੋਲਦੇ ਸੁਣੇ ਹਨ ? ਕਿਸੇ ਨੇ ਚਿੜੀਆ ਘਰ ਤੋਂ ਬਾਹਰ ਖੁੱਲ੍ਹੇ ਫਿਰਦੇ ਹਿਰਨ ਵੇਖੇ ਹਨ? ਅਸੀਂ ਕੁਦਰਤ ਨਾਲ ਬਹੁਤ ਬੇਇਨਸਾਫ਼ੀ ਕੀਤੀ ਹੈ। ਸ਼ਾਇਦ ਇਸੇ ਲਈ ਸਜ਼ਾ ਵੀ ਮਿਲਣ ਲੱਗੀ ਹੈ।

ਕੁਝ ਅਜਿਹੇ ਸੱਜਣ ਵੀ ਹਨ ਜੋ ਚਿੰਤਾ ਕਰਨ ਲੱਗੇ ਹਨ। ਪਿਛਲੇ ਕੁਝ ਸਾਲਾਂ ਤੋਂ ਕਿਤੇ ਕਿਤਾਈਂ ਇੱਕਾ-ਦੁੱਕਾ ਲੋਕਾਂ ਨੇ ਨਵੇਂ ਦਰੱਖਤ ਲਾਉਣ

ਦੇ ਉਪਰਾਲੇ ਕੀਤੇ ਹਨ । ਪਰ ਪਿਛਲੇ ਸਾਲ ਰੋਜ਼ਾਨਾ 'ਅਜੀਤ' ਨੇ **'ਅਜੀਤ ਹਰਿਆਵਲ ਲਹਿਰ'** ਚਲਾ ਕੇ, ਸਾਰੇ ਪੰਜਾਬ ਵਿੱਚ ਪੰਜ ਲੱਖ ਬੂਟੇ ਲਾਏ ਅਤੇ ਇਸ ਸਾਲ ਇਹ ਟੀਚਾ ਦਸ ਲੱਖ ਬੂਟੇ ਲਾਉਣ ਦਾ ਮਿਥਿਆ ਹੈ। ਇੱਥੇ ਪਿਛਲੇ ਤਜਰਬੇ ਤੋਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ । ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਵੀ ਬੂਟੇ ਲਾਉਣ ਦੀ ਮੁਹਿੰਮ ਚਲਾਈ ਗਈ ਸੀ । ਜੇਕਰ ਉਸ ਵਿੱਚ ਲੋਕ ਸੁਹਿਰਦ ਹੁੰਦੇ ਤਾਂ ਅੱਜ ਉਹ ਬੂਟੇ ਵੱਡੇ ਦਰੱਖਤ ਬਣ ਗਏ ਹੁੰਦੇ । ਮੈਨੂੰ ਯਾਦ ਹੈ ਸਾਡੇ ਸ਼ਹਿਰ ਵਿੱਚ ਜਦੋਂ ਬੂਟੇ ਲਾਏ ਗਏ ਤਾਂ ਅੱਗੇ-ਅੱਗੇ ਬੂਟੇ ਲਾਉਣ ਵਾਲੇ ਬੂਟੇ ਗੱਡੀ ਗਏ। ਪ੍ਰੈੱਸ ਅਤੇ ਟੀ.ਵੀ. ਚੈਨਲਾਂ ਵਾਲੇ ਕੈਮਰੇ ਘੁਮਾਈ ਗਏ। ਪਰ 50 ਗਜ਼ ਪਿੱਛੇ ਉਹੀ ਬੂਟੇ ਪੁੱਟ ਕੇ ਇਕ ਟੀਮ ਉਹੀ ਬੂਟੇ ਅੱਗੇ ਲਿਆ ਕੇ ਫਿਰ ਗੱਡੀ ਜਾਂਦੀ ਸੀ। ਸਮਾਂ ਮੰਗ ਕਰਦਾ ਹੈ ਕਿ ਜੋ ਕੁਝ ਅਸੀਂ ਵਿਗਾੜਿਆ ਹੈ ਉਸ ਦਾ ਪਛਤਾਵਾ ਕਰੀਏ। ਉਸ ਨੂੰ ਸੁਧਾਰਨ ਲਈ ਬੂਟੇ ਲਾਈਏ ਹੀ ਨਾ, ਉਨ੍ਹਾਂ ਨੂੰ ਪੁੱਤਾਂ ਵਾਂਗਰ ਪਾਲੀਏ ਵੀ। ਪੰਜਾਬ ਵਿੱਚ 14.5 ਲੱਖ ਕਿਸਾਨ ਪਰਿਵਾਰ ਹਨ ਅਤੇ ਲਗਭਗ ਏਨੇ ਹੀ ਟਿਊਬਵੈੱਲ। ਇਹ ਕੋਈ ਬਹੁਤਾ ਮੁਸ਼ਕਿਲ ਕੰਮ ਨਹੀਂ ਜੇਕਰ ਹਰ ਕਿਸਾਨ ਪਰਿਵਾਰ ਦੋ ਬੂਟੇ ਆਪਣੇ ਘਰ ਅਤੇ ਪੰਜ ਬੂਟੇ ਆਪਣੇ ਟਿਊਬਵੈੱਲ ਉੱਤੇ ਲਾ ਕੇ ਉਨ੍ਹਾਂ ਦੇ ਦਰੱਖਤ ਬਣਨ ਤਕ ਉਨ੍ਹਾਂ ਦੀ ਸਾਂਭ-ਸੰਭਾਲ ਕਰੇ, ਇੰਞ ਇਹ ਇਕ ਮੁਹਿੰਮ ਬਣ ਜਾਏਗੀ ।

ਅੰਤ ਵਿੱਚ ਮੇਰੀ ਭਾਈਚਾਰੇ ਨੂੰ ਸਨਿਮਰ ਬੇਨਤੀ ਹੈ ਕਿ ਆਪਣਾ ਨਫ਼ਾ ਨੁਕਸਾਨ ਪਛਾਣੋ । ਕਣਕ ਝੋਨੇ ਦੇ ਫ਼ਸਲੀ ਚੱਕਰ ਨੇ ਨਾ ਤਾਂ ਸਾਨੂੰ ਅਤੇ ਨਾ ਪੰਜਾਬ ਨੂੰ ਬਹੁਤਾ ਲਾਭ ਪਹੁੰਚਾਇਆ ਹੈ। ਇਸ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕਰੋ । ਪੰਜਾਬ ਸਰਕਾਰ ਵੀ ਮੈਦਾਨ ਵਿੱਚ ਨਿੱਤਰੇ। ਦਾਲਾਂ, ਸਬਜ਼ੀਆਂ, ਮੱਕੀ, ਆਲੂ ਆਦਿ ਦੇ ਮੰਡੀਕਰਨ ਸਮੇਂ ਕਿਸਾਨ ਦੀ ਪਿੱਠ ਉੱਤੇ ਖੜ੍ਹੇ । ਝੋਨਾ ਤਾਂ ਸਾਨੂੰ ਬੁਰੀ ਤਰ੍ਹਾਂ ਲੈ ਬੈਠੇਗਾ । ਇਸ ਤੋਂ ਕਿਸੇ ਤਰ੍ਹਾਂ ਖਹਿੜਾ ਛੁਡਾਓ । ਪੰਜਾਬੀਓ, ਤੁਸੀਂ ਕੁਝ ਕਰਨ ਦਾ ਮਨ ਬਣਾ ਲਓ, ਤੁਸੀਂ ਵੱਡੀ ਤੋਂ ਵੱਡੀ ਮੁਸ਼ਕਿਲ ਵੀ ਸਰ ਕਰ ਲੈਂਦੇ ਹੋ । ਪਾਣੀ, ਹਵਾ ਅਤੇ ਖ਼ੁਰਾਕੀ ਵਸਤਾਂ ਦਾ ਪ੍ਰਦੂਸ਼ਣ ਤੁਹਾਡੇ ਸਾਹਮਣੇ ਵੱਡੀ ਵੰਗਾਰ ਹੈ। ਸਾਰੇ ਟੁੱਟ ਕੇ ਪੈ ਜਾਈਏ, ਇਕ ਸਾਲ ਬਾਅਦ ਹੀ ਚਮਤਕਾਰੀ ਤਬਦੀਲੀ ਦਿਸੇਗੀ । ਨਹੀਂ ਤਾਂ ਕੈਂਸਰ, ਕਾਲਾ ਪੀਲੀਆ ਆਦਿ ਸਾਡੇ ਭਵਿੱਖ ਨੂੰ ਖਾ ਜਾਣਗੇ । ਆਓ, ਰਲ ਕੇ ਆਪਣੀਆਂ ਗ਼ਲਤੀਆਂ ਨੂੰ ਆਪ ਹੀ ਸੁਧਾਰੀਏ। ਧੰਨਵਾਦ !

ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ
ਭਗਵਾਨਪੁਰਾ ਰੋਡ, ਸਮਰਾਲਾ ।
ਮੋ: 098142-28005

(ਰੋਜ਼ਾਨਾ ਅਖ਼ਬਾਰ ਅਜੀਤ 08-07-2012 ਵਿੱਚੋਂ ਧੰਨਵਾਦ ਸਹਿਤ !)



## ਪਲੀਤ ਹੋਇਆ ਚੁਗਿਰਦਾ

### ਬਰਜਿੰਦਰ ਸਿੰਘ ਹਮਦਰਦ

ਦੀਵਾਲੀ ਦਾ ਤਿਉਹਾਰ ਲੰਘ ਗਿਆ ਹੈ । ਇਸ ਤੋਂ ਪਹਿਲਾਂ ਸਮਾਜ ਸੇਵੀ ਸੰਗਠਨਾਂ ਅਤੇ ਹੋਰ ਸੁਚੇਤ ਵਰਗਾਂ ਦੇ ਲੋਕਾਂ ਨੇ ਦੀਵਾਲੀ 'ਤੇ ਪਟਾਕੇ ਆਦਿ ਚਲਾਉਣ ਨੂੰ ਬੰਦ ਕਰਨ ਦੀਆਂ ਅਪੀਲਾਂ ਕੀਤੀਆਂ ਸਨ। ਦੇਸ਼ ਭਰ 'ਚ ਵੱਡੀ ਪੱਧਰ 'ਤੇ ਇਕ ਲਹਿਰ ਉਸਾਰਨ ਦਾ ਵੀ ਯਤਨ ਕੀਤਾ ਗਿਆ ਸੀ । ਇਸ 'ਤੇ ਕੁਝ ਅਸਰ ਦੇਖਣ ਨੂੰ ਮਿਲਿਆ ਹੈ। ਵੱਖ-ਵੱਖ ਪੱਧਰ ਦੇ ਲਗਾਏ ਗਏ ਅੰਦਾਜ਼ਿਆਂ ਅਨੁਸਾਰ ਇਸ ਵਾਰ 25 ਤੋਂ 30 ਫ਼ੀਸਦੀ ਤਕ ਘੱਟ ਪਟਾਕਿਆਂ ਦਾ ਇਸਤੇਮਾਲ ਕੀਤਾ ਗਿਆ ਹੈ; ਪਰ ਇਸ ਦੇ ਬਾਵਜੂਦ ਇਸ ਦਿਨ ਵਾਤਾਵਰਨ ਬੇਹੱਦ ਪ੍ਰਦੂਸ਼ਿਤ ਹੋਇਆ ।

ਪੰਜਾਬ ਅਤੇ ਹਰਿਆਣਾ 'ਚ ਦੀਵਾਲੀ ਦੇ ਨਾਲ ਹੀ ਝੋਨੇ ਦੀ ਕਟਾਈ ਦਾ ਸਮਾਂ ਵੀ ਹੁੰਦਾ ਹੈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਰਕਾਰ ਵੱਲੋਂ ਅਤੇ ਅਨੇਕਾਂ ਹੀ ਸੰਗਠਨਾਂ ਵੱਲੋਂ ਕਿਸਾਨਾਂ ਨੂੰ ਕਟਾਈ ਤੋਂ ਬਾਅਦ ਇਸ ਦੀ ਰਹਿੰਦ-ਖੂੰਦ ਨੂੰ ਨਾ ਸਾੜਨ ਦੀ ਅਪੀਲ ਕੀਤੀ ਗਈ, ਪਰ ਇਸ ਦੇ ਬਾਵਜੂਦ ਇਨ੍ਹਾਂ ਦੋਵਾਂ ਰਾਜਾਂ 'ਚ ਅਨੇਕਾਂ ਥਾਵਾਂ 'ਤੇ ਖੇਤਾਂ ਵਿੱਚੋਂ ਅੱਗ ਦੇ ਅੰਗਾਰੇ ਤੇ ਧੂੰਏਂ ਦੇ ਬੱਦਲ ਉੱਠ ਰਹੇ ਹਨ। ਇਨ੍ਹਾਂ ਨਾਲ ਮੌਸਮ ਬੇਹੱਦ ਗੰਧਲਾ ਹੋ ਗਿਆ ਹੈ। ਅਮਰੀਕਾ ਦੀ ਪੁਲਾੜ ਦੀ ਖੋਜ ਕਰਨ ਵਾਲੀ ਸੰਸਥਾ ਨਾਸਾ ਨੇ ਵੀ ਇਸ ਸੰਬੰਧੀ ਰਿਪੋਰਟਾਂ ਜਾਰੀ ਕੀਤੀਆਂ ਹਨ। ਇਸ ਦੇ ਸੈਟੇਲਾਈਟ ਨੇ ਤਸਵੀਰਾਂ ਸਹਿਤ ਇਹ ਦਰਸਾਇਆ ਹੈ ਕਿ ਭਾਰਤੀ ਪੰਜਾਬ ਅਤੇ ਪਾਕਿਸਤਾਨ 'ਚ 27 ਅਕਤੂਬਰ ਅਤੇ 5 ਨਵੰਬਰ ਨੂੰ ਬੇਹੱਦ ਧੂੰਆਂ ਉੱਠਦਾ ਦੇਖਿਆ ਗਿਆ । ਇਸ ਦੇ ਨਾਲ ਥਾਂ ਪੁਰ ਥਾਂ ਅੱਗ ਲੱਗਣ ਦੇ ਨਜ਼ਾਰੇ ਵੀ ਦੇਖੇ ਗਏ । ਇਸ ਏਜੰਸੀ ਨੇ ਇਸ ਇਲਾਕੇ 'ਚ ਬੇਹੱਦ ਪ੍ਰਦੂਸ਼ਣ ਹੋਣ ਦੀ ਪੁਸ਼ਟੀ ਕੀਤੀ ਹੈ। ਝੋਨੇ ਦੀ ਫ਼ਸਲ ਦੀ ਕਟਾਈ ਤੋਂ ਪਹਿਲਾਂ ਹੀ ਸਰਕਾਰ ਵੱਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਤੇ ਸਿਵਲ ਪ੍ਰਸ਼ਾਸਨ ਵੱਲੋਂ ਲਗਾਤਾਰ ਪਰਾਲੀ ਨੂੰ ਨਾ ਸਾੜਨ ਦੀਆਂ ਅਪੀਲਾਂ ਕੀਤੀਆਂ ਗਈਆਂ ਸਨ । ਕੁਝ ਸਾਲ ਪਹਿਲਾਂ ਇਸ ਲਈ ਕਾਨੂੰਨ ਵੀ ਬਣਾਇਆ ਗਿਆ ਸੀ; ਪਰ ਇਸ ਦੇ ਬਾਵਜੂਦ ਕੋਈ ਅਸਰ ਹੋਇਆ ਦਿਖਾਈ ਨਹੀਂ ਦਿੱਤਾ । ਪਰਾਲੀ ਥਾਂ ਪੁਰ ਥਾਂ ਸਾੜੀ ਜਾ ਰਹੀ ਹੈ। ਇਸ ਸੰਬੰਧੀ ਸੂਬੇ ਭਰ 'ਚ ਇਕ ਦਰਜਨ ਕੇਸ ਦਰਜ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਕੀਤਾ ਗਿਆ । ਸਰਕਾਰ ਪੂਰੀ ਤਰ੍ਹਾਂ ਨਾਕਾਮ ਹੋਈ ਦਿਖਾਈ ਦਿੱਤੀ ਹੈ। ਪਰਾਲੀ ਨੂੰ ਸਾੜਨ ਦੇ ਬਹੁਤ ਸਾਰੇ ਨਾਂਹ-ਪੱਖੀ ਤੇ ਮਾਰੂ ਨਤੀਜੇ ਨਿਕਲਦੇ ਹਨ। ਇਸ ਤੋਂ ਹੁੰਦੇ ਨੁਕਸਾਨ ਤੋਂ ਅੱਜ ਹਰ ਕੋਈ ਜਾਣੂ ਹੈ। ਨਾੜ ਸਾੜਨ ਤੋਂ ਉੱਠਦੇ ਧੂੰਏਂ ਤੋਂ ਨਾਈਟਰੋਜਨ, ਫ਼ਾਸਫ਼ੋਰਸ,

ਕਾਰਬਨਮੋਨੋਆਕਸਾਈਡ, ਕਾਰਬਨ ਡਾਇਆਕਸਾਈਡ ਤੇ ਸਲਫਰ ਡਾਇਆਕਸਾਈਡ ਵਰਗੀਆਂ ਗੈਸਾਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਦੀ ਬਹੁਤਾਤ ਮਨੁੱਖੀ ਸਿਹਤ ਲਈ ਬੇਹੱਦ ਹਾਨੀਕਾਰਕ ਸਾਬਤ ਹੁੰਦੀ ਹੈ। ਵਾਤਾਵਰਨ ਧੂੰਏਂ ਨਾਲ ਭਰ ਜਾਂਦਾ ਹੈ ਤੇ ਇਸ ਨਾਲ ਘੁੱਟਣ ਪੈਦਾ ਹੋ ਜਾਂਦੀ ਹੈ। ਹਵਾ ਦੇ ਭਾਰੀ ਹੋਣ ਨਾਲ ਧੂੜ ਦੀਆਂ ਪਰਤਾਂ ਸਮੁੱਚੇ ਵਾਤਾਵਰਨ 'ਚ ਛਾ ਜਾਂਦੀਆਂ ਹਨ, ਜਿਨ੍ਹਾਂ 'ਚ ਕਈ ਵਾਰ ਸਾਹ ਲੈਣਾ ਔਖਾ ਹੋ ਜਾਂਦਾ ਹੈ । ਇਸ ਨਾਲ ਦਮਾ, ਜ਼ੁਕਾਮ, ਖੰਘ ਤੇ ਅੱਖਾਂ 'ਚੋਂ ਪਾਣੀ ਵਗਣ ਦੀਆਂ ਬਿਮਾਰੀਆਂ ਆ ਚਿੰਬੜਦੀਆਂ ਹਨ। ਇਸੇ ਲਈ ਇਨ੍ਹਾਂ ਦਿਨਾਂ 'ਚ ਹਸਪਤਾਲ ਅਜਿਹੀਆਂ ਬਿਮਾਰੀਆਂ ਨਾਲ ਭਰੇ ਦਿਖਾਈ ਦਿੰਦੇ ਹਨ। ਇਹੀ ਹਾਲ ਕਣਕ ਦੀ ਕਟਾਈ ਤੋਂ ਬਾਅਦ ਨਾੜ ਸਾੜਨ ਨਾਲ ਵਾਪਰਦਾ ਹੈ। ਬਹੁਤੀਆਂ ਥਾਵਾਂ 'ਤੇ ਕਿਸਾਨ ਇਸ ਲਈ ਕਿਸੇ ਬਦਲ ਦੀ ਭਾਲ ਕਰਦੇ ਹਨ । ਜ਼ਮੀਨ 'ਚ ਖੜ੍ਹੀ ਪਰਾਲੀ ਤੇ ਨਾੜ ਨਾਲ ਨਿਪਟਣ ਲਈ ਮਸ਼ੀਨਾਂ ਦੀ ਇਜਾਦ ਜ਼ਰੂਰ ਕੀਤੀ ਗਈ ਹੈ। ਇਹ ਸਫਲ ਵੀ ਹਨ, ਪਰ ਵੱਡੀ ਮਾਤਰਾ 'ਚ ਕਿਸੇ ਵੀ ਢੰਗ-ਤਰੀਕੇ ਨਾਲ ਇਨ੍ਹਾਂ ਨੂੰ ਕਿਸਾਨਾਂ 'ਚ ਪ੍ਰਚੱਲਿਤ ਕਰਨਾ ਸੰਭਵ ਨਹੀਂ ਬਣਾਇਆ ਗਿਆ । ਹੁਣ ਤਕ ਸਰਕਾਰ ਵੱਲੋਂ ਜਿਸ ਪੱਧਰ 'ਤੇ ਇਹ ਯੋਜਨਾਬੰਦੀ ਕੀਤੀ ਜਾਣੀ ਚਾਹੀਦੀ ਸੀ ਉਸ 'ਚ ਉਹ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇਹ ਵੀ ਇਕ ਵੱਡਾ ਕਾਰਨ ਹੈ ਕਿ ਚਲਦੇ ਇਸ ਨਾਂਹ-ਪੱਖੀ ਅਮਲ ਨੂੰ ਰੋਕਿਆ ਨਹੀਂ ਜਾ ਸਕਿਆ; ਪਰ ਤੁਰੰਤ ਇਸ ਦਾ ਰੋਕਿਆ ਜਾਣਾ ਬੇਹੱਦ ਜ਼ਰੂਰੀ ਹੈ ।

ਇਸ ਸਿਲਸਿਲੇ ਨੇ ਧਰਤੀ ਦੀ ਪਾਵਨਤਾ ਨੂੰ ਵੱਡੀ ਹੱਦ ਤਕ ਖ਼ਤਮ ਕਰਕੇ ਰੱਖ ਦਿੱਤਾ ਹੈ। ਵਾਤਾਵਰਨ ਦੀ ਤਪਸ਼ ਵਧਾ ਦਿੱਤੀ ਹੈ। ਮਨੁੱਖੀ ਸਰੀਰਾਂ ਨੂੰ ਜਰਜਰੇ ਕਰਕੇ ਰੱਖ ਦਿੱਤਾ ਹੈ। ਪਹਿਲਾਂ ਹੀ ਖੇਤੀ ਲਈ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਬੇਹਤਾਸ਼ਾ ਵਰਤੋਂ ਨਾਲ ਧਰਤੀ ਅੰਦਰ ਅਨੇਕਾਂ ਤਰ੍ਹਾਂ ਦੀਆਂ ਜ਼ਹਿਰਾਂ ਘੁਲ ਗਈਆਂ ਹਨ। ਇਸ ਸਭ ਕੁਝ ਨੇ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ 'ਤੇ ਵੀ ਵੱਡਾ ਅਸਰ ਪਾਇਆ ਹੈ। ਜੇਕਰ ਇਹ ਸਿਲਸਿਲਾ ਇਸੇ ਤਰ੍ਹਾਂ ਜ਼ਾਰੀ ਰਿਹਾ ਤਾਂ ਇਸ ਖਿੱਤੇ ਨੂੰ ਇਸ ਦੇ ਵੱਡੇ ਨੁਕਸਾਨ ਉਠਾਉਣੇ ਪੈਣਗੇ। ਧਰਤੀ ਦੀ ਉੱਤਮਤਾ ਘਟਣ ਨਾਲ ਇਸ ਦੀ ਉਪਜ 'ਤੇ ਵੀ ਵੱਡਾ ਅਸਰ ਪਵੇਗਾ । ਜਿੱਥੇ ਸਰਕਾਰ ਨੂੰ ਇਸ ਸੰਬੰਧੀ ਤੁਰੰਤ ਆਪਣੇ ਫ਼ਰਜ਼ ਪਛਾਣਨ ਦੀ ਜ਼ਰੂਰਤ ਹੋਵੇਗੀ, ਉੱਥੇ ਕਿਸਾਨਾਂ ਨੂੰ ਵੀ ਆਪਣੀ ਮਾਂ ਧਰਤੀ ਦੀ ਗੁਣਵੱਤਾ ਤੇ ਪਾਵਨਤਾ ਨੂੰ ਬਚਾਈ ਰੱਖਣ ਲਈ ਸੁਚੇਤ ਹੋਣਾ ਪਵੇਗਾ । ਪਰਾਲੀ ਤੇ ਨਾੜ ਸਾੜਨ ਦੇ ਸਿਲਸਿਲੇ ਨੂੰ ਹਰ ਹੀਲੇ ਬੰਦ ਕਰਨਾ ਪਵੇਗਾ ।

(ਅਜੀਤ, 09 ਨਵੰਬਰ 2013 ਵਿੱਚੋਂ ਧੰਨਵਾਦ ਸਹਿਤ !)



## ਪ੍ਰਦੂਸ਼ਣ ਕਾਰਨ ਹੀ ਫੈਲਦੀਆਂ ਹਨ ਬਿਮਾਰੀਆਂ

ਅੱਜਕੱਲ੍ਹ ਡੇਂਗੂ ਅਤੇ ਚਿਕਨਗੁਨੀਆਂ ਵਰਗੀਆਂ ਬਿਮਾਰੀਆਂ ਦੀ ਚਰਚਾ ਜ਼ੋਰਾਂ 'ਤੇ ਹੈ । ਗਹੁ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਲਈ ਮਨੁੱਖ ਹੀ ਜ਼ਿੰਮੇਵਾਰ ਹੈ, ਕਿਉਂਕਿ ਮਨੁੱਖ ਦੀਆਂ ਗ਼ੈਰ-ਜ਼ਿੰਮੇਵਾਰੀ ਵਾਲੀਆਂ ਕਾਰਵਾਈਆਂ ਕਰਕੇ ਗ਼ੰਦਗੀ ਫੈਲਦੀ ਹੈ । ਗ਼ੰਦਗੀ 'ਤੇ ਮੱਛਰ ਪਲਦਾ ਹੈ ਅਤੇ ਅਜਿਹੀਆਂ ਬਿਮਾਰੀਆਂ ਨੂੰ ਜਨਮ ਦਿੰਦਾ ਹੈ । ਇਸੇ ਤਰ੍ਹਾਂ ਮਨੁੱਖੀ ਕਾਰਵਾਈਆਂ ਕਾਰਨ ਪੈਦਾ ਹੋਇਆ ਧਰਤੀ, ਹਵਾ ਅਤੇ ਪਾਣੀ ਦਾ ਪ੍ਰਦੂਸ਼ਣ ਵੀ ਅਨੇਕਾਂ ਗੰਭੀਰ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ । ਦੂਜੇ ਪਾਸੇ ਫ਼ਸਲਾਂ ਤੋਂ ਵੱਧ ਪੈਦਾਵਾਰ ਲੈਣ ਲਈ ਉਨ੍ਹਾਂ 'ਤੇ ਹਜ਼ਾਰਾਂ ਪ੍ਰਕਾਰ ਦੇ ਕੀਟਨਾਸ਼ਕਾਂ ਦਾ ਛਿੜਕਾਅ ਕੀਤਾ ਜਾਂਦਾ ਹੈ । ਇਹ ਕੀਟਨਾਸ਼ਕ ਅਸਲ ਵਿੱਚ ਵੱਖ-ਵੱਖ ਤਰ੍ਹਾਂ ਦੇ ਜ਼ਹਿਰ ਹੀ ਹਨ, ਜਿਨ੍ਹਾਂ ਨੂੰ ਖਾਣ ਨਾਲ ਮਨੁੱਖ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਘਟ ਜਾਂਦੀ ਹੈ । ਨਤੀਜੇ ਵਜੋਂ ਮਨੁੱਖ ਨਿੱਤ ਰੋਜ਼ ਨਵੀਆਂ ਬਿਮਾਰੀਆਂ ਦੀ ਲਪੇਟ ਵਿੱਚ ਆ ਰਿਹਾ ਹੈ । ਇਨ੍ਹਾਂ ਵਿੱਚ ਕਈ ਤਾਂ ਇਸ ਤਰ੍ਹਾਂ ਦੀਆਂ ਬਿਮਾਰੀਆਂ (ਕੈਂਸਰ, ਕਾਲਾ ਪੀਲੀਆ, ਏਡਜ਼ ਆਦਿ) ਹਨ, ਜਿਨ੍ਹਾਂ ਦਾ 100 ਫ਼ੀਸਦੀ ਇਲਾਜ ਸੰਭਵ ਹੀ ਨਹੀਂ ਹੈ । ਹਵਾ ਦਾ ਪ੍ਰਦੂਸ਼ਣ ਇਸ ਹੱਦ ਤਕ ਵਧ ਗਿਆ ਹੈ ਕਿ ਸਾਹ ਲੈਣਾ ਤਕ ਔਖਾ ਹੋ ਗਿਆ ਹੈ । ਇਸ ਦੇ ਕਾਰਨ ਸਾਹ ਅਤੇ ਫੇਫੜਿਆਂ ਦੀਆਂ ਅਨੇਕਾਂ ਬਿਮਾਰੀਆਂ ਮਨੁੱਖ ਆਪਣੇ-ਆਪ ਨੂੰ ਲਗਾ ਰਿਹਾ ਹੈ । ਕਈ ਮਹਾਂਨਗਰਾਂ ਵਿੱਚ ਟ੍ਰੈਫ਼ਿਕ ਇਸ ਹੱਦ ਤਕ ਵਧ ਗਈ ਹੈ ਕਿ ਆਉਂਦੇ-ਜਾਂਦਿਆਂ ਦਮ ਘੁੱਟਣ ਲੱਗਦਾ ਹੈ ।

ਇਹ ਕਿਹੋ ਜਿਹੀਆਂ ਸੁੱਖ-ਸਹੂਲਤਾਂ ਹਨ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਿਸ ਤਰ੍ਹਾਂ ਦਾ ਵਿਕਾਸ ਹੈ ਜਿਸ ਦੇ ਕਾਰਨ ਕੁਦਰਤ ਦੀ ਪ੍ਰਣਾਲੀ ਨੇ ਹੀ ਆਪਣਾ ਸੰਤੁਲਨ ਗਵਾ ਦਿੱਤਾ ਹੈ । ਸਮੁੱਚੀ ਮਨੁੱਖਤਾ ਖ਼ਤਰਾ ਮਹਿਸੂਸ ਕਰਨ ਲੱਗੀ ਹੈ । ਇਸ ਕਾਰਨ ਦੁਨੀਆਂ ਦੇ ਵਿਕਸਿਤ ਦੇਸ਼ ਆਪਣੇ ਰਹਿਣ ਲਈ ਧਰਤੀ ਦੀ ਬਜਾਏ ਦੂਜੇ ਗ੍ਰਹਿਆਂ 'ਤੇ ਜੀਵਨ ਦੀਆਂ ਸੰਭਾਵਨਾਵਾਂ ਲੱਭਣ ਲੱਗ ਪਏ ਹਨ, ਜਦੋਂ ਕਿ ਲੋੜ ਤਾਂ ਇਸ ਗੱਲ ਦੀ ਹੈ ਕਿ ਉਨ੍ਹਾਂ ਸਭ ਕਾਰਨਾਂ ਦੀ ਪੜਚੋਲ ਕਰਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਵੇ, ਜਿਨ੍ਹਾਂ ਗੱਲਾਂ ਕਾਰਨ ਕੁਦਰਤੀ ਪ੍ਰਣਾਲੀ ਆਪਣਾ ਸੰਤੁਲਨ ਰੱਖਣ ਵਿੱਚ ਅਸਮਰੱਥ ਨਜ਼ਰ ਆਉਣ ਲੱਗੀ ਹੈ, ਤਾਂ ਕਿ ਕੁਦਰਤ ਦੇ ਸੰਤੁਲਨ ਨੂੰ ਬਰਕਰਾਰ ਰੱਖ ਕੇ, ਧਰਤੀ ਜੋ ਰੱਬ ਨੇ ਮਨੁੱਖ ਦੇ ਰਹਿਣ ਲਈ ਸਭ ਤੋਂ ਚੰਗੀ ਜਗ੍ਹਾ ਬਣਾਈ ਹੈ, ਉਸ ਨੂੰ ਠੀਕ ਰੱਖਿਆ ਜਾ ਸਕੇ ।

ਰੋਗ ਰਹਿਤ ਅਤੇ ਚੰਗਾ ਜੀਵਨ ਜਿਉਣ ਲਈ ਇਹ ਜ਼ਰੂਰੀ ਨਹੀਂ ਕਿ ਖ਼ਰਬਾਂ ਡਾਲਰ ਖ਼ਰਚ ਕਰਕੇ ਦੂਸਰੇ ਗ੍ਰਹਿਆਂ 'ਤੇ ਜੀਵਨ ਦੀਆਂ ਸੰਭਾਵਨਾਵਾਂ ਲੱਭੀਆਂ ਜਾਣ, ਸਗੋਂ ਲੋੜ ਤਾਂ ਇਸ ਗੱਲ ਦੀ ਹੈ ਕਿ ਅਸੀਂ ਆਪਣੀਆਂ ਗ਼ਲਤੀਆਂ ਤੋਂ ਸਬਕ ਸਿੱਖ ਕੇ ਆਉਣ ਵਾਲੇ ਸਮੇਂ ਇਨ੍ਹਾਂ ਗ਼ਲਤੀਆਂ ਦਾ ਦੋਸ਼ ਇੱਕ-ਦੂਜੇ 'ਤੇ ਥੋਪਣ ਦੀ ਬਜਾਏ ਇਨ੍ਹਾਂ ਵਿੱਚ ਸੁਧਾਰ ਲਿਆਉਣ ਦੇ ਯਤਨ ਕਰੀਏ । ਜਿਸ ਤਰ੍ਹਾਂ ਨਾਰਵੇ ਦੀ ਸੱਤਾਧਾਰੀ ਅਤੇ ਵਿਰੋਧੀ ਪਾਰਟੀ ਦੋਵਾਂ ਨੇ ਇਕਮੱਤ ਹੋ ਕੇ ਦੇਸ਼ ਅਤੇ ਮਨੁੱਖਤਾ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਪੈਟਰੋਲ ਅਤੇ ਡੀਜ਼ਲ 'ਤੇ ਚੱਲਣ ਵਾਲੀਆਂ ਕਾਰਾਂ ਨੂੰ ਸੰਨ 2025 ਤਕ (ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਕਰਨ ਲਈ) ਪੂਰੀ ਤਰ੍ਹਾਂ ਨਾਲ ਨਾਰਵੇ ਦੀਆਂ ਸੜਕਾਂ ਤੋਂ ਹਟਾਉਣ ਦਾ ਫ਼ੈਸਲਾ ਕੀਤਾ ਹੈ, ਇਸ ਦੇ ਨਾਲ ਹੀ ਨਾਰਵੇ ਸਰਕਾਰ ਵੱਲੋਂ ਜੰਗਲਾਂ ਨੂੰ ਨਾ ਕੱਟੇ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ । ਇੱਥੇ ਇਹ ਗੱਲ ਉਚੇਚੇ ਤੌਰ 'ਤੇ ਵਰਣਨਯੋਗ ਹੈ ਕਿ ਨਾਰਵੇ ਦੁਨੀਆਂ ਭਰ 'ਚ ਜੰਗਲਾਂ ਦੀ ਹਿਫ਼ਾਜ਼ਤ ਦੀਆਂ ਯੋਜਨਾਵਾਂ ਲਈ ਧਨ ਵੀ ਮੁਹੱਈਆ ਕਰਵਾਉਂਦਾ ਹੈ ਅਤੇ ਜੰਗਲੀ ਭਾਈਚਾਰੇ ਲਈ ਮਨੁੱਖੀ ਅਧਿਕਾਰ ਪ੍ਰੋਗਰਾਮਾਂ ਦਾ ਵੀ ਸਮਰਥਨ ਕਰਦਾ ਹੈ । ਪੈਟਰੋਲ ਅਤੇ ਡੀਜ਼ਲ ਨਾਲ ਚੱਲਣ ਵਾਲੀਆਂ ਸਾਰੀਆਂ ਕਾਰਾਂ ਆਉਣ ਵਾਲੇ ਸਮੇਂ 'ਚ ਪ੍ਰਦੂਸ਼ਣ ਰਹਿਤ ਊਰਜਾ (ਗ੍ਰੀਨ-ਐਨਰਜੀ) ਨਾਲ ਚਲਾਈਆਂ ਜਾਣਗੀਆਂ । ਜੇਕਰ ਨਾਰਵੇ ਵਿੱਚ ਇਹ ਕਾਨੂੰਨ ਪਾਸ ਹੋ ਜਾਂਦਾ ਹੈ ਤਾਂ ਨਾਰਵੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਭ ਤੋਂ ਵੱਡਾ ਕਦਮ ਚੁੱਕਣ ਵਾਲਾ ਵਿਸ਼ਵ ਦਾ ਪਹਿਲਾ ਦੇਸ਼ ਬਣ ਜਾਵੇਗਾ, ਜੋ ਕਿ ਹੋਰ ਦੇਸ਼ਾਂ (ਵਿਕਸਿਤ, ਵਿਕਾਸਸ਼ੀਲ ਅਤੇ ਅਵਿਕਸਤ) ਲਈ ਇਕ ਰਾਹ ਦਸੇਰਾ ਹੋਵੇਗਾ । ਇਸੇ ਤਰ੍ਹਾਂ ਹੀ ਹੋਰ ਦੇਸ਼ਾਂ ਦੇ ਲੋਕਾਂ ਨੂੰ ਨੇਕ ਨੀਅਤੀ ਅਤੇ ਸੱਚੇ ਦਿਲ ਨਾਲ ਪ੍ਰਦੂਸ਼ਣ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਯਤਨ ਕਰਨੇ ਚਾਹੀਦੇ ਹਨ, ਤਾਂ ਜੋ ਧਰਤੀ ਨੂੰ ਮੁੜ ਕੁਦਰਤੀ ਨਜ਼ਾਰਿਆਂ ਵਾਲਾ ਸਵਰਗ ਬਣਾਇਆ ਜਾ ਸਕੇ, ਕਿਉਂਕਿ ਧਰਤੀ 'ਤੇ ਕੁਦਰਤ/ਰੱਬ ਨੇ ਮਨੁੱਖ ਨੂੰ ਜੋ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਉਹ ਹੋਰ ਕਿਸੇ ਵੀ ਜਗ੍ਹਾ 'ਤੇ ਨਹੀਂ ਹੋ ਸਕਦੀਆਂ ।

-ਐੱਸ.ਐੱਸ. ਮਾਸਟਰ, ਸ: ਹਾ: ਸਕੂਲ, ਭੂਦਨ,
ਮਲੇਰਕੋਟਲਾ (ਸੰਗਰੂਰ)।
ਮੋਬਾ: 94171-58300

(ਰੋਜ਼ਾਨਾ ਅਜੀਤ 24-10-2017 'ਚੋਂ ਧੰਨਵਾਦ ਸਹਿਤ !)



# ਪ੍ਰਦੂਸ਼ਣ ਦੇ ਪੁਆੜੇ

**ਡਾ. ਕੁਲਦੀਪ ਸਿੰਘ ਧੀਰ**

ਆਈਨਸਟਾਈਨ ਨੇ ਇਕ ਵਾਰ ਕਿਹਾ ਸੀ ਕਿ ਦੋ ਚੀਜ਼ਾਂ ਦਾ ਕੋਈ ਅੰਤ ਨਹੀਂ । ਇਕ ਬ੍ਰਹਿਮੰਡ ਦੀ ਸੀਮਾ ਅਤੇ ਦੂਜਾ ਮਨੁੱਖ ਦੀ ਮੂਰਖਤਾ ਦਾ । ਪਹਿਲੀ ਬਾਰੇ ਤਾਂ ਕਿਸੇ ਨੂੰ ਸ਼ੱਕ ਹੋ ਸਕਦਾ ਹੈ ਪਰ ਦੂਜੀ ਬਾਰੇ ਨਹੀਂ । ਘੱਟੋ-ਘੱਟ ਮੈਨੂੰ ਤਾਂ ਨਹੀਂ । ਹਾਥ ਦੀਪਕ ਕੂੰਏਂ ਪਰੇ, ਕਾਹੇ ਕੀ ਕੁਸ਼ਲਾਤ । ਸਾਰੇ ਜੀਵ ਜਗਤ ਦੀ ਸਰਦਾਰੀ ਕਾਹਦੀ। ਇਹ ਤਾਂ ਜਿਸ ਟਾਹਣੀ ਉੱਤੇ ਬੈਠਾ ਹੈ ਉਸੇ ਨੂੰ ਕੱਟੀ ਜਾ ਰਿਹਾ ਹੈ। ਆਪਣੀ ਮੌਤ ਨੂੰ ਆਪ ਆਵਾਜ਼ਾਂ ਮਾਰੀ ਜਾਂਦਾ ਹੈ। ਇਹ ਜਾਣਦੇ ਹੋਏ ਵੀ ਕਿ ਇਸ ਸੂਰਜ ਮੰਡਲ ਵਿਚਲੇ ਕਿਸੇ ਗ੍ਰਹਿ/ਉਪਗ੍ਰਹਿ ਉੱਤੇ ਇਸ ਧਰਤੀ ਵਰਗਾ ਸਵਰਗ ਨਹੀਂ, ਉਹ ਇਸੇ ਨੂੰ ਨਰਕ ਬਣਾਈ ਜਾ ਰਿਹਾ ਹੈ। ਅਸੀਮ ਲਾਲਚ ਤੇ ਲਾਲਸਾ ਨੇ ਉਸ ਦੀ ਮੱਤ ਮਾਰ ਰੱਖੀ ਹੈ। ਧਰਤੀ ਜਿੰਨੇ ਕੁ ਲੋਕਾਂ ਦਾ ਭਾਰ ਝੱਲ ਸਕਦੀ ਹੈ, ਉਸ ਤੋਂ ਵੱਧ ਬੰਦੇ ਇਸ ਉੱਤੇ ਉਸ ਨੇ ਪੈਦਾ ਕਰ ਦਿੱਤੇ ਹਨ। ਇਨ੍ਹਾਂ ਦੀਆਂ ਲੋੜਾਂ ਤਾਂ ਇਹ ਧਰਤੀ ਪੂਰੀਆਂ ਕਰ ਹੀ ਦੇਵੇ ਪਰ ਇਸ ਦੀਆਂ ਅਸੀਮ ਲਾਲਸਾਵਾਂ ਦੀ ਪੂਰਤੀ ਕੋਈ ਵੀ ਅਤੇ ਕਦੇ ਵੀ ਨਹੀਂ ਕਰ ਸਕਦਾ। ਸੋਹਣੀਆਂ ਛਾਵਾਂ ਮਹਿਕੀਆਂ ਫ਼ਿਜ਼ਾਵਾਂ, ਖਿੜੀਆਂ ਗੁਲਜ਼ਾਰਾਂ, ਸੁਹਣੀਆਂ ਰੁੱਤਾਂ, ਕੋਸੀਆਂ ਧੁੱਪਾਂ, ਨ੍ਹਾਤੇ-ਧੋਤੇ ਰੁੱਖ, ਬਰਫ਼ਾਂ ਲੱਦੇ ਪਰਬਤ, ਕਲ-ਕਲ ਕਰਦੇ ਝਰਨੇ, ਨੀਲਾ ਅੰਬਰ ਤੇ ਝੱਗੋ-ਝੱਗ ਸਮੁੰਦਰ । ਕਦੇ ਕਾਲੀਆਂ ਘਟਾਵਾਂ, ਕਦੇ ਟਿਮਟਿਮਾਉਂਦੇ ਤਾਰੇ, ਕਦੇ ਪੂਰੇ ਚੰਨ ਦੀ ਚਾਨਣੀ । ਨਦੀਆਂ, ਝੀਲਾਂ, ਦਰਿਆ। ਆਪਣੇ ਆਪ ਵਿੱਚ ਸਭ ਕੁਝ ਖ਼ੂਬਸੂਰਤ। ਇਸ ਸਾਰੇ ਉਜਾਲੇ ਨੂੰ ਦਾਗ਼ਦਾਰ ਕਰਦੇ ਮਨੁੱਖ ਨੂੰ ਵੇਖ ਕੇ ਹੀ ਤਾਂ ਸ਼ਾਇਰ ਮਨ ਬੋਲ ਉੱਠਿਆ :

ਆਪ ਕਾ ਸ਼ਹਿਰ ਬਹੁਤ ਖ਼ੂਬਸੂਰਤ ਹੈ
ਕਯਾ ਯਹਾਂ ਆਦਮੀ ਨਹੀਂ ਰਹਿਤੇ ।

ਤਾਂ ਹੀ ਤਾਂ ਥਈਆ-ਥਈਆ ਕਰ ਕੇ ਨੱਚਣ ਵਾਲੇ ਸੂਫੀ ਨੂੰ ਕੁੱਤੇ ਵੀ ਇਨਸਾਨ ਤੋਂ ਬਾਜ਼ੀ ਲੈਂਦੇ ਲੱਗੇ ਹੋਣੇ ਨੇ ।

ਅਜੋਕੇ ਮਨੁੱਖ ਨੇ ਜਿਵੇਂ ਧਰਤ ਅੰਬਰ, ਪੌਣਪਾਣੀ ਨੂੰ ਪ੍ਰਦੂਸ਼ਿਤ ਕਰਕੇ ਹਰ ਪਾਸੇ ਪੁਆੜੇ ਪਾਏ ਹਨ, ਉਸ ਨੂੰ ਵੇਖ ਕੇ ਕੋਈ ਵੀ ਸੰਵੇਦਨਸ਼ੀਲ ਜੀਵ ਪ੍ਰੇਸ਼ਾਨ ਹੋਏ ਬਿਨਾਂ ਨਹੀਂ ਰਹੇਗਾ। ਉਹ ਭਾਵੇਂ ਵਿਗਿਆਨੀ ਹੋਵੇ, ਭਾਵੇਂ ਸ਼ਾਇਰ ਅਤੇ ਭਾਵੇਂ ਕੁੱਤਾ। ਮੈਨੂੰ ਤੁਹਾਡੀ ਸੰਵੇਦਨਸ਼ੀਲਤਾ ਉੱਤੇ ਸ਼ੱਕ ਨਹੀਂ । ਇਸੇ ਲਈ ਤੁਹਾਨੂੰ ਵੀ ਰਤਾ ਪ੍ਰੇਸ਼ਾਨ ਕਰਨਾ ਚਾਹੁੰਦਾ ਹਾਂ। ਪ੍ਰਦੂਸ਼ਣ ਦੇ ਪੁਆੜਿਆਂ ਦੀ ਗੱਲ ਪੜ੍ਹਦੇ, ਸੁਣਦੇ ਜਾਣਦੇ ਹੋਏ ਵੀ ਤੁਸੀਂ ਕਿਉਂ ਚੁੱਪ ਹੋ? ਤੁਸੀਂ ਹਰਕਤ ਵਿੱਚ ਕਿਉਂ ਨਹੀਂ ਆਉਂਦੇ? ਕਿਉਂ ਇਸ ਉਲਝੀ ਤਾਣੀ

ਨੂੰ ਸੁਲਝਾਉਣ ਲਈ ਯੋਗਦਾਨ ਪਾਉਣ ਦੀ ਕੋਸ਼ਿਸ਼ ਨਹੀਂ ਕਰਦੇ? ਕਿਉਂ ਨਹੀਂ ਪਵਣ ਗੁਰੂ ਪਾਣੀ ਪਿਤਾ ਦੇ ਬਾਬੇ ਦੇ ਬੋਲ ਸੁਣਦੇ ?

ਪਤਾ ਤੁਹਾਨੂੰ ਬਹੁਤ ਕੁਝ ਹੈ, ਬਸ ਹਉ-ਪਰ੍ਹੇ ਕਹਿ ਛੱਡਦੇ ਹੋ। ਦੇਖੀ ਜਾਊ, ਸਾਰਿਆਂ ਦੇ ਨਾਲ ਹਾਂ। ਮੈਂ ਕੀ ਕਰਾਂ, ਸਰਕਾਰ ਕਰੇ। ਮੇਰੇ ਕੋਲ ਨਾ ਸਾਧਨ ਨੇ ਅਤੇ ਨਾ ਸਮਾਂ। ਹੋਰ ਥੋੜ੍ਹੇ ਕੰਮ ਨੇ। ਇਸੇ ਲਈ ਹਰ ਪਾਸੇ ਕਚਰੇ ਤੇ ਕੂੜੇ ਦੇ ਅੰਬਾਰ ਲੱਗ ਰਹੇ ਨੇ। ਪੈਦਲ ਜਾਣ ਦੀ ਥਾਂ ਸਾਈਕਲ । ਸਾਈਕਲ ਦੀ ਥਾਂ ਸ਼ੋਰ ਮਚਾਉਂਦੇ, ਧੂੰਆਂ ਛੱਡਦੇ ਸਕੂਟਰ ਤੇ ਮੋਟਰਸਾਈਕਲ। ਫਿਰ ਕਾਰਾਂ, ਟਰੱਕ, ਥ੍ਰੀਵ੍ਹੀਲਰ । ਜ਼ਰੂਰਤ ਤੋਂ ਬਿਨਾਂ ਵੀ ਦਿਖਾਵੇ ਲਈ। ਖਾ-ਪੀ ਕੇ ਬੇਪ੍ਰਵਾਹੀ ਨਾਲ ਸੁੱਟੇ ਪਲਾਸਟਿਕ ਦੇ ਲਿਫ਼ਾਫ਼ੇ, ਡਿਸਪੋਜ਼ੇਬਲ ਸਿੱਕੇ, ਪੈੱਨ, ਗਿਲਾਸ, ਕੱਪ, ਪਲੇਟਾਂ, ਬੋਤਲਾਂ ਪੈਕਿੰਗ ਦੇ ਥੈਲੇ। ਆਪਣੇ ਘਰ ਦੇ ਅੰਦਰੋਂ-ਬਾਹਰੋਂ ਸਮੇਟਿਆ ਕੂੜੇ ਦਾ ਢੇਰ ਗੁਆਂਢੀਆਂ ਦੇ ਘਰ ਅੱਗੇ ਜਾਂ ਸੀਵਰੇਜ ਵਿੱਚ। ਆਪਣੇ ਘਰ ਦਾ ਮਲ-ਮੂਤਰ ਨਾਲੀਆਂ ਜ਼ਰੀਏ ਕਿਸੇ ਨਦੀ-ਨਾਲੇ ਵਿੱਚ । ਆਪਣੇ ਕਾਰਖ਼ਾਨੇ ਦਾ ਗੰਦਾ ਤੇ ਜ਼ਹਿਰਾਂ ਨਾਲ ਭਰਿਆ ਸਾਰਾ ਕਬਾੜ ਤੇ ਪਾਣੀ ਕਿਸੇ ਦਰਿਆ ਵਿੱਚ । ਉੱਚੇ ਹਾਰਨ ਅਤੇ ਡਿਸਕੋ ਵਾਂਗ ਕੰਨ ਪਾੜਦੇ ਸੰਗੀਤ ਨਾਲ ਸੜਕਾਂ ਉੱਤੇ ਹੂਟਰ ਮਾਰ-ਮਾਰ ਭੱਜਦੀਆਂ ਜੀਪਾਂ ਤੇ ਜਿਪਸੀਆਂ। ਇਹ ਸਾਰਾ ਕੁਝ ਤੁਹਾਡੇ ਸਾਹਮਣੇ ਹੀ ਤਾਂ ਹੈ। ਮੈਰਿਜ ਪੈਲੇਸਾਂ ਵਿੱਚ ਖਿੱਲਰ ਰਿਹਾ ਕਚਰਾ, ਕੰਨ ਪਾੜਵਾਂ ਸੰਗੀਤ। ਸੜਕਾਂ ਉੱਤੇ ਲਾਊਡ ਸਪੀਕਰ ਨਾਲ ਦਿਨ-ਰਾਤ ਸੁਣਾਏ ਜਾ ਰਹੇ ਪ੍ਰਵਚਨ । ਸੁਣਾਉਣ ਵਾਲੇ ਸੁੱਤੇ ਹੋਏ ਨੇ। ਸੁਣਨ ਵਾਲਿਆਂ ਕੋਲ ਵਿਹਲ ਨਹੀਂ । ਕੁਝ ਵੀ ਤੁਹਾਡੇ ਤੋਂ ਲੁਕਿਆ ਹੋਇਆ ਨਹੀਂ ।

ਕੀੜੇਮਾਰ ਦਵਾਈਆਂ ਤੇ ਖਾਦਾਂ ਨਾਲ ਉੱਗ ਰਹੀਆਂ ਫ਼ਸਲਾਂ। ਟੀਕੇ ਲਾ-ਲਾ ਵੱਡੇ ਕੀਤੇ ਜਾ ਰਹੇ ਫਲ-ਸਬਜ਼ੀਆਂ। ਗਾਵਾਂ-ਮੱਝਾਂ ਨੂੰ ਟੀਕੇ ਲਾ-ਲਾ ਵਧਾਇਆ ਜਾਂਦਾ ਦੁੱਧ। ਬਨਾਵਟੀ ਦੁੱਧ, ਖੋਆ ਅਤੇ ਉਸ ਤੋਂ ਬਣੇ ਪਕਵਾਨ । ਬਸ ਕਰੋ, ਡੀ. ਡੀ. ਟੀ. ਨਾਲ ਹੁਣ ਮੱਛਰ ਨਹੀਂ ਮਰਦੇ। ਕੀਟਨਾਸ਼ਕ ਦਵਾਈਆਂ ਜਿੰਨੀਆਂ ਵੱਧ ਮਾਤਰਾ ਵਿੱਚ ਵਰਤੀਆਂ ਜਾ ਰਹੀਆਂ ਹਨ ਦੁਸ਼ਮਣ ਕੀੜੇ ਉਨ੍ਹਾਂ ਨਾਲ ਘੱਟ ਮਰਦੇ ਹਨ, ਮਿੱਤਰ ਵੱਧ। ਧਰਤੀ ਹੇਠਲੇ ਪਾਣੀ, ਫ਼ਸਲਾਂ ਤੇ ਜਾਨਵਰਾਂ ਦੇ ਦੁੱਧ ਵਿੱਚ ਪਹੁੰਚ ਗਏ ਹਨ ਇਹ ਜ਼ਹਿਰ । ਮਾਲਵੇ ਖਿੱਤੇ ਵਿੱਚ ਕੈਂਸਰ ਫੈਲ ਰਿਹਾ ਹੈ, ਇਸ ਸਾਰੇ ਕੁਝ ਦੀ 'ਮਿਹਰਬਾਨੀ' ਨਾਲ। ਮਾਲਵੇ ਤੋਂ ਗੰਗਾਨਗਰ ਜਾਂਦੀ ਗੱਡੀ ਦਾ ਨਾਂ ਲੋਕਾਂ ਨੇ ਕੈਂਸਰ ਟਰੇਨ ਰੱਖ ਦਿੱਤਾ ਹੈ। ਹੁਣ ਦੁਆਬੇ ਦੀ ਧਰਤੀ ਨੂੰ ਵੀ ਕੈਂਸਰ ਹੋ ਰਿਹਾ ਹੈ। ਲੁਧਿਆਣੇ ਦੇ ਬੁੱਢੇ ਨਾਲੇ ਵਿੱਚ ਜਿਊਂਦੀ ਮੱਛੀ ਸੁੱਟੋ, ਮਰ ਜਾਏਗੀ। ਗੁਰੂ ਨਾਨਕ ਦੀ ਪਵਿੱਤਰ ਵੇਈਂ ਦਾ ਜਲ ਪੀਣਾ ਤਾਂ ਕਿਸੇ ਨੇ ਕੀ ਹੈ ਇਹ ਨਾ ਨਹਾਉਣ ਜੋਗਾ ਰਿਹਾ ਹੈ, ਨਾ ਫ਼ਸਲਾਂ ਸਿੰਜਣ ਯੋਗ। ਇਹ ਤਾਂ



ਭਲਾ ਹੋਵੇ ਬਾਬਾ ਸੀਚੇਵਾਲ ਦਾ ਜਿਨ੍ਹਾਂ ਨੇ ਇਸ ਸਥਿਤੀ ਨੂੰ ਰਤਾ ਮੋੜਾ ਦੇਣ ਲਈ ਲਹਿਰ ਖੜ੍ਹੀ ਕੀਤੀ ਹੈ।

ਪੰਜਾਬ ਦਾ ਪਾਣੀ ਹਰ ਸਾਲ ਪੰਝੀ-ਤੀਹ ਸੈਂਟੀਮੀਟਰ ਹੇਠਾਂ ਜਾ ਰਿਹਾ ਹੈ। ਕਾਨ੍ਹ ਭਗਵਾਨ ਦੀ ਯਮਨਾ ਪਲੀਤ ਕਰ ਛੱਡੀ ਹੈ। ਰਾਮ ਦੀ ਗੰਗਾ ਮੈਲੀ ਹੋ ਚੁੱਕੀ ਹੈ। ਗੰਗਾ ਯਮੁਨਾ ਦੇ ਕਿਨਾਰੇ ਵੱਸੇ ਸੌ ਕੁ ਨਗਰਾਂ ਸ਼ਹਿਰਾਂ ਦਾ ਮਲ-ਮੂਤਰ ਅਤੇ ਕਾਰਖ਼ਾਨਿਆਂ ਦਾ ਜ਼ਹਿਰੀਲੇ ਰਸਾਇਣਾਂ ਵਾਲਾ ਪਾਣੀ ਇਨ੍ਹਾਂ ਪਵਿੱਤਰ ਦਰਿਆਵਾਂ ਨੂੰ ਅਪਵਿੱਤਰ ਕਰ ਰਿਹਾ ਹੈ। ਧਰਤੀ ਨੂੰ ਹਰੀ ਪੁਸ਼ਾਕ ਦੇਣ ਵਾਲੇ ਰੁੱਖ ਤੇਜ਼ੀ ਨਾਲ ਕੱਟੇ ਜਾ ਰਹੇ ਹਨ। ਰਾਸ਼ਟਰੀ/ਅੰਤਰ-ਰਾਸ਼ਟਰੀ ਨਿਸ਼ਾਨਾ ਹੈ ਕਿ ਧਰਤੀ ਉੱਤੇ ਇਕ-ਤਿਹਾਈ ਹਿੱਸੇ ਵਿੱਚ ਜੰਗਲ ਹੋਣ। ਪੰਜਾਬ ਵਿੱਚ ਤਾਂ ਇਸ ਤੇਤੀ ਫ਼ੀਸਦੀ ਦੀ ਥਾਂ ਚਾਰ ਫ਼ੀਸਦੀ ਧਰਤੀ ਹੀ ਜੰਗਲਾਂ ਹੇਠ ਰਹਿ ਗਈ ਹੈ। ਹਰ ਪਾਸੇ ਹਰ ਸ਼ਹਿਰ ਦੇ ਬਾਹਰ ਵੱਡੇ-ਵੱਡੇ ਬੈਨਰ ਲਗਾ ਕੇ ਉਦਯੋਗਿਕ, ਵਪਾਰਕ, ਰਿਹਾਇਸ਼ੀ ਕੰਪਲੈਕਸ ਤੇ ਮੈਰਿਜ ਪੈਲੇਸ ਖੜ੍ਹੇ ਹੋ ਰਹੇ ਹਨ। ਹਰ ਕਿਸੇ ਨੂੰ ਰਾਤੋ ਰਾਤ ਢੇਰਾਂ ਦੇ ਢੇਰ ਪੈਸਾ ਕਮਾਉਣ ਦੀ ਇੱਛਾ ਨੇ ਅੰਨ੍ਹਾ ਕਰ ਰੱਖਿਆ ਹੈ। ਜਦ ਮਨੁੱਖ ਹੀ ਨਹੀਂ ਬਚੇਗਾ ਤਾਂ ਪੈਸਾ ਕਿਸ ਕੰਮ ਆਵੇਗਾ ? ਧਰਤੀ ਸੱਚਮੁੱਚ ਕੁਰਲਾ ਰਹੀ ਹੈ। ਜਵਾਲਾਮੁਖੀ ਫਟ ਰਹੇ ਹਨ। ਸਾਡੀ ਧਰਤੀ ਭੂਚਾਲ ਨਾਲ ਕੰਬ ਰਹੀ ਹੈ। ਸੁਨਾਮੀਆਂ ਤਬਾਹੀ ਲਿਆ ਰਹੀਆਂ ਹਨ। ਤੂਫ਼ਾਨ, ਹਨੇਰੀਆਂ, ਕੁਦਰਤੀ ਆਫ਼ਤਾਂ ਦਾ ਬੋਲਬਾਲਾ ਹੈ। ਰੁੱਤਾਂ ਦਾ ਚੱਕਰ ਹਿੱਲ ਗਿਆ ਹੈ। ਗਲੇਸ਼ੀਅਰ ਪਿਘਲ ਰਹੇ ਹਨ। ਦਸ ਹਜ਼ਾਰ ਸਾਲ ਵਿੱਚ ਧਰਤੀ ਦਾ ਤਾਪਮਾਨ ਇਕ ਡਿਗਰੀ ਵੀ ਨਹੀਂ ਸੀ ਵਧਿਆ। ਅਸੀਂ ਇਕੋ ਸਦੀ ਵਿੱਚ ਇਸ ਨੂੰ ਇਕ ਡਿਗਰੀ ਵਧਾ ਦਿੱਤਾ ਹੈ।

ਇਹੀ ਹਾਲ ਰਿਹਾ ਤਾਂ ਹੋਰ ਪੰਝੀ ਤੀਹ ਸਾਲ ਵਿੱਚ ਧਰੁਵਾਂ ਦੀ ਬਰਫ਼ ਅਤੇ ਪਹਾੜਾਂ ਦੇ ਗਲੇਸ਼ੀਅਰ ਬੁਰੀ ਤਰ੍ਹਾਂ ਪਿਘਲ ਜਾਣਗੇ। ਗੰਗੋਤਰੀ ਦਾ ਗਲੇਸ਼ੀਅਰ ਅੱਠ ਕਿਲੋਮੀਟਰ ਪਿੱਛੇ ਖਿਸਕ ਚੁੱਕਾ ਹੈ। ਅੰਟਾਰਕਟਿਕਾ ਵਿੱਚ ਬਾਰਾਂ ਸੌ ਵਰਗ ਮੀਲ ਖਿੱਤੇ ਦੀ ਬਰਫ਼ ਇਸੇ ਇੱਕੀਵੀਂ ਸਦੀ ਦੇ ਪਹਿਲੇ ਵਰ੍ਹੇ ਹੀ ਪਿਘਲ ਗਈ ਸੀ। ਸਾਗਰਾਂ ਦੇ ਪਾਣੀ ਉੱਪਰ ਉੱਠ ਰਹੇ ਹਨ। ਮਾਲਦੀਵ ਵਰਗੇ ਨੀਵੇਂ ਟਾਪੂਆਂ ਉੱਤੇ ਵੱਸਦੇ ਲੋਕ ਆਪਣੀ ਸਲਾਮਤੀ ਲਈ ਦੁਆ ਕਰ ਰਹੇ ਹਨ। ਸਾਡੀ ਗੰਗਾ-ਯਮੁਨਾ ਨੂੰ ਹੀ ਖ਼ਤਰਾ ਖੜ੍ਹਾ ਹੋ ਚੁੱਕਾ ਹੈ। ਜੇ ਇਹੀ ਨਾ ਰਹੀਆਂ ਤਾਂ ਕੀ ਬਚੇਗਾ ਭਾਰਤ ਮਹਾਨ ਦਾ ?

ਵਾਤਾਵਰਣ ਪ੍ਰਦੂਸ਼ਣ ਕਾਰਨ ਜੀਵ-ਜੰਤੂਆਂ ਦੀਆਂ ਬਾਰਾਂ ਹਜ਼ਾਰ ਪ੍ਰਜਾਤੀਆਂ ਲੋਪ ਹੋਣ ਵਾਲੀਆਂ ਹਨ। ਵਾਹਨਾਂ, ਕਾਰਖ਼ਾਨਿਆਂ ਗ਼ਲਤ ਫ਼ਸਲੀ ਚੱਕਰਾਂ, ਅਸਮਾਨੀਂ ਉੱਠਦੇ ਧੂੰਏਂ, ਭਾਂਤ-ਭਾਂਤ ਦੇ ਰਸਾਇਣਾਂ, ਗਰੀਨ ਹਾਊਸ ਗੈਸਾਂ ਦੇ ਤੇਜ਼ ਵਾਧੇ ਨਾਲ ਧਰਤੀ ਨੂੰ ਖ਼ਤਰਨਾਕ ਪਰਾਬੈਂਗਣੀ ਕਿਰਨਾਂ ਤੋਂ ਬਚਾਉਣ ਲਈ ਧਰਤੀ ਦੀ ਛਤਰੀ ਲੀਰੋ-ਲੀਰ ਹੋ ਗਈ ਹੈ।

ਖੇਤਾਂ ਵਿੱਚ ਜ਼ਹਿਰ ਉੱਗ ਰਹੀ ਹੈ। ਨਾ ਪੀਣ ਨੂੰ ਸਾਫ਼ ਪਾਣੀ ਹੈ ਤੇ ਨਾ ਸਾਹ ਲੈਣ ਲਈ ਹਵਾ। ਦਿੱਲੀ, ਕੋਲਕਾਤਾ, ਮੁੰਬਈ ਤਾਂ ਕੀ ਲੁਧਿਆਣੇ ਵਰਗੇ ਸ਼ਹਿਰ ਵਿੱਚ ਹੀ ਸਵੇਰੇ ਘਰੋਂ ਨਿਕਲੋ ਸ਼ਾਮ ਨੂੰ ਘਰ ਵੜ ਕੇ ਸਫ਼ੈਦ ਰੁਮਾਲ ਨਾਲ ਚਿਹਰਾ ਸਾਫ਼ ਕਰਕੇ ਦੇਖੋ। ਇਉਂ ਕਾਲਾ ਹੋ ਜਾਵੇਗਾ ਜਿਵੇਂ ਕੋਹਲੂ ਦੀ ਕਾਲੀ ਮੈਲ ਨਾਲ ਭਰਿਆ ਹੋਵੇ। ਦਿੱਲੀ ਵਿੱਚ ਪ੍ਰਦੂਸ਼ਣ ਦਾ ਇਹ ਹਾਲ ਹੈ ਕਿ ਹਰ ਇਕ ਘੰਟੇ ਬਾਅਦ ਇਕ ਵਿਅਕਤੀ ਇਸ ਦੀ ਭੇਟ ਚੜ੍ਹ ਰਿਹਾ ਹੈ। ਮਰਦਾਂ ਦੀ ਪ੍ਰਜਣਨ ਸਮਰੱਥਾ ਅਤੇ ਔਰਤਾਂ ਦੇ ਮਾਂ ਬਣਨ ਦੀ ਸਮਰੱਥਾ ਦੋਵਾਂ ਉੱਤੇ ਪ੍ਰਦੂਸ਼ਣ ਨੇ ਮਾਰੂ ਅਸਰ ਪਾਏ ਹਨ। ਜੇ ਇਹੀ ਹਾਲ ਰਿਹਾ ਤਾਂ ਮਨੁੱਖ ਜਾਤੀ ਦੀ ਹੋਂਦ ਆਪੇ ਹੀ ਖ਼ਾਤਮੇ ਵੱਲ ਤੁਰ ਪੈਣੀ ਹੈ।

ਧਰਤ ਸੁਹਾਵੀ ਇਕ ਦਿਨ ਵਿੱਚ ਨਹੀਂ ਬਣੀ । ਮਿੱਟੀ ਦੀ ਇਕ ਪਰਤ ਤਿਆਰ ਹੁੰਦਿਆਂ ਇਕ ਹਜ਼ਾਰ ਵਰ੍ਹੇ ਲੱਗ ਜਾਂਦੇ ਹਨ। ਇਸ ਨੂੰ ਉਪਜਾਊ ਬਣਦਿਆਂ ਫੇਰ ਤਿੰਨ ਚਾਰ ਸਦੀਆਂ ਲੱਗ ਜਾਂਦੀਆਂ ਹਨ। ਇਸ ਉੱਤੇ ਜੀਵ-ਜੰਤੂਆਂ ਦਾ ਵਿਕਾਸ ਵੀ ਇਕ ਦਿਨ ਜਾਂ ਇਕ ਹਫ਼ਤੇ ਵਿੱਚ ਨਹੀਂ ਹੋ ਗਿਆ। ਸਮੇਂ ਦੇ ਲੰਮੇ ਕਾਲ ਚੱਕਰ ਪਿੱਛੋਂ ਨਿਰਜੀਵ ਪੱਥਰਾਂ, ਖਾਮੋਸ਼ ਤੇ ਜੀਵਨ ਵਿਹੂਣੇ ਧਰਤ, ਆਕਾਸ਼ ਤੇ ਸਾਗਰਾਂ ਉੱਤੇ ਜੀਵਨ ਦੀ ਰੌਂਅ ਤੁਰੀ। ਅਮੀਬਾ ਤੋਂ ਮਨੁੱਖ ਬਣਦਿਆਂ ਅਰਬਾਂ ਸਾਲ ਲੱਗ ਗਏ। ਗੰਢੇਦਿਆਂ ਮਹੀਨੇ ਲੱਗ ਜਾਂਦੇ ਹਨ ਤੇ ਤੁੜੇਂਦਿਆਂ ਇਕ ਛਿਣ । ਅਸੀਂ ਦੁਨੀਆਂ ਦੀ ਇਕ ਛਤਰ ਸਰਦਾਰੀ ਲਈ ਇਕ ਤੋਂ ਇਕ ਭੈੜਾ ਤਜਰਬਾ ਕਰਦੇ ਹਾਂ। ਧਰਤੀ, ਸਾਗਰ, ਅਸਮਾਨ ਅਸੀਂ ਆਪਣੇ ਤਜਰਬਿਆਂ ਨਾਲ ਪਲੀਤ ਕਰ ਸੁੱਟੇ ਹਨ। ਸਾਡੇ ਕਚਰੇ ਤੋਂ ਅੰਬਰ ਵੀ ਮੁਕਤ ਨਹੀਂ। ਸਾਗਰ ਵੀ ਨਹੀਂ। ਵੱਡੇ-ਵੱਡੇ ਬੰਬ, ਮਿਜ਼ਾਈਲਾਂ ਤੇ ਹਥਿਆਰਾਂ ਨੂੰ ਅਸੀਂ ਅੰਨ੍ਹੇਵਾਹ ਬਣਾ ਹੀ ਰਹੇ ਹਾਂ ਚਲਾ ਵੀ ਰਹੇ ਹਾਂ ।

ਬਹੁ-ਕੌਮੀ ਕੰਪਨੀਆਂ ਨੇ ਆਪਣੇ ਵਪਾਰਕ ਹਿੱਤਾਂ ਲਈ ਹਰ ਪ੍ਰਕਾਰ ਦਾ ਕੂੜ ਪ੍ਰਚਾਰ ਮੀਡੀਆ ਰਾਹੀਂ ਕਰਕੇ ਕੀਟਨਾਸ਼ਕ, ਖਾਦਾਂ, ਬੀਜ, ਸੁੱਖ-ਸਹੂਲਤ ਦਾ ਸਾਮਾਨ, ਦਵਾਈਆਂ ਵੇਚਣ ਲਈ ਹਰ ਨੈਤਿਕਤਾ ਨੂੰ ਛਿੱਕੇ ਟੰਗ ਦਿੱਤਾ ਹੈ। ਐਸ਼ੋ ਇਸ਼ਰਤ ਤੇ ਬਣਾਉਟੀ ਲੋੜ ਪੈਦਾ ਕੀਤੀ ਜਾ ਰਹੀ ਹੈ। ਖਾਓ-ਪੀਓ, ਐਸ਼ ਕਰੋ ਦੀ ਉਪਭੋਗੀ ਬਿਰਤੀ ਨੂੰ ਉਤਸ਼ਾਹਿਤ ਕਰ ਕੇ ਪੈਸਾ ਕਮਾਉਣ ਦੀ ਹੋੜ ਹੈ ਹਰ ਪਾਸੇ । ਬਿਮਾਰੀ ਪੈਦਾ ਕਰਕੇ ਬਿਮਾਰੀ ਦੇ ਇਲਾਜ ਲਈ ਦਵਾਈਆਂ ਵੇਚ ਰਹੀ ਹੈ ਸਾਡੀ ਸੱਭਿਅਤਾ । ਕੈਸੇ ਮਸੀਹਾ ਹਨ। ਆਪ ਦਰਦ ਦਿੰਦੇ ਹਨ, ਆਪੇ ਦਵਾ ਦਿੰਦੇ ਹਨ। ਰੋਮ ਦੇ ਜਲਣ ਸਮੇਂ ਨੀਰੋ ਨੇ ਬੰਸਰੀ ਵਜਾਈ ਜਾਂ ਨਹੀਂ ਪਰ ਅੱਜ ਅਸੀਂ ਸਾਰੇ ਮਨੁੱਖ ਦੇ ਵਿਨਾਸ਼ ਵੱਲ ਜਾਂਦੇ ਰਾਹਾਂ ਨੂੰ ਵੇਖ ਕੇ ਵੀ ਬੰਸਰੀ ਵਜਾਈ ਜਾ ਰਹੇ ਹਾਂ। ਹੁਣ ਤਾਂ ਜਾਗੋ ।

ਮੋਬਾਈਲ : 98722-60550

(ਪੰਜਾਬੀ ਟ੍ਰਿਬਿਊਨ 23-06-2013 ਵਿੱਚੋਂ ਧੰਨਵਾਦ ਸਹਿਤ !)



# ਜੇ ਬਚਣਾ ਹੈ ਤਾਂ ਗੰਦ ਪਾਉਣਾ ਬੰਦ ਕਰੋ

**ਨੰਦ ਸਿੰਘ ਮਹਿਤਾ**

ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ, ਪਰ ਅਸੀਂ ਧਰਤੀ ਮਾਂ 'ਤੇ ਰਹਿਣ ਵਾਲੇ ਸਾਰੇ ਜੀਵਾਂ 'ਚੋਂ ਆਪਣੇ-ਆਪ ਨੂੰ ਉੱਤਮ ਮੰਨਣ ਵਾਲਿਆਂ ਨੇ ਨਾ ਹਵਾ ਨੂੰ ਬਖ਼ਸ਼ਿਆ ਹੈ, ਨਾ ਪਾਣੀ ਨੂੰ ਤੇ ਨਾ ਹੀ ਆਪਣੀ ਮਾਂ ਧਰਤੀ ਨੂੰ । ਹਵਾ 'ਚ ਆਪਣੇ ਕਾਰਖ਼ਾਨਿਆਂ ਤੇ ਵਾਹਨਾਂ ਰਾਹੀਂ ਅਨੇਕਾਂ ਹੀ ਜ਼ਹਿਰੀਲੀਆਂ ਗੈਸਾਂ ਛੱਡ ਕੇ ਉਸ ਨੂੰ ਦੂਸ਼ਿਤ ਕਰ ਦਿੱਤਾ ਹੈ; ਪਾਣੀ ਦੇ ਸਾਰੇ ਸਰੋਤ, ਦਰਿਆ, ਨਹਿਰਾਂ, ਨਾਲੇ ਆਪਣੇ ਗੰਦਮੰਦ ਨਾਲ ਭਰ ਦਿੱਤੇ ਹਨ ਤੇ ਧਰਤੀ ਉੱਤੇ ਲੱਖਾਂ ਟਨ ਗੰਦ-ਮੰਦ ਸੁੱਟ ਕੇ ਇਸ ਨੂੰ ਕਰੂਪ ਕਰ ਦਿੱਤਾ ਹੈ।

ਹਰ ਰੋਜ਼ ਸਾਡੇ ਮਹਾਨ ਭਾਰਤ ਵਿੱਚ ਇਕ ਆਦਮੀ 0.15 ਤੋਂ 0.35 ਕਿੱਲੋ ਕੂੜਾ ਪੈਦਾ ਕਰਦਾ ਹੈ । ਸਾਡੀਆਂ ਮਨੁੱਖੀ ਬਸਤੀਆਂ ਸਨਅਤਾਂ ਨਾਲੋਂ ਚਾਰ ਗੁਣਾਂ ਵਧੇਰੇ ਕੂੜਾ-ਕਰਕਟ ਪਾਣੀ ਵਿੱਚ ਸੁੱਟਦੀਆਂ ਹਨ। ਭਾਰਤ ਵਿੱਚ ਮਿਲਣ ਵਾਲੇ ਸਾਰੇ ਪਾਣੀ ਦਾ 70 ਫ਼ੀਸਦੀ ਹਿੱਸਾ ਪ੍ਰਦੂਸ਼ਿਤ ਹੈ। ਸਾਡੇ 3119 ਕਸਬਿਆਂ ਅਤੇ ਸ਼ਹਿਰਾਂ ਵਿੱਚੋਂ ਸਿਰਫ਼ 217 ਵਿੱਚ ਹੀ ਕੁਝ ਗੰਦੇ ਪਾਣੀ ਨੂੰ ਸਾਫ਼ ਕਰਨ ਦੀ ਸੁਵਿਧਾ ਹੈ।

ਖੜ੍ਹੇ ਦੂਸ਼ਿਤ ਪਾਣੀ ਵਿੱਚ ਪੈਦਾ ਹੋਏ ਮੱਛਰ ਡੇਂਗੂ ਅਤੇ ਮਲੇਰੀਆ ਜਿਹੀਆਂ ਮਾਰੂ ਬਿਮਾਰੀਆਂ ਫੈਲਾਉਂਦੇ ਹਨ । ਦੂਸ਼ਿਤ ਪਾਣੀ ਹੈਜ਼ਾ, ਟਾਈਫਾਈਡ, ਪੀਲੀਆ, ਦਸਤ ਅਤੇ ਪੇਟ ਦੀਆਂ ਬਿਮਾਰੀਆਂ ਫੈਲਾਉਂਦਾ ਹੈ। ਇਹ ਬਿਮਾਰੀਆਂ ਭਾਰਤ ਵਿੱਚ ਹੁੰਦੀਆਂ ਬਿਮਾਰੀਆਂ ਦਾ 66 ਫ਼ੀਸਦੀ ਹਿੱਸਾ ਹਨ।

ਛੇ ਮੈਂਬਰਾਂ ਵਾਲਾ ਇਕ ਭਾਰਤੀ ਪਰਿਵਾਰ ਇਕ ਦਿਨ ਵਿੱਚ ਢਾਈ ਕਿੱਲੋ ਕੂੜਾ-ਕਰਕਟ ਪੈਦਾ ਕਰਦਾ ਹੈ। ਉਸ ਵਿੱਚ 75 ਫ਼ੀਸਦੀ ਬੇਕਾਰ ਸਬਜ਼ੀਆਂ ਤੇ ਭੋਜਨ, 4 ਫ਼ੀਸਦੀ ਕਾਗ਼ਜ਼, 2 ਫ਼ੀਸਦੀ ਧੂੜਾ, 0.4 ਫ਼ੀਸਦੀ ਕੱਚ, 0.3 ਫ਼ੀਸਦੀ ਲੀਰਾਂ, 0.7 ਫ਼ੀਸਦੀ ਪਲਾਸਟਿਕ ਅਤੇ 7 ਫ਼ੀਸਦੀ ਪੱਥਰ ਤੇ ਚੀਨੀ, ਮਿੱਟੀ ਆਦਿ ਹੁੰਦੇ ਹਨ ।

ਫ਼ਸਲਾਂ ਕੱਟਣ ਤੋਂ ਬਾਅਦ ਲਾਈਆਂ ਜਾਂਦੀਆਂ ਅੱਗਾਂ ਨਾਲ ਭੂਮੀ ਦੀ ਨਮੀ ਨਸ਼ਟ ਹੋਣ ਦੇ ਨਾਲ-ਨਾਲ ਭੂਮੀ ਨੂੰ ਭੁਰਭੁਰਾ ਤੇ ਹਵਾਦਾਰ ਬਣਾਉਣ ਵਾਲੇ ਗੰਡੋਏ, ਚੂਹੇ ਖਾਣੇ ਸੱਪ ਅਤੇ ਕੀੜੇ ਖਾਣੀਆਂ ਡੱਡਾਂ ਵੀ ਮਰ ਜਾਂਦੀਆਂ ਹਨ। ਧੂੰਆਂ ਹਵਾ ਦਾ ਅਰੋਗੀ ਸੰਤੁਲਨ ਵਿਗਾੜ ਦਿੰਦਾ ਹੈ। ਅੱਗ ਨਾਲ ਭੋਇੰ ਤਪ ਕੇ ਆਪਣੀ ਉਪਯੋਗੀ ਸਮਰੱਥਾ ਤੋਂ ਵਾਂਝੀ ਹੋ ਜਾਂਦੀ ਹੈ। ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਨਾਲ ਹਾਨੀਕਾਰਕ ਕੀੜਿਆਂ ਦੇ ਨਾਲ-ਨਾਲ ਕਿਸਾਨ ਦੇ ਅਨੇਕਾਂ ਮਿੱਤਰ ਪੰਛੀ, ਕੀੜੇ ਤੇ ਹੋਰ ਜੀਵ ਵੀ ਮਰ ਜਾਂਦੇ ਹਨ ।

ਉਪਰੋਕਤ ਪ੍ਰਦੂਸ਼ਣ ਨੂੰ ਹੁੰਦਿਆਂ ਦੇਖ ਕੇ ਕੀ ਮਨੁੱਖ ਚੁੱਪ ਬੈਠਾ ਰਹੇ ਤੇ ਆਪਣੀ ਬਰਬਾਦੀ ਤੇ ਮੌਤ ਦੇ ਸਾਮਾਨ ਨੂੰ ਬਣਦਾ ਦੇਖਦਾ ਰਹੇ। ਨਹੀਂ, ਇਸ ਪ੍ਰਦੂਸ਼ਣ ਨੂੰ ਰੋਕਣ ਵਾਸਤੇ ਬਹੁਤ ਆਸਾਨੀ ਨਾਲ ਬਹੁਤ ਕੁਝ ਕੀਤਾ ਜਾ ਸਕਦਾ ਹੈ।

ਪਿੰਡਾਂ ਵਿੱਚ ਭਾਵੇਂ ਸਾਰਾ ਕੂੜਾ-ਕਰਕਟ ਰੂੜੀਆਂ ਉੱਤੇ ਸੁੱਟਿਆ ਜਾਂਦਾ ਹੈ ਤੇ ਰੂੜੀਆਂ ਤੋਂ ਹੌਲੀ-ਹੌਲੀ ਖਾਦ ਬਣ ਜਾਂਦੀ ਹੈ ਜੋ ਕਿਸਾਨ ਆਪਣੇ ਖੇਤਾਂ ਵਿੱਚ ਪਾ ਦਿੰਦੇ ਹਨ; ਪਰ ਰੂੜੀਆਂ ਨੂੰ ਸਾਂਭਣ ਦਾ ਕੰਮ ਵੀ ਉਹ ਠੀਕ ਤਰ੍ਹਾਂ ਨਹੀਂ ਕਰਦੇ। ਰੂੜੀਆਂ ਨੂੰ ਲੋੜੀਂਦੇ ਟੋਇਆਂ ਵਿੱਚ ਸੰਭਾਲਣਾ ਚਾਹੀਦਾ ਹੈ। ਪਾਣੀ ਨੂੰ ਗੰਦਾ ਕਰਨ ਤੇ ਉਸ ਨੂੰ ਗਲੀਆਂ 'ਚ ਖੁੱਲ੍ਹੇ ਛੱਡ ਦੇਣ 'ਚ ਤਾਂ ਪੇਂਡੂ ਸ਼ਹਿਰੀਆਂ ਨਾਲੋਂ ਵੀ ਅੱਗੇ ਹਨ। ਪਿੰਡਾਂ ਦੇ ਗੰਦੇ ਪਾਣੀ ਨੂੰ ਨੀਵੇਂ ਥਾਵਾਂ 'ਤੇ ਇਕੱਠਾ ਕਰਕੇ, ਸਾਫ਼ ਕਰਕੇ, ਸਿੰਜਾਈ ਲਈ ਵਰਤਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਸਾਡੇ ਕੂੜੇ-ਕਰਕਟ ਦਾ ਵੱਡਾ ਹਿੱਸਾ ਦੁਬਾਰਾ ਵਰਤਣ ਯੋਗ ਹੁੰਦਾ ਹੈ। ਸਬਜ਼ੀਆਂ, ਫਲ ਅਤੇ ਭੋਜਨ ਦੀ ਰਹਿੰਦ-ਖੂੰਦ ਨੂੰ ਪਾਲਤੂ ਪਸ਼ੂਆਂ ਦੀ ਖ਼ੁਰਾਕ ਵਜੋਂ ਵਰਤਿਆ ਜਾ ਸਕਦਾ ਹੈ। ਕਾਗ਼ਜ਼ ਧਾਤੂਆਂ, ਕੱਚ ਅਤੇ ਪਲਾਸਟਿਕ ਨੂੰ ਵੱਖਰਿਆਂ-ਵੱਖਰਿਆਂ ਸਾਂਭ ਕੇ ਕਬਾੜੀਆਂ ਨੂੰ ਵੇਚਿਆ ਜਾ ਸਕਦਾ ਹੈ। ਪਸ਼ੂਆਂ ਦੇ ਮਲ-ਮੂਤਰ ਅਤੇ ਟਹਿਣੀਆਂ, ਪੱਤੇ, ਤੂੜੀ, ਪਰਾਲੀ ਆਦਿ ਨੂੰ ਗੰਡੋਏ ਪਾਲਣ ਲਈ ਵਰਤਿਆ ਜਾ ਸਕਦਾ ਹੈ। ਗੋਹੇ ਨੂੰ ਗੋਬਰ ਗੈਸ ਬਣਾਉਣ ਲਈ ਗੋਬਰ ਗੈਸ ਪਲਾਂਟ ਲਾ ਕੇ ਵਰਤਿਆ ਜਾ ਸਕਦਾ ਹੈ। ਉਪਰੋਕਤ ਸਭ ਕੁਝ ਕਰਨ ਲਈ ਲੋਕਾਂ 'ਚ ਚੇਤਨਾ ਪੈਦਾ ਕਰਨ ਦੀ ਲੋੜ ਹੈ।

ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ, ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਬਣਾਏ ਗਏ ਕਾਨੂੰਨ ਸਖ਼ਤੀ ਨਾਲ ਲਾਗੂ ਕਰਨੇ ਚਹੀਦੇ ਹਨ। ਕਾਰਖ਼ਾਨਿਆਂ ਦੀਆਂ ਚਿਮਨੀਆਂ ਉੱਚੀਆਂ ਕਰਵਾਉਣੀਆਂ ਚਾਹੀਦੀਆਂ ਹਨ। ਜ਼ਹਿਰੀਲੀਆਂ ਗੈਸਾਂ ਤੇ ਧੂੰਏਂ ਨੂੰ ਘਟਾਉਣ ਲਈ ਉਪਕਰਨ ਲਗਵਾਉਣੇ ਚਾਹੀਦੇ ਹਨ। ਪਰਾਲੀਆਂ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਨੂੰ ਸਖ਼ਤੀ ਨਾਲ ਰੋਕਣਾ ਚਾਹੀਦਾ ਹੈ। ਹਵਾ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਰੁੱਖ ਮੁੱਖ ਰੋਲ ਅਦਾ ਕਰਦੇ ਹਨ। ਰੁੱਖ ਕਾਰਬਨਡਾਇਆਕਸਾਈਡ, ਨਾਈਟ੍ਰੋਜਨ ਅਤੇ ਸਲਫ਼ਰ-ਡਾਇਆਕਸਾਈਡ ਵਰਗੀਆਂ ਗੈਸਾਂ ਨੂੰ ਵਰਤਦੇ ਹਨ। ਅੱਜ ਸਾਡੇ ਢਾਈ ਆਦਮੀਆਂ ਕੋਲ ਸਿਰਫ਼ ਇਕ ਰੁੱਖ ਹੈ, ਜਦੋਂ ਕਿ ਘੱਟੋ-ਘੱਟ ਇਕ ਆਦਮੀ ਲਈ ਇਕ ਰੁੱਖ ਦੀ ਲੋੜ ਹੈ। ਸੋ ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ ਅਤੇ ਰੁੱਖ ਕੱਟਣ ਵਾਲਿਆਂ ਨੂੰ ਸਖ਼ਤੀ ਨਾਲ ਵਰਜਣਾ ਚਾਹੀਦਾ ਹੈ ।

ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਵੀ, ਨਹਿਰਾਂ, ਦਰਿਆਵਾਂ ਤੇ ਨਾਲਿਆਂ ਆਦਿ 'ਚ ਕਾਰਖ਼ਾਨੇਦਾਰਾਂ ਤੇ ਹੋਰਾਂ ਨੂੰ ਗੰਦ ਸੁੱਟਣ ਤੋਂ ਸਖ਼ਤੀ ਨਾਲ ਵਰਜਣਾ ਪਊਗਾ ।

ਸੋ, ਪ੍ਰਦੂਸ਼ਣ ਦੇ ਮੁੱਖ ਦੋਸ਼ੀ ਮਨੁੱਖ ਨੇ ਜੇ ਬਚਣਾ ਹੈ ਤਾਂ ਉਹ ਗੰਦ ਪਾਉਣਾ ਬੰਦ ਕਰ ਦੇਵੇ, ਨਹੀਂ ਤਾਂ ਕੀਟਾਣੂਆਂ ਤੇ ਵਿਸ਼ਾਣੂਆਂ ਦੇ ਦੈਂਤ ਉਸ ਨੂੰ ਛੇਤੀ ਹੀ ਢਾਹ ਲੈਣਗੇ ।

(ਪੰਜਾਬੀ ਟ੍ਰਿਬਿਊਨ, 2 ਸਤੰਬਰ, 2005 ਵਿੱਚੋਂ ਧੰਨਵਾਦ ਸਹਿਤ !)



## ਕੁਦਰਤ ਨਾਲ ਦੁਸ਼ਮਣੀ

ਸੂਝਵਾਨ ਇਨਸਾਨ ਨੇ, ਗੱਲ ਇਹੋ ਕਹਿਣੀ ਏ ।
ਕੁਦਰਤ ਦੇ ਨਾਲ ਦੁਸ਼ਮਣੀ, ਸਾਨੂੰ ਮਹਿੰਗੀ ਪੈਣੀ ਏ ।
ਕੁਦਰਤ ਦਿੱਤਾ ਅਸਾਂ ਨੂੰ, ਸੀ ਨਿਰਮਲ ਪਾਣੀ ।
ਅਸਾਂ ਬੇਸ਼ੁਕਰੇ ਬੰਦਿਆਂ, ਨਹੀਂ ਕੀਮਤ ਜਾਣੀ ।
ਕਰੀਏ ਨਿੱਤ ਪਲੀਤ, ਨਾ ਘੁੱਟ ਪੀਣ ਲਈ ਰਹਿਣੀ ਏ ।
ਕੁਦਰਤ ਦੇ ਨਾਲ ਦੁਸ਼ਮਣੀ, ਸਾਨੂੰ ਮਹਿੰਗੀ ਪੈਣੀ ਏ ।
ਹਵਾ ਅਸਾਡੀ ਸ਼ੁੱਧ ਸੀ, ਉਹ ਵੀ ਅਸਾਂ ਵਿਗਾੜੀ ।
ਫੈਕਟਰੀਆਂ ਦੀ ਜ਼ਹਿਰ, ਜੋ ਅਸਮਾਨੀ ਚਾੜ੍ਹੀ ।
ਸਾਹ ਦੇ ਨਾਲ ਇਹ ਜ਼ਹਿਰ ਵੀ, ਹੁਣ ਪਲ-ਪਲ ਸਹਿਣੀ ਏ ।
ਕੁਦਰਤ ਦੇ ਨਾਲ ਦੁਸ਼ਮਣੀ ਸਾਨੂੰ ਮਹਿੰਗੀ ਪੈਣੀ ਏ ।
ਜੈਵਿਕ ਫ਼ਸਲਾਂ ਹੁੰਦੀਆਂ ਸੀ, ਕੁਦਰਤੀ ਢੰਗ ਤਰੀਕੇ ।
ਪਾ ਪਾ ਵਿੱਚ ਰਸਾਇਣਾਂ, ਅਤੇ ਲਾ ਲਾ ਕੇ ਟੀਕੇ ।
ਨਿੱਤ ਬਿਮਾਰੀ ਜਿਸਮ ਨਾਲ, ਹੁਣ ਟੱਕਰ ਲੈਣੀ ਏ ।
ਕੁਦਰਤ ਦੇ ਨਾਲ ਦੁਸ਼ਮਣੀ, ਸਾਨੂੰ ਮਹਿੰਗੀ ਪੈਣੀ ਏ ।
ਖਾਧ ਖ਼ੁਰਾਕਾਂ ਕੁਦਰਤੀ, ਹੁਣ ਨਾ ਰਹਿ ਗਈਆਂ ।
ਵਧੀ ਮਿਲਾਵਟ ਖੋਰੀ ਨੇ, ਜਾਨਾਂ ਲੈ ਲਈਆਂ ।
ਜੇ ਨਾ ਸੰਭਲੇ 'ਜੱਸਿਆ' ਇੱਕ ਦਿਨ ਢੇਰੀ ਢਹਿਣੀ ਏ ।
ਕੁਦਰਤ ਦੇ ਨਾਲ ਦੁਸ਼ਮਣੀ, ਸਾਨੂੰ ਮਹਿੰਗੀ ਪੈਣੀ ਏ ।

**ਜੈ ਸਿੰਘ 'ਜੱਸਾ'**
ਪਿੰਗਲਵਾੜਾ (ਮਾਨਾਂਵਾਲਾ ਬ੍ਰਾਂਚ)
ਮੋ: 97814-01142

# ਕੁਦਰਤ ਦੇ ਸਫ਼ਾਈ ਕਰਮਚਾਰੀ

**ਸਰਵਿੰਦਰ ਕੌਰ**

ਮੈਂ, ਜਦ ਬਚਪਨ ਵਿੱਚ ਜਲੰਧਰ ਤੋਂ ਫਗਵਾੜਾ ਜਾਂਦਿਆਂ ਚਹੇੜੂ ਦਾ ਪੁਲ ਟੱਪਦਿਆਂ ਹੀ ਹੱਡੋਰੋੜੀ ਪਾਰ ਕਰਦੀ ਸੀ, ਤਾਂ ਬੱਸ ਦੀ ਖਿੜਕੀ ਵਿੱਚੋਂ ਹਜ਼ਾਰਾਂ ਹੀ ਗਿੱਧਾਂ ਨੂੰ ਵੇਖ ਕੇ ਹੈਰਾਨ ਰਹਿ ਜਾਂਦੀ ਸਾਂ । ਪਹਿਲਾਂ ਗਿੱਧਾਂ ਦਾ ਵਿਸ਼ਾਲ ਝੁੰਡ ਸੜਕਾਂ ਦੇ ਕਿਨਾਰਿਆਂ ’ਤੇ, ਰੇਲਵੇ ਲਾਈਨਾਂ ਦੇ ਕੋਲ, ਖੇਤਾਂ ਵਿੱਚ ਜਾਂ ਅਸਮਾਨ ਵਿੱਚ ਸ਼ਾਨ ਨਾਲ ਉੱਡਦੇ ਨਜ਼ਰ ਆਉਂਦੇ ਸਨ, ਪਰ ਇਹ ਕੁਝ ਹੀ ਸਾਲਾਂ ਵਿੱਚ ਅਲੋਪ ਹੋ ਗਏ ।

‘ਗਿੱਧ’ ਇਹ ਨਾਂ ਸੁਣਦਿਆਂ ਹੀ ਕਚਿਆਣ ਜਿਹੀ ਆਉਂਦੀ ਹੈ। ਮਨ ਵਿੱਚ ਬੋਅ, ਮਰੇ, ਸੜੇ-ਗਲੇ ਹੋਏ ਜਾਨਵਰਾਂ ਦਾ ਖ਼ਿਆਲ ਆ ਜਾਂਦਾ ਹੈ; ਪਰ ਅਸਲ ਵਿੱਚ ਗਿੱਧ ਨੂੰ ਕੁਦਰਤ ਦੇ ਸਾਫ਼-ਸਫ਼ਾਈ ਕਰਮਚਾਰੀ ਕਿਹਾ ਜਾ ਸਕਦਾ ਹੈ। ਇਹ ਸਾਡੇ ‘ਈਕੋ ਸਿਸਟਮ’ ਵਿੱਚ ਵਾਤਾਵਰਨ ਨੂੰ ਸਾਫ਼ ਅਤੇ ਬਿਮਾਰੀ ਰਹਿਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਫਿਰ ਵੀ ਇਹ ਨਾ-ਪਸੰਦ ਕੀਤੇ ਜਾਣ ਵਾਲੇ ਅਤੇ ਧਰਤੀ ਦੇ ਇਤਿਹਾਸ ਵਿੱਚ ਸਭ ਤੋਂ ਤੇਜ਼ੀ ਨਾਲ ਘਟਣ ਵਾਲੇ ਜੀਵ ਹਨ। ਕਰੀਬ ਦੋ-ਤਿੰਨ ਦਹਾਕੇ ਪਹਿਲਾਂ ਭਾਰਤ ਵਿੱਚ 4 ਕਰੋੜ ਦੇ ਲਗਪਗ ਗਿੱਧਾਂ ਸਨ ਜੋ ਕਿ ਹੁਣ ਕੁਝ ਹਜ਼ਾਰਾਂ ਵਿੱਚ ਹੀ ਰਹਿ ਗਈਆਂ ਹਨ। ਅੱਜ ਇਹ ਆਪਣੇ ਬਚਾਓ ਦੀ ਹਾਰੀ ਹੋਈ ਲੜਾਈ ਜਿੱਤਣ ਦੀ ਤਤਪਰਤਾ ਨਾਲ ਕੋਸ਼ਿਸ਼ ਕਰ ਰਹੇ ਹਨ।

ਅੱਸੀ ਦੇ ਦਹਾਕੇ ਵਿੱਚ ਭਾਰਤ ਵਿੱਚ ਗਿੱਧਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਸੀ । ਇੱਥੇ ਗਿੱਧਾਂ ਦੀਆਂ 9 ਪ੍ਰਜਾਤੀਆਂ ਪਾਈਆਂ ਜਾਂਦੀਆਂ ਸਨ ਪ੍ਰੰਤੂ ਕੇਵਲ ਦੋ ਦਹਾਕਿਆਂ ਦੇ ਅੰਦਰ ਹੀ ਗਿੱਧਾਂ ਦੀ 99% ਗਿਣਤੀ ਘਟ ਗਈ, ਜਿਸ ਨਾਲ ਇਕ ਬਹੁਤ ਹੀ ਗੰਭੀਰ ਵਾਤਾਵਰਨ ਅਸੰਤੁਲਨ ਪੈਦਾ ਹੋ ਗਿਆ। ਗਿੱਧ ਸਾਡੀ ਧਰਤੀ ਦੇ ‘ਕੁਸ਼ਲ ਮੁਰਦਾਖੋਰ’ ਹਨ ਅਤੇ ਧਰਤੀ ਦੀ ‘ਫੂਡ ਚੇਨ’ ਦੀ ਇਕ ਅਹਿਮ ਕੜੀ ਹਨ। ਇਨ੍ਹਾਂ ਕਾਰਨ ਜਲ ਪ੍ਰਦੂਸ਼ਣ, ਭੌਂ ਪ੍ਰਦੂਸ਼ਣ ਅਤੇ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਗੈਂਗਰੀਨ, ਟੈੱਟਨਸ, ਸੈਪਟਿਕ, ਬਲੱਡ ਕਲੋਟਿੰਗ, ਐਪਸੈਂਸ, ਐਂਥਰੈਕਸ, ਬੋਟੂਲਿਜ਼ਮ ਅਤੇ ਕਈ ਮੂੰਹ ਦੀਆਂ ਬਿਮਾਰੀਆਂ ਦੇ ਫੈਲਣ ’ਤੇ ਰੋਕ ਰਹਿੰਦੀ ਹੈ।

ਮਨੁੱਖ ਜਾਤੀ ਅਤੇ ਧਰਤੀ ਦੇ ਬਾਕੀ ਜੀਵ-ਜੰਤੂਆਂ ਨੂੰ ਕਈ ਜ਼ਹਿਰੀਲੇ ਅਤੇ ਖ਼ਤਰਨਾਕ ਬੈਕਟੀਰੀਆ ਅਤੇ ਵਾਇਰਸ ਤੋਂ ਹੋਣ ਵਾਲੀਆਂ ਇਨ੍ਹਾਂ ਬਿਮਾਰੀਆਂ ਤੋਂ ਬਚਾਓ ਰਹਿੰਦਾ ਹੈ।



ਗਿੱਧਾਂ ਦਾ ਇਕ ਛੋਟਾ ਜਿਹਾ ਝੁੰਡ 300-400 ਕਿੱਲੋ ਦੇ ਜਾਨਵਰ ਦੇ ਮਾਸ ਨੂੰ ਕੁਝ ਇਕ ਘੰਟੇ ਦੇ ਵਿੱਚ ਹੀ ਖਾ ਜਾਂਦਾ ਹੈ ਅਤੇ ਕੇਵਲ ਜਾਨਵਰਾਂ ਦੀਆਂ ਹੱਡੀਆਂ ਹੀ ਬਚਦੀਆਂ ਹਨ। ਇਨ੍ਹਾਂ ਦੇ ਅਲੋਪ ਹੋਣ ਨਾਲ ਗਲੇ-ਸੜੇ ਮਾਸ ਕਈ-ਕਈ ਦਿਨਾਂ ਤਕ ਸ਼ਹਿਰਾਂ ਅਤੇ ਪਿੰਡਾਂ ਦੇ ਬਾਹਰ ਖਿਲਰੇ ਨਜ਼ਰ ਆਉਂਦੇ ਹਨ। ਨੱਕ ਨੂੰ ਸਾੜ ਦੇਣ ਵਾਲੀ ਬੋਅ ਤੋਂ ਇਲਾਵਾ ਜ਼ਹਿਰੀਲੇ ਅਤੇ ਖ਼ਤਰਨਾਕ ਵਾਇਰਸ ਅਤੇ ਬੈਕਟੀਰੀਆ ਇਨ੍ਹਾਂ ਵਿੱਚ ਪਲਦੇ ਹਨ। ਕਾਵਾਂ ਅਤੇ ਅਵਾਰਾ ਕੁੱਤਿਆਂ ਦੀ ਗਿਣਤੀ ਹੋਰ ਵੀ ਵਧਦੀ ਹੈ। ਫਿਰ ਇਨ੍ਹਾਂ ਕੁੱਤਿਆਂ ਦੇ ਮੂੰਹ ਨੂੰ ਕੱਚਾ ਮਾਸ ਇਸ ਤਰ੍ਹਾਂ ਲੱਗ ਜਾਂਦਾ ਹੈ ਕਿ ਇਹ ਇਸ ਦੇ ਨਾ ਮਿਲਣ ’ਤੇ ਖੂੰਖ਼ਾਰ ਹੋ ਜਾਂਦੇ ਹਨ ਅਤੇ ਇਨਸਾਨਾਂ ਨੂੰ ਵੱਢਣਾ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਨਾ ਕੇਵਲ ਵੱਡਿਆਂ ਨੂੰ ਸਗੋਂ ਬੱਚਿਆਂ ਨੂੰ ਵੀ ਸਰੀਰਕ ਪੱਖੋਂ ਨੁਕਸਾਨ ਉਠਾਉਣਾ ਪੈਂਦਾ ਹੈ, ਉੱਥੇ ਇਨ੍ਹਾਂ ਕਾਰਨ ਕਈ ਖ਼ਤਰਨਾਕ ਬਿਮਾਰੀਆਂ ਜਿਵੇਂ ਰੈਬੀਜ਼ ਆਦਿ ਵੀ ਫੈਲ ਜਾਂਦੀਆਂ ਹਨ। ਸੰਨ 1990 ਦੇ ਅਖ਼ੀਰ ਵਿੱਚ ਬੰਬੇ ਨੈਚੁਰਲ ਹਿਸਟਰੀ ਸੁਸਾਇਟੀ (ਬੀ.ਐਨ. ਐਚ. ਐਸ.) ਨੇ ਗਿੱਧਾਂ ਦੀ ਗਿਣਤੀ ਵਿੱਚ ਇਕਦਮ ਗਿਰਾਵਟ ਦਾ ਸਖ਼ਤ ਨੋਟਿਸ ਲਿਆ ਸੀ, ਜਿਸ ਦੇ ਫ਼ਲਸਰੂਪ ਦੁਨੀਆਂ ਦੇ ਜੰਗਲੀ ਜੀਵ ਮਾਹਿਰਾਂ, ਵਿਗਿਆਨੀਆਂ, ਪੰਛੀਆਂ ਦੇ ਮਾਹਿਰਾਂ ਲਈ ਇਨ੍ਹਾਂ ਦੀ ਰਹੱਸਮਈ ਮੌਤ ਦਾ ਭੇਦ ਲੱਭਣਾ ਇਕ ਚੁਣੌਤੀ ਬਣ ਗਈ । ਫਿਰ ਪਾਕਿਸਤਾਨ ਵਿੱਚ ਮਰੀਆਂ ਕੁਝ ਗਿੱਧਾਂ ਤੇ ਅਮਰੀਕੀ ਵਿਗਿਆਨਕਾਂ ਨੇ ਖੋਜ ਕੀਤੀ ਤਾਂ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਦੀ ਮੌਤ ਕਿਡਨੀ ਫੇਲ੍ਹ ਹੋਣ ਕਰਕੇ ਹੋਈ ਸੀ। ਉੱਚ ਪੱਧਰੀ ਜਾਂਚ ਪੜਤਾਲ ਤੋਂ ਪਤਾ ਲੱਗਾ ਕਿ ਗਿੱਧਾਂ ਦੀ ਕਿਡਨੀ ਫੇਲ੍ਹ ਹੋਣ ਦਾ ਕਾਰਨ ‘ਡਾਈਕਲੋਫਿਨੈਕ’ ਨਾਮਕ ਦਵਾਈ ਸੀ। ‘ਡਾਈਕਲੋਫਿਨੈਕ’ ਟੀਕੇ ਰਾਹੀਂ ਜਾਂ ਗੋਲੀਆਂ ਰਾਹੀਂ ਇਨਸਾਨਾਂ ਅਤੇ ਖ਼ਾਸ ਕਰਕੇ ਪਸ਼ੂਆਂ ਨੂੰ ਦਰਦ ਆਦਿ ਤੋਂ ਰਾਹਤ ਦੇਣ ਲਈ ਵਰਤੀ ਜਾਣ ਵਾਲੀ ਪ੍ਰਮੁੱਖ ਦਵਾਈ ਸੀ। 99% ਹਿੰਦੁਸਤਾਨ, ਪਾਕਿਸਤਾਨ ਅਤੇ ਨੇਪਾਲ ਦੀਆਂ ਗਿੱਧਾਂ ਇਸੇ ਕਰਕੇ ਨਹੀਂ ਸਨ ਬਚੀਆਂ। ਇਸ ਤੋਂ ਚਿੰਤਿਤ ਹੋ ਕੇ ਸੰਨ 2000 ਵਿੱਚ ਵਰਲਡ ਕੰਜ਼ਰਵੇਸ਼ਨ ਯੂਨੀਅਨ ਨੇ ਗਿੱਧਾਂ ਨੂੰ ‘ਕਰੀਟੀਕਲੀ ਇਨਡੇਜਰਡ’ ਪ੍ਰਜਾਤੀਆਂ ਵਿੱਚ ਸ਼ਾਮਿਲ ਕਰ ਦਿੱਤਾ, ਜਿਸ ਦਾ ਮਤਲਬ ਹੈ ਕਿ ਇਹ ਦੁਨੀਆਂ ਵਿੱਚ ਸਭ ਤੋਂ ਜਲਦੀ ਅਤੇ ਤੇਜ਼ੀ ਨਾਲ ਖ਼ਤਮ ਹੋ ਰਹੀ ਪ੍ਰਜਾਤੀ ਹੈ। ਫਿਰ 2002 ਵਿੱਚ ਭਾਰਤ ਨੇ ਇਨ੍ਹਾਂ ਨੂੰ ‘ਇੰਡੀਅਨ ਵਾਈਲਡ ਲਾਈਫ਼ ਪ੍ਰੋਟੈਕਸ਼ਨ’ ਐਕਟ ਦੇ ‘ਸ਼ਡਿਊਲ-1’ ਵਿੱਚ ਸ਼ਾਮਲ ਕਰ ਦਿੱਤਾ।

ਮਾਰਚ 2005 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਪਸ਼ੂਆਂ ਲਈ ਇਸਤੇਮਾਲ ਕੀਤੀ ਜਾਣ ਵਾਲੀ 'ਡਾਈਕਲੋਫਿਨੈਕ' ਦਾ ਛੇ ਮਹੀਨਿਆਂ ਦੇ ਅੰਦਰ ਉਤਪਾਦਨ ਅਤੇ ਇਸ ਨੂੰ ਬਾਜ਼ਾਰ ਵਿੱਚੋਂ ਖ਼ਤਮ ਕਰਨ ਦਾ ਹੁਕਮ ਦਿੱਤਾ । ਇਸ ਦੌਰਾਨ ਡਾਕਟਰੀ ਮਾਹਿਰਾਂ ਅਤੇ ਵਿਗਿਆਨਕਾਂ ਇਸ ਦਵਾਈ ਦਾ ਬਦਲ 'ਮਾਈਲੋਕਸਿਨ' ਲੱਭ ਲਿਆ। ਇਸ ਦਵਾਈ ਦੀ ਪਸ਼ੂਆਂ ਅਤੇ ਗਿੱਧਾਂ 'ਤੇ ਜਾਂਚ ਕੀਤੀ ਗਈ ਅਤੇ ਇਸ ਨੂੰ ਸੁਰੱਖਿਅਤ ਪਾਇਆ ਗਿਆ ।

ਪਰ ਇਹ ਤਾਂ ਗਿੱਧਾਂ ਦੀ ਪ੍ਰਜਾਤੀ ਨੂੰ ਬਚਾਉਣ ਦੇ ਸੰਘਰਸ਼ ਦੀ ਅਜੇ ਸ਼ੁਰੂਆਤ ਹੀ ਹੈ, ਲੇਕਿਨ ਇਨ੍ਹਾਂ ਦੇ ਪੁਨਰ ਉਥਾਨ ਲਈ ਕੇਵਲ ਵਿਗਿਆਨਕਾਂ ਜਾਂ ਜੰਗਲੀ ਜੀਵ ਮਾਹਿਰਾਂ ਦਾ ਹੀ ਨਹੀਂ ਬਲਕਿ ਹਰ ਇਨਸਾਨ, ਹਰ ਕਿਸਾਨ, ਹਰ ਪਸ਼ੂ ਪਾਲਕ ਦਾ ਯੋਗਦਾਨ ਪਾਉਣਾ ਕੇਵਲ ਅਹਿਮ ਹੀ ਨਹੀਂ ਸਗੋਂ ਜ਼ਰੂਰੀ ਵੀ ਹੈ।

ਇਸ ਸਮੇਂ ਗਿੱਧਾਂ ਦੀ ਪ੍ਰਜਾਤੀ ਘੋਰ ਸੰਕਟ ਵਿੱਚ ਹੈ। ਸਮਾਂ ਹੈ ਅਤੇ ਸਾਡਾ ਫ਼ਰਜ਼ ਵੀ ਹੈ ਕਿ ਅਸੀਂ ਇਸ 'ਕੀ ਸਟੋਨ ਸਪੀਸਿਜ਼' ਨੂੰ ਬਚਾਈਏ । ਇਕ ਰਸਾਇਣ 'ਡਾਈਕਲੋਫਿਨੈਕ' ਦੀ ਵਰਤੋਂ ਨਾਲ ਕਿਵੇਂ ਇਕ ਪ੍ਰਜਾਤੀ ਕੁਝ ਹੀ ਦਹਾਕਿਆਂ ਵਿੱਚ ਖ਼ਤਮ ਹੋ ਗਈ, ਇਹ ਸਾਡੇ ਸਭ ਦੇ ਸਾਹਮਣੇ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਵੀ ਡਾਈਕਲੋਫਿਨੈਕ ਹਿੰਦੁਸਤਾਨ ਵਿੱਚ ਉਪਲੱਬਧ ਹੈ ਅਤੇ ਇਹ ਵਰਤੀ ਵੀ ਜਾ ਰਹੀ ਹੈ।

ਕੁਝ ਪੰਛੀ ਵਿਗਿਆਨੀ ਇਸ ਪ੍ਰਜਾਤੀ ਦੇ ਅਲੋਪ ਹੋਣ 'ਤੇ ਦੁਖੀ ਹਨ। ਉਨ੍ਹਾਂ ਦੇ ਅਨੁਸਾਰ ਇਨ੍ਹਾਂ ਦੇ ਪੂਰੀ ਤਰ੍ਹਾਂ ਖ਼ਤਮ ਹੋਣ ਨਾਲ ਸਾਡੇ ਵਾਤਾਵਰਨ 'ਤੇ ਬਹੁਤ ਬੁਰੇ ਪ੍ਰਭਾਵ ਪੈ ਸਕਦੇ ਹਨ। ਮੁਰਦਾ ਜਾਨਵਰਾਂ ਦਾ ਠੀਕ ਤਰ੍ਹਾਂ ਨਿਪਟਾਰਾ ਨਾ ਹੋਣ ਕਾਰਨ ਮਨੁੱਖ ਨੂੰ ਅਨੇਕਾਂ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਡਾ: ਵਿਭੂ ਪ੍ਰਕਾਸ਼, ਡਿਪਟੀ ਡਾਇਰੈਕਟਰ-ਕਮ-ਮੁੱਖ ਵਿਗਿਆਨਕ ਬੰਬੇ ਨੈਸ਼ਨਲ ਹਿਸਟਰੀ ਸੁਸਾਇਟੀ, ਮੁੰਬਈ ਨੇ ਸਭ ਤੋਂ ਪਹਿਲਾਂ ਗਿੱਧਾਂ ਦੀ ਗਿਣਤੀ ਵਿੱਚ ਲਗਾਤਾਰ ਤੇਜ਼ੀ ਨਾਲ ਕਮੀ ਹੋਣ ਨੂੰ ਗੰਭੀਰਤਾ ਨਾਲ ਲਿਆ। ਸੰਨ 2005 ਵਿੱਚ ਡਾਈਕਲੋਫਿਨੈਕ ਦੇ ਉਤਪਾਦਨ ਅਤੇ ਵਰਤੋਂ 'ਤੇ ਪਾਬੰਦੀ ਲਗਾਉਣ ਵਿੱਚ ਵੀ ਡਾ: ਵਿਭੂ ਪ੍ਰਕਾਸ਼ ਨੇ ਅਹਿਮ ਭੂਮਿਕਾ ਨਿਭਾਈ ।

ਉਨ੍ਹਾਂ ਦੀ ਅਣਥੱਕ ਮਿਹਨਤ ਅਤੇ ਲਗਨ ਵੇਖ ਕੇ ਬੰਬੇ ਨੈਚੁਰਲ ਹਿਸਟਰੀ ਸੁਸਾਇਟੀ ਅਤੇ ਹਰਿਆਣਾ ਵਣ ਵਿਭਾਗ ਨੇ 2004 ਵਿੱਚ ਰਲ



ਕੇ ਗਿੱਧਾਂ ਦੇ ਪ੍ਰਜਣਨ ਅਤੇ ਸਾਂਭ-ਸੰਭਾਲ ਲਈ ਹਿੰਦੁਸਤਾਨ ਦਾ ਸਭ ਤੋਂ ਪਹਿਲਾਂ ਜਟਾਯੂ ਕੰਜ਼ਰਵੇਸ਼ਨ ਬਰੀਡਿੰਗ ਸੈਂਟਰ (ਜੇ.ਸੀ.ਬੀ.ਸੀ.) ਸਥਾਪਿਤ ਕੀਤਾ, ਜਿਸ ਦਾ ਮਕਸਦ ਗਿੱਧਾਂ ਦੀਆਂ ਤਿੰਨ ਨਸਲਾਂ, ਓਰੀਐਂਟਲ ਵਾਈਟ ਬੈਕਡ, ਲੌਂਗ ਬਿਲਡ ਅਤੇ ਸਿਲੰਡਰ ਬਿਲਡ ਦੀ ਪ੍ਰਜਾਤੀ ਨੂੰ ਵਧਾਉਣਾ ਅਤੇ ਫਿਰ ਉਨ੍ਹਾਂ ਨੂੰ ਦੁਬਾਰਾ ਖੁੱਲ੍ਹਾ ਛੱਡਣਾ ਸੀ। ਇਸ ਤੋਂ ਇਲਾਵਾ ਪਸ਼ੂ ਪਾਲਕਾਂ ਨੂੰ ਅਤੇ ਵੈਟਰਨਰੀ ਡਾਕਟਰਾਂ ਨੂੰ ਡਾਈਕਲੋਫਿਨੈਕ ਦੇ ਹਾਨੀਕਾਰਕ ਸਿੱਟਿਆਂ ਬਾਰੇ ਜਾਣਕਾਰੀ ਦੇਣੀ, ਉਸ ਦੀ ਵਰਤੋਂ ਬੰਦ ਕਰਵਾਉਣੀ ਅਤੇ ਉਸ ਦੇ ਸਥਾਨ 'ਤੇ ਨਵੀਂ ਖੋਜ ਕੀਤੀ ਮੇਲਾਕਸੀਕੈਮ ਦਵਾਈ ਦਾ ਇਸਤੇਮਾਲ ਕਰਨ ਲਈ ਪ੍ਰਚਾਰ ਕਰਨਾ ਵੀ ਇਸ ਦਾ ਉਦੇਸ਼ ਸੀ । ਇਸ ਮਹਾਨ ਕੰਮ ਲਈ ਉਨ੍ਹਾਂ ਦੀ ਪਤਨੀ ਨਿਕੀਤਾ ਪ੍ਰਕਾਸ਼ ਜੋ ਆਪ ਵੀ ਇਕ ਪੰਛੀ ਵਿਗਿਆਨੀ ਹੈ, ਦੇ ਸਹਿਯੋਗ ਨਾਲ ਇਸ ਵੇਲੇ ਇਹ ਸੈਂਟਰ ਸਫਲਤਾਪੂਰਵਕ ਗਿੱਧਾਂ ਦੀਆਂ ਪ੍ਰਜਾਤੀਆਂ ਦਾ ਪ੍ਰਜਣਨ ਅਤੇ ਇਨ੍ਹਾਂ ਦੀ ਸੰਭਾਲ ਦਾ ਕੰਮ ਕਰ ਰਿਹਾ ਹੈ।

ਇਸ ਉੱਦਮ ਵਿੱਚ ਭਾਰਤ ਸਰਕਾਰ ਦਾ ਵਾਤਾਵਰਨ ਮੰਤਰਾਲਾ, ਰਾਇਲ ਸੁਸਾਇਟੀ ਫਾਰ ਪ੍ਰੋਟੈਕਸ਼ਨ ਆਫ਼ ਬਰਡਜ਼ (ਯੂ.ਕੇ), ਇੰਟਰਨੈਸ਼ਨਲ ਸੈਂਟਰ ਫਾਰ ਬਰਡਜ਼ ਆਫ਼ ਪਰੇ (ਯੂ.ਕੇ.), ਜ਼ੁਲੋਜੀਕਲ ਸੁਸਾਇਟੀ ਆਫ਼ ਲੰਡਨ ਅਤੇ ਡਾਰਵਿਨ ਇਨੀਸ਼ਿਏਟਿਵ ਫਾਰ ਸਰਵਾਈਕਲ ਆਫ ਸਪੀਸਿਜ਼ ਵਰਗੀਆਂ ਅਹਿਮ ਸੰਸਥਾਵਾਂ ਨੇ ਵੀ ਇਸ ਸੈਂਟਰ ਦੇ ਖੁਲ੍ਹਣ ਵਿੱਚ ਤਕਨੀਕੀ ਜਾਣਕਾਰੀ ਅਤੇ ਵਿੱਤੀ ਯੋਗਦਾਨ ਪਾਇਆ ।

ਜਟਾਯੂ ਕੰਜ਼ਰਵੇਸ਼ਨ ਬਰੀਡਿੰਗ ਸੈਂਟਰ ਪਿੰਜੌਰ ਸ਼ਹਿਰ ਤੋਂ ਕਰੀਬ ਅੱਠ ਕਿਲੋਮੀਟਰ ਦੀ ਦੂਰੀ 'ਤੇ ਮੋਰਨੀ ਪਹਾੜਾਂ ਦੇ ਨਜ਼ਦੀਕ ਸਥਿਤ, ਬੀੜ ਸ਼ਿਕਾਰਗੜ੍ਹ ਵਾਈਲਡ ਲਾਈਫ਼ ਸੈਂਚਰੀ ਦੇ ਕੋਲ 5 ਏਕੜ ਵਿੱਚ ਫੈਲਿਆ ਹੋਇਆ ਹੈ। ਇਹ ਨਾਲ ਲਗਦੇ ਰਾਜਾਂ ਅਤੇ ਸਿਹਤ ਵਿਭਾਗ ਦੀ ਸਹਾਇਤਾ ਨਾਲ ਵੱਖ-ਵੱਖ ਜਾਨਵਰਾਂ ਅਤੇ ਇਨਸਾਨਾਂ 'ਤੇ ਡਾਈਕਲੋਫਿਨੈਕ ਦੇ ਨੁਕਸਾਨਦਾਇਕ ਪ੍ਰਭਾਵਾਂ ਸੰਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਦਾ ਹੈ। ਇਸ ਵੇਲੇ ਗਿੱਧਾਂ ਨੂੰ ਬਚਾਉਣ ਲਈ ਤਿੰਨ ਹੋਰ ਕੇਂਦਰ ਰਾਣੀ (ਆਸਾਮ) ਵਿੱਚ, ਬਕਸਾ (ਪੱਛਮੀ ਬੰਗਾਲ) ਵਿੱਚ ਅਤੇ ਭੋਪਾਲ (ਮੱਧ ਪ੍ਰਦੇਸ਼) ਵਿੱਚ ਵੀ ਖੋਲ੍ਹੇ ਗਏ ਹਨ ਅਤੇ ਇਸ ਤੋਂ ਇਲਾਵਾ ਜੂਨਾਗੜ੍ਹ (ਗੁਜਰਾਤ), ਨੰਦਨਕਾਨਨ (ਓਡੀਸਾ), ਹੈਦਰਾਬਾਦ (ਤੇਲੰਗਨਾ), ਮੁੱਟਾ (ਝਾਰਖੰਡ), ਵਿੱਚ ਵੀ ਗਿੱਧਾਂ ਦੀ ਸਾਂਭ-ਸੰਭਾਲ ਲਈ ਕੇਂਦਰ ਖੋਲ੍ਹੇ ਗਏ ਹਨ ।

ਜਟਾਯੂ ਕੇਂਦਰ ਪਿੰਜੌਰ ਵਿੱਚ ਬਣਾਏ ਗਏ ਪੰਜ 'ਪੰਛੀ ਘਰਾਂ' ਵਿੱਚ ਗਿੱਧਾਂ ਨੂੰ ਕੁਦਰਤੀ ਵਾਤਾਵਰਨ ਪ੍ਰਦਾਨ ਕੀਤਾ ਗਿਆ ਹੈ, ਜਿੱਥੇ ਉਹ ਆਮ ਦੀ ਤਰ੍ਹਾਂ ਝੁੰਡਾਂ ਦੇ ਰੂਪ ਵਿੱਚ ਹੀ ਰਹਿੰਦੀਆਂ ਹਨ। ਗਿੱਧਾਂ ਦੀ ਔਸਤ ਉਮਰ ਲਗਪਗ 40-50 ਸਾਲ ਹੁੰਦੀ ਹੈ। ਵੱਖ-ਵੱਖ ਉਮਰ ਸਮੂਹ ਦੀਆਂ ਗਿੱਧਾਂ ਨੂੰ ਰੱਖਣ ਲਈ ਵੱਖ-ਵੱਖ 'ਪੰਛੀ ਘਰ' ਬਣਾਏ ਗਏ ਹਨ ਅਤੇ ਵਿਸ਼ੇਸ਼ ਗੱਲ ਇਹ ਹੈ ਕਿ ਇਨ੍ਹਾਂ ਪੰਛੀ ਘਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਨਾਲ ਗਿੱਧਾਂ ਦੀਆਂ ਬਿਨਾਂ ਕਿਸੇ ਹਿਲਜੁਲ ਦੇ ਹਰ ਤਰ੍ਹਾਂ ਦੀਆਂ ਹਰਕਤਾਂ ਦਾ ਧਿਆਨ ਰੱਖਿਆ ਜਾਂਦਾ ਹੈ।

ਗਿੱਧਾਂ ਦੀ ਖ਼ੁਰਾਕ ਵਿੱਚ ਬੱਕਰੀ ਦਾ ਮੀਟ ਪਰੋਸਿਆ ਜਾਂਦਾ ਹੈ ਅਤੇ ਹਰੇਕ ਗਿੱਧ ਹਫ਼ਤੇ ਵਿੱਚ ਕਰੀਬ 3-4 ਕਿੱਲੋ ਮੀਟ ਖਾ ਜਾਂਦੀ ਹੈ। ਕਾਬਲ-ਏ-ਗ਼ੌਰ ਇਹ ਹੈ ਕਿ ਜਿਨ੍ਹਾਂ ਬੱਕਰੀਆਂ ਦਾ ਮੀਟ ਪਰੋਸਿਆ ਜਾਂਦਾ ਹੈ ਉਨ੍ਹਾਂ 'ਤੇ ਡਾਈਕਲੋਫਿਨੈਕ ਦਵਾਈ ਦੇ ਇਸਤੇਮਾਲ ਦਾ ਪਤਾ ਲਗਾਉਣ ਲਈ ਉਨ੍ਹਾਂ ਨੂੰ ਕਰੀਬ ਇਕ ਹਫ਼ਤਾ ਪਹਿਲਾਂ ਕੇਂਦਰ ਵਿੱਚ ਲਿਆ ਕੇ ਇਨ੍ਹਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾਂਦੀ ਹੈ।

ਜਟਾਯੂ ਕੰਜ਼ਰਵੇਸ਼ਨ ਬਰੀਡਿੰਗ ਸੈਂਟਰ ਵਿੱਚ ਮੌਜੂਦਾ ਸਮੇਂ 8 ਗਿੱਧ ਉਡਾਰੀ ਭਰਨ ਲਈ ਤਿਆਰ ਹਨ, ਜਿਨ੍ਹਾਂ ਨੂੰ ਦਸੰਬਰ ਮਹੀਨੇ ਵਿੱਚ ਖੁੱਲ੍ਹੇ ਅਸਮਾਨ ਵਿੱਚ ਛੱਡਿਆ ਜਾਵੇਗਾ । ਵਰਣਨਯੋਗ ਗੱਲ ਇਹ ਹੈ ਕਿ ਇਨ੍ਹਾਂ ਸਭ 'ਤੇ ਟਰਾਂਸਮੀਟਰ ਲਗਾਏ ਗਏ ਹਨ, ਜਿਸ ਨਾਲ ਇਨ੍ਹਾਂ 'ਤੇ ਉਡਾਰੀ ਭਰਨ ਤੋਂ ਬਾਅਦ ਪੂਰੀ ਨਿਗਰਾਨੀ ਰੱਖੀ ਜਾਂਦੀ ਹੈ।

ਜੇਕਰ ਇਹ ਵਿਲੱਖਣ ਪੰਛੀ ਸਾਡੀ ਧਰਤੀ ਤੋਂ ਪੂਰੀ ਤਰ੍ਹਾਂ ਅਲੋਪ ਹੋ ਜਾਣ ਤਾਂ ਇਹ ਸਾਡੇ ਲਈ ਬਹੁਤ ਹੀ ਸ਼ਰਮਨਾਕ ਗੱਲ ਹੋਵੇਗੀ । ਸਦੀਆਂ ਤੋਂ ਇਹ ਨਾ ਕੇਵਲ ਇਸ ਧਰਤੀ ਬਲਕਿ ਇਸ ਅਸਮਾਨ ਦਾ ਵੀ ਇਕ ਹਿੱਸਾ ਰਹੇ ਹਨ। ਆਓ, ਆਪਾਂ ਸਾਰੇ ਰਲ ਕੇ ਇਨ੍ਹਾਂ ਨੂੰ ਅਲੋਪ ਹੋਣ ਤੋਂ ਬਚਾਈਏ ।

—0—



# ਉੱਤਰੀ ਭਾਰਤ ਨੂੰ ਹਵਾ ਪ੍ਰਦੂਸ਼ਣ ਤੋਂ ਨਿਜਾਤ ਕਿਵੇਂ ਮਿਲੇ

**ਡਾ. ਗੁਰਿੰਦਰ ਕੌਰ**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਿੱਲੀ, ਹਰਿਆਣਾ, ਪੰਜਾਬ ਸਮੇਤ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕੁਝ ਹਿੱਸੇ ਹਵਾ ਦੇ ਖ਼ਤਰਨਾਕ ਪ੍ਰਦੂਸ਼ਣ ਧੁਆਂਖੀ ਧੁੰਦ ਦੀ ਲਪੇਟ ਵਿੱਚ ਆਏ ਹੋਏ ਹਨ। ਹਵਾ ਦੇ ਇਸ ਖ਼ਤਰਨਾਕ ਪ੍ਰਦੂਸ਼ਣ ਨਾਲ ਇਨ੍ਹਾਂ ਥਾਵਾਂ ਉੱਤੇ ਵੱਸੇ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਸਾਹ, ਐਲਰਜੀ, ਚਮੜੀ ਅਤੇ ਅੱਖਾਂ ਦੀਆਂ ਬੀਮਾਰੀਆਂ ਤੋਂ ਪੀੜਿਤ ਹਨ। ਬੱਚੇ ਅਤੇ ਬਜ਼ੁਰਗਾਂ ਦੇ ਨਾਲ-ਨਾਲ ਸਾਹ, ਦਮੇ ਅਤੇ ਐਲਰਜੀ ਦੇ ਮਰੀਜ਼ਾਂ ਦੀ ਸਥਿਤੀ ਜ਼ਿਆਦਾ ਨਾਜ਼ੁਕ ਹੈ। ਹਵਾ ਦੇ ਖ਼ਤਰਨਾਕ ਪ੍ਰਦੂਸ਼ਣ ਕਾਰਨ ਪਾਰਦਰਸ਼ਿਕਤਾ ਵਿੱਚ ਕਮੀ ਆਉਣ ਨਾਲ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿੱਚ ਵਾਹਨਾਂ ਦੇ ਆਪਸ ਵਿੱਚ ਟਕਰਾਉਣ ਨਾਲ ਸੜਕ ਹਾਦਸਿਆਂ ਵਿੱਚ ਕਈ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਾਫ਼ੀ ਲੋਕ ਜ਼ਖ਼ਮੀ ਹੋ ਗਏ ਹਨ। ਦਿੱਲੀ ਵਿੱਚ ਜ਼ਿਆਦਾ ਪ੍ਰਦੂਸ਼ਣ ਹੋਣ ਕਾਰਨ 3 ਨਵੰਬਰ ਨੂੰ ਕੌਮਾਂਤਰੀ ਹਵਾਈ ਅੱਡੇ ਤੋਂ 32 ਉਡਾਣਾਂ ਦੇ ਰੂਟ ਅੰਮ੍ਰਿਤਸਰ, ਜੈਪੁਰ, ਮੁੰਬਈ ਅਤੇ ਲਖਨਊ ਵੱਲ ਬਦਲ ਦਿੱਤੇ ਗਏ ਹਨ। ਦਿੱਲੀ ਵਿੱਚ ਹਵਾ ਦੇ ਪ੍ਰਦੂਸ਼ਣ ਦੇ ਖ਼ਤਰਨਾਕ ਪੱਧਰ ਤਕ ਪਹੁੰਚਣ ਕਾਰਨ ਸੁਪਰੀਮ ਕੋਰਟ ਵੱਲੋਂ ਗਠਿਤ ਪੈਨਲ ਨੇ ਦਿੱਲੀ ਐੱਨ. ਸੀ.ਆਰ. ਖੇਤਰ ਵਿੱਚ ਜਨਤਕ ਸਿਹਤ ਐਮਰਜੈਂਸੀ ਦਾ ਐਲਾਨ ਕਰਨ ਦੇ ਨਾਲ-ਨਾਲ ਨਿਰਮਾਣ ਕਾਰਜਾਂ, ਕੋਲ ਅਤੇ ਤੇਲ ਨਾਲ ਚੱਲਣ ਵਾਲੀਆਂ ਉਦਯੋਗਿਕ ਇਕਾਈਆਂ ਉੱਤੇ 5 ਨਵੰਬਰ ਤਕ ਪਾਬੰਦੀ ਲਗਾਉਣ ਅਤੇ ਸਕੂਲ ਬੰਦ ਰੱਖਣ ਦਾ ਆਦੇਸ਼ ਵੀ ਦੇ ਦਿੱਤਾ ਹੈ। ਇਸ ਪੈਨਲ ਨੇ ਸਰਦੀ ਦੀ ਰੁੱਤ ਵਿੱਚ ਪਟਾਕੇ ਚਲਾਉਣ ਉੱਤੇ ਪਾਬੰਦੀ ਵੀ ਲਗਾ ਦਿੱਤੀ ਹੈ। ਦਿੱਲੀ ਦੇ ਮੁੱਖ-ਮੰਤਰੀ ਕੇਜਰੀਵਾਲ ਨੇ ਸਕੂਲ ਦੇ ਬੱਚਿਆਂ ਨੂੰ ਹਵਾ ਦੇ ਪ੍ਰਦੂਸ਼ਣ ਤੋਂ ਬਚਾਉਣ ਲਈ 50 ਲੱਖ ਮਾਸਕ ਵੀ ਵੰਡੇ ਹਨ। ਇਸ ਤੋਂ ਇਲਾਵਾ ਪ੍ਰਧਾਨ-ਮੰਤਰੀ ਦਫ਼ਤਰ ਨੇ ਵੀ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਮੁੱਖ-ਸਕੱਤਰਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਨੂੰ 24 ਘੰਟੇ ਸਥਿਤੀ ਉੱਤੇ ਨਜ਼ਰ ਰੱਖਣ ਦੀ ਹਦਾਇਤ ਕੀਤੀ ਹੈ ਅਤੇ ਲਗਪਗ 300 ਟੀਮਾਂ ਨੂੰ ਹਵਾ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਤਾਇਨਾਤ ਕੀਤਾ ਗਿਆ ਹੈ।

ਹਰ ਸਾਲ ਸਰਦੀਆਂ ਦੇ ਸ਼ੁਰੂ ਵਿੱਚ ਹੀ ਦਿੱਲੀ ਸਮੇਤ ਸਾਰਾ ਉੱਤਰੀ ਭਾਰਤ ਧੂੰਆਂਖੀ ਧੁੰਦ ਦੀ ਲਪੇਟ ਵਿੱਚ ਆ ਜਾਂਦਾ ਹੈ ਅਤੇ ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਸ ਤਰ੍ਹਾਂ ਦਾ ਵਰਤਾਰਾ ਇਸ ਖੇਤਰ ਵਿੱਚ ਪਿਛਲੇ ਇਕ ਦੋ ਸਾਲਾਂ ਤੋਂ ਹੀ ਨਹੀਂ ਵਾਪਰ ਰਿਹਾ ਬਲਕਿ ਇਸ ਨੂੰ ਵਾਪਰਦੇ ਨੂੰ ਇਕ ਦਹਾਕੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਹਰ ਸਾਲ ਇਸ ਸਾਲ ਦੀ ਤਰ੍ਹਾਂ ਹੀ ਲੋਕਾਂ ਦੀਆਂ ਅੱਖਾਂ ਵਿੱਚ ਘਟਾ ਪਾਉਣ ਅਤੇ ਮੂੰਹ ਬੰਦ ਕਰਨ ਲਈ, ਛੋਟੇ-ਮੋਟੇ ਉਪਰਾਲੇ ਕਰ ਦਿੱਤੇ ਜਾਂਦੇ ਹਨ, ਜੋ ਕਿ ਹਵਾ ਦੇ ਪ੍ਰਦੂਸ਼ਣ ਤੋਂ ਨਿਜਾਤ ਪਾਉਣ ਦਾ ਕੋਈ ਪੱਕਾ ਹੱਲ ਨਹੀਂ ਹਨ।

ਦਿੱਲੀ ਵਿੱਚ ਹਵਾ ਦੇ ਪ੍ਰਦੂਸ਼ਣ ਦੀ ਖ਼ਤਰਨਾਕ ਹੱਦ ਤਕ ਪਹੁੰਚਣ ਦੀ ਪੁਸ਼ਟੀ ਹਰ ਸਾਲ ਦੁਨੀਆਂ ਦੀ ਕੋਈ ਨਾ ਕੋਈ ਖੋਜ ਏਜੰਸੀ ਕਰ ਹੀ ਦਿੰਦੀ ਹੈ। ਡਬਲਯੂ.ਐੱਚ.ਓ. ਦੀ 2012 ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਦੇ ਪਹਿਲੇ ਸਭ ਤੋਂ ਪ੍ਰਦੂਸ਼ਿਤ 20 ਸ਼ਹਿਰਾਂ ਵਿੱਚੋਂ 13 ਸਿਰਫ਼ ਭਾਰਤ ਵਿੱਚ ਪਾਏ ਗਏ ਸਨ ਅਤੇ ਦਿੱਲੀ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ, ਸ਼ਹਿਰ ਸੀ। ਇਸ ਤੋਂ ਬਾਅਦ 2014 ਵਿੱਚ ਅਮਰੀਕਾ ਦੀ ਬੇਲ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਵੀ ਦਿੱਲੀ ਸ਼ਹਿਰ ਨੂੰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਗਿਆ ਸੀ। ਲੈਂਸੈੱਟ ਨਾਂ ਦੇ ਕੌਮਾਂਤਰੀ ਰਸਾਲੇ ਵਿੱਚ ਛਪੀ ਇਕ ਖੋਜ ਅਨੁਸਾਰ ਦੁਨੀਆਂ ਵਿੱਚ 2015 ਦੌਰਾਨ ਲਗਭਗ 90 ਲੱਖ ਲੋਕਾਂ ਦੀ ਮੌਤ ਵੱਖ-ਵੱਖ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਹੋਈ ਸੀ ਅਤੇ ਇਨ੍ਹਾਂ ਮੌਤਾਂ ਵਿੱਚੋਂ 25 ਲੱਖ ਮੌਤਾਂ ਭਾਰਤ ਵਿੱਚ ਹੋਈਆਂ ਸਨ ਜੋ ਦੁਨੀਆਂ ਦੇ ਸਭ ਦੇਸ਼ਾਂ ਨਾਲੋਂ ਜ਼ਿਆਦਾ ਸਨ। ਗਰੀਨਪੀਸ ਦੀ 2019 ਦੀ ਇਕ ਖੋਜ ਅਨੁਸਾਰ ਵੀ ਦਿੱਲੀ ਦੁਨੀਆਂ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਅਤੇ ਗੁਰੂ-ਗਰਾਮ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਇਸ ਰਿਪੋਰਟ ਵਿੱਚ ਇਹ ਵੀ ਖ਼ੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਵਿੱਚ ਹਰ ਸਾਲ ਹਵਾ ਦੇ ਪ੍ਰਦੂਸ਼ਣ ਨਾਲ ਹੋਈਆਂ ਮੌਤਾਂ ਦੀ ਗਿਣਤੀ ਏਡਜ਼, ਤਪਦਿਕ, ਮਲੇਰੀਆ, ਡੇਂਗੂ ਵਰਗੀਆਂ ਨਾਮੁਰਾਦ ਬੀਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਨਾਲੋਂ ਤਿੰਨ ਗੁਣਾਂ ਜ਼ਿਆਦਾ ਹੈ। ਹਵਾ ਦੇ ਪ੍ਰਦੂਸ਼ਣ ਨਾਲ ਦਿਲ, ਸਾਹ, ਫੇਫੜਿਆਂ ਦੀਆਂ ਬੀਮਾਰੀਆਂ ਦੇ ਨਾਲ-ਨਾਲ ਚਮੜੀ ਅਤੇ ਕੈਂਸਰ ਵਰਗੀਆਂ ਲਾਇਲਾਜ ਬੀਮਾਰੀਆਂ ਵੀ ਹੋ ਜਾਂਦੀਆਂ ਹਨ। ਦਿੱਲੀ ਸ਼ਹਿਰ ਦੇ ਹਸਪਤਾਲ ਤੋਂ ਪ੍ਰਾਪਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਸ਼ਹਿਰ ਵਿੱਚ ਹਰ ਸਾਲ ਸਾਹ ਦੇ ਰੋਗਾਂ



ਨਾਲ ਪੀੜਿਤ ਮਰੀਜ਼ਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 3 ਨਵੰਬਰ, 2019 ਨੂੰ ਦਿੱਲੀ ਦਾ ਏਅਰ ਕੁਆਲਟੀ ਇੰਡੈਕਸ ਇੰਨਾ ਜ਼ਿਆਦਾ ਸੀ ਕਿ ਦਿੱਲੀ ਨੂੰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਆਂਕਿਆ ਗਿਆ।

ਦਿੱਲੀ ਅਤੇ ਐੱਨ.ਸੀ.ਆਰ. ਖੇਤਰ ਵਿੱਚ 1700 ਵਿਅਕਤੀਆਂ ਉੱਤੇ ਕੀਤੇ ਗਏ ਇਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਇੱਥੇ ਹਵਾ ਵਿੱਚ ਵਧ ਰਹੇ ਪ੍ਰਦੂਸ਼ਣ ਕਾਰਨ 40 ਫ਼ੀਸਦ ਲੋਕ ਦਿੱਲੀ ਨੂੰ ਛੱਡ ਕੇ ਜਾਣਾ ਚਾਹੁੰਦੇ ਹਨ, ਕਿਉਂਕਿ ਹਵਾ ਦੇ ਪ੍ਰਦੂਸ਼ਣ ਕਾਰਨ ਦਿੱਲੀ ਦੇ ਲਗਪਗ 60 ਫ਼ੀਸਦ ਬੱਚੇ ਫੇਫੜਿਆਂ ਦੀਆਂ ਬੀਮਾਰੀਆਂ ਤੋਂ ਪੀੜਿਤ ਹਨ। ਵੱਖ-ਵੱਖ ਖੋਜਾਂ ਦੇ ਆਧਾਰ 'ਤੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਹਵਾ ਦਾ ਪ੍ਰਦੂਸ਼ਣ ਸਾਡੇ ਦੇਸ਼ ਵਿੱਚ ਦਿਨ-ਪ੍ਰਤੀ-ਦਿਨ ਖ਼ਤਰਨਾਕ ਰੂਪ ਧਾਰਨ ਕਰਦਾ ਜਾ ਰਿਹਾ ਹੈ ਅਤੇ ਹੁਣ ਸਰਕਾਰ ਨੂੰ ਇਸ 'ਤੇ ਕਾਬੂ ਪਾਉਣ ਦੇ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

ਦਿੱਲੀ ਅਤੇ ਇਸ ਦੇ ਨਾਲ ਲੱਗਦੇ ਰਾਜਾਂ ਵਿੱਚ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨਾਂ ਵਿੱਚ ਇਸ ਖੇਤਰ ਵਿੱਚ ਵਾਹਨਾਂ ਦੀ ਵਧਦੀ ਗਿਣਤੀ, ਉਦਯੋਗ, ਇੱਟਾਂ ਦੇ ਭੱਠੇ, ਥਰਮਲ ਪਾਵਰ ਪਲਾਂਟ, ਉਸਾਰੀ ਦੇ ਕੰਮ, ਕੂੜੇ ਦੇ ਢੇਰਾਂ ਦਾ ਬਲਣਾ, ਫ਼ਸਲਾਂ ਦੀ ਰਹਿੰਦ-ਖੂੰਦ ਨੂੰ ਅੱਗ ਲਗਾਉਣਾ ਅਤੇ ਦੁਸਹਿਰੇ ਅਤੇ ਦੀਵਾਲੀ ਨੂੰ ਪਟਾਕੇ ਚਲਾਉਣਾ ਆਦਿ ਸ਼ਾਮਲ ਹਨ। ਇਹ ਸਾਰੀਆਂ ਕਿਰਿਆਵਾਂ ਹਵਾ ਵਿੱਚ ਵੱਡੀ ਮਾਤਰਾ ਵਿੱਚ ਪ੍ਰਦੂਸ਼ਿਤ ਗੈਸਾਂ, ਧੂੰਏਂ ਅਤੇ ਧੂੜ ਦੇ ਕਣ ਛੱਡਦੀਆਂ ਹਨ। ਸਰਦੀ ਵਿੱਚ ਜਦੋਂ ਰਾਤ ਦਾ ਤਾਪਮਾਨ ਘਟਣਾ ਸ਼ੁਰੂ ਹੋ ਜਾਂਦਾ ਹੈ ਤਾਂ ਮੌਸਮੀ ਅਤੇ ਭੂਗੋਲਿਕ ਸਥਿਤੀਆਂ ਵਿੱਚ ਧੂੰਏਂ ਅਤੇ ਧੂੜ ਦੇ ਕਣ ਧੁੰਦ ਨਾਲ ਮਿਲ ਕੇ ਖ਼ਾਸ ਤਰ੍ਹਾਂ ਦੀ ਧੂੰਆਂਖੀ ਧੁੰਦ ਵਿੱਚ ਤਬਦੀਲ ਹੋ ਜਾਂਦੇ ਹਨ। ਦਿੱਲੀ ਸਰਕਾਰ ਪੰਜਾਬ ਅਤੇ ਹਰਿਆਣੇ ਵਰਗੇ ਗੁਆਂਢੀ ਰਾਜਾਂ ਨੂੰ ਦਿੱਲੀ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ ਜਦੋਂਕਿ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਇਸ ਨੂੰ ਕਿਸਾਨਾਂ ਦੀ ਮਜਬੂਰੀ ਦੱਸ ਕੇ ਆਪਣਾ ਪੱਲਾ ਝਾੜਣ ਲੱਗਦੀਆਂ ਹਨ। ਅਸਲ ਵਿੱਚ ਧੂੰਆਂਖੀ ਧੁੰਦ ਦੇ ਜ਼ਿੰਮੇਵਾਰ ਸਾਡੇ ਦੇਸ਼ ਦਾ ਅਣਯੋਜਿਤ ਆਰਥਿਕ ਵਿਕਾਸ ਮਾਡਲ ਹੈ। ਦਿੱਲੀ ਵਿੱਚ ਨਿੱਜੀ ਵਾਹਨਾਂ ਦੀ ਵਧਦੀ ਅਤੇ ਜਨਤਕ ਵਾਹਨਾਂ ਦੀ ਘਟਦੀ ਗਿਣਤੀ ਹੈ। ਟਾਂਕ ਜਿਸਤ ਗੱਡੀਆਂ ਦੀ ਸਕੀਮ ਲਾਗੂ ਕਰਨ ਦੀ ਥਾਂ ਉੱਤੇ ਜਨਤਕ

ਬੱਸ ਸੇਵਾ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਜਨਤਕ ਵਾਹਨ ਵੀ ਬਿਜਲੀ ਜਾਂ ਸੌਰ ਊਰਜਾ ਨਾਲ ਚੱਲਣ ਵਾਲੇ ਹੋਣੇ ਚਾਹੀਦੇ ਹਨ। ਉਦਯੋਗਿਕ ਇਕਾਈਆਂ ਵਿੱਚ ਵਾਤਾਵਰਨ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਨਿਰਮਾਣ ਕਾਰਜਾਂ ਨੂੰ ਸਿਰਫ਼ ਧੁੰਆਂਖੀ ਧੁੰਦ ਦੇ ਦਿਨਾਂ ਵਿੱਚ ਵੀ ਉਸਾਰੀ ਵੇਲੇ ਧੂੜ, ਮਿੱਟੀ, ਰੇਤਾ ਆਦਿ ਨੂੰ ਢੱਕ ਕੇ ਰੱਖਣਾ ਅਤੇ ਉਸਾਰੀ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ।

ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਧਾਨ ਦੀ ਫ਼ਸਲ ਦੀ ਥਾਂ ਉੱਤੇ ਕੇਂਦਰ ਸਰਕਾਰ ਨੂੰ ਮੱਕੀ, ਕਪਾਹ, ਨਰਮਾ ਆਦਿ ਫ਼ਸਲਾਂ ਦਾ ਉਚਿਤ ਮੁੱਲ ਨਿਰਧਾਰਤ ਕਰਕੇ ਅਤੇ ਉਨ੍ਹਾਂ ਦੀ ਖ਼ਰੀਦ ਨੂੰ ਯਕੀਨੀ ਬਣਾਉਂਦੇ ਹੋਏ ਧਾਨ ਦੀ ਫ਼ਸਲ ਤੋਂ ਖਹਿੜਾ ਛੁਡਵਾਉਣਾ ਚਾਹੀਦਾ ਹੈ, ਜਿਸ ਨਾਲ ਨਾ ਤਾਂ ਝੋਨੇ ਦੀ ਰਹਿੰਦ-ਖੂੰਦ ਹੋਵੇਗੀ ਅਤੇ ਨਾ ਹੀ ਕਿਸਾਨਾਂ ਨੂੰ ਉਸਨੂੰ ਅੱਗ ਲਗਾਉਣੀ ਪਵੇਗੀ । ਜੇਕਰ ਸਰਕਾਰ ਉਸ ਨੂੰ ਲਾਗੂ ਕਰਨ ਤੋਂ ਹਾਲ ਦੀ ਘੜੀ ਅਸਮਰੱਥ ਹੈ ਤਾਂ ਕਿਸਾਨਾਂ ਨੂੰ ਪਰਾਲੀ ਨੂੰ ਸਮੇਟਣ ਲਈ ਸਸਤੀਆਂ ਦਰਾਂ ਉੱਤੇ ਅਜਿਹੀ ਮਸ਼ੀਨਰੀ  ਮੁਹੱਈਆ ਕਰਵਾਏ, ਜਿਸ ਨਾਲ ਉਹ ਫ਼ਸਲਾਂ ਦੀ ਰਹਿੰਦ-ਖੂੰਦ ਤੋਂ ਖਾਦ, ਪਸ਼ੂਆਂ ਲਈ ਚਾਰਾ ਆਦਿ ਬਣਾ ਸਕਣ, ਨਾ ਕਿ ਉਸ ਨੂੰ ਸਾੜ ਕੇ ਵਾਤਾਵਰਨ ਨੂੰ ਗੰਧਲਾ ਕਰਕੇ ਬੀਮਾਰੀਆਂ ਵਿੱਚ ਵਾਧਾ ਕਰਕੇ ਆਪਣੀ ਅਤੇ ਹੋਰ ਲੋਕਾਂ ਦੀ ਸਿਹਤ ਖ਼ਰਾਬ ਕਰਨ । ਸਰਕਾਰ ਨੂੰ ਚਾਹੀਦਾ ਹੈ ਕਿ ਹਰ ਇਕ ਤਿਉਹਾਰ ਜਿਵੇਂ ਦੀਵਾਲੀ, ਦੁਸਹਿਰੇ, ਵਿਆਹਾਂ ਅਤੇ ਹੋਰ ਧਾਰਮਿਕ ਸਮਾਗਮਾਂ ਮੌਕੇ ਪਟਾਕਿਆਂ ਉੱਤੇ ਪੂਰਨ ਤੌਰ ’ਤੇ ਰੋਕ ਲਗਾਉਣੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਲਗਾਤਾਰ ਵਧਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣਾ ਸਰਕਾਰੀ ਜ਼ਿੰਮੇਵਾਰੀ ਦੇ ਨਾਲ-ਨਾਲ ਸਾਡੇ ਨਿੱਜੀ ਅਤੇ ਸਮੂਹਿਕ ਕਿਰਦਾਰ ਦਾ ਵੀ ਸਵਾਲ ਹੈ। ਇਸ ਲਈ ਸਾਨੂੰ ਕਿਸੇ ਵੀ ਤਰ੍ਹਾਂ ਦਾ ਪ੍ਰਦੂਸ਼ਣ ਪੈਦਾ ਨਹੀਂ ਕਰਨਾ ਚਾਹੀਦਾ, ਤਾਂ ਕਿ ਸਾਰੇ ਲੋਕ ਸਾਫ਼ ਵਾਤਾਵਰਨ ਵਿੱਚ ਸਾਹ ਲੈ ਕੇ ਸਿਹਤਮੰਦ ਜ਼ਿੰਦਗੀ ਦਾ ਆਨੰਦ ਮਾਣ ਸਕਣ ।

ਪ੍ਰੋ: ਭੂਗੋਲ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।
ਮੋ: 99156-82196

(ਰੋਜ਼ਾਨਾ ਪੰ: ਟ੍ਰਿ: 08 ਨਵੰਬਰ 2019 ’ਚੋਂ ਧੰਨਵਾਦ ਸਹਿਤ !)



## ਚਿੰਤਾ ਦਾ ਵਿਸ਼ਾ ਹੈ ਸ਼ਹਿਰਾਂ ਵਿੱਚ ਵਧ ਰਿਹਾ ਪ੍ਰਦੂਸ਼ਣ

**—ਡਾ: ਗੁਰਿੰਦਰ ਕੌਰ**

ਸੰਯੁਕਤ ਰਾਸ਼ਟਰ ਦੀ ‘ਵਿਸ਼ਵ ਸਿਹਤ ਸੰਸਥਾ’ ਵੱਲੋਂ ਹਾਲ ਵਿੱਚ ਹੀ ਦੁਨੀਆਂ ਦੇ ਪ੍ਰਦੂਸ਼ਿਤ ਸ਼ਹਿਰਾਂ ਸੰਬੰਧੀ ਜਾਰੀ ਕੀਤੀ ਗਈ ਇਕ ਰਿਪੋਰਟ ਭਾਰਤੀਆਂ ਲਈ ਅਤੇ ਭਾਰਤ ਲਈ ਖ਼ਤਰੇ ਦੀ ਘੰਟੀ ਵਜਾਉਂਦੀ ਕਹਿ ਰਹੀ ਹੈ ਕਿ ਹਾਲੇ ਵੀ ਹੋਸ਼ ਵਿੱਚ ਆ ਜਾਓ ਅਤੇ ਵਾਤਾਵਰਨ ਦੇ ਨਾਲ-ਨਾਲ ਭਾਰਤ-ਵਾਸੀਆਂ ਦੀ ਹੋਂਦ ਨੂੰ ਵੀ ਬਚਾ ਲਓ।ਇਸ ਸੰਸਥਾ ਦੁਆਰਾ ਦੁਨੀਆਂ ਦੇ 91 ਦੇਸ਼ਾਂ ਦੇ 1600 ਸ਼ਹਿਰਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਅਨੁਸਾਰ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ ਪਹਿਲੇ 20 ਸ਼ਹਿਰਾਂ ਵਿੱਚੋਂ 13 ਸਾਡੇ ਦੇਸ਼ (ਭਾਰਤ ਮਹਾਨ) ਵਿੱਚ ਹਨ, ਜਿਨ੍ਹਾਂ ਵਿੱਚੋਂ ਤਿੰਨ ਲੁਧਿਆਣਾ, ਅੰਮ੍ਰਿਤਸਰ ਅਤੇ ਖੰਨਾ ਪੰਜਾਬ ਵਿੱਚ ਹਨ। ਇਸ ਰਿਪੋਰਟ ਅਨੁਸਾਰ ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਇਸ ਤੋਂ ਪਹਿਲਾਂ ਯੂ.ਐਸ.ਏ. ਦੀ ਯੇਲ ਯੂਨੀਵਰਸਿਟੀ ਅਤੇ ਵਰਲਡ ਬੈਂਕ ਦੀਆਂ ਪ੍ਰਦੂਸ਼ਣ ਸੰਬੰਧੀ ਰਿਪੋਰਟਾਂ ਨੇ ਵੀ ਦਿੱਲੀ ਨੂੰ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਸੀ, ਪਰ ਉਦੋਂ ਭਾਰਤ ਸਰਕਾਰ ਨੇ ਇਨ੍ਹਾਂ ਰਿਪੋਰਟਾਂ ਉੱਤੇ ਸ਼ੰਕਾ ਜ਼ਾਹਿਰ ਕੀਤੀ ਸੀ।

ਦਿੱਲੀ ਦੀ ਹਵਾ ਵਿੱਚ ਪੀ.ਐਮ. (ਪਾਰਟੀਕੁਲੇਟ ਮੈਟਰ) 25 ਭਾਵ ਸਾਹ ਨਾਲ ਅੰਦਰ ਜਾਣ ਵਾਲੇ ਧੂੰਏਂ ਅਤੇ ਮਿੱਟੀ ਦੇ ਬਾਰੀਕ ਕਣਾਂ ਦੀ ਘਣਤਾ ਦਿੱਲੀ ਵਿੱਚ ਸਭ ਤੋਂ ਵੱਧ ਹੈ। ਇਨ੍ਹਾਂ ਦੀ ਦਿੱਲੀ ਵਿੱਚ ਘਣਤਾ 153 ਮਾਈਕਰੋਗਰਾਮ ਪ੍ਰਤੀ ਘਣ ਮੀਟਰ ਹੈ, ਜੋ ਬਹੁਤ ਘਾਤਕ ਮੰਨੀ ਜਾਂਦੀ ਹੈ। ਇਹ ਵਿਸ਼ਵ ਸਿਹਤ ਸੰਸਥਾ ਦੇ ਨਿਸ਼ਚਿਤ ਮਿਆਰ 25 ਮਾਈਕਰੋਗਰਾਮ ਤੋਂ 6 ਗੁਣਾਂ ਤੋਂ ਵੀ ਵੱਧ ਹੈ। ਏਸ਼ੀਆ ਦੇ ਦੂਜੇ ਸੰਘਣੀ ਆਬਾਦੀ ਵਾਲੇ ਸ਼ਹਿਰਾਂ ਵਿੱਚ ਵੀ ਦਿੱਲੀ ਦੇ ਮੁਕਾਬਲੇ ਪ੍ਰਦੂਸ਼ਣ ਘੱਟ ਹੈ। ਪਾਕਿਸਤਾਨ ਦੇ ਕਰਾਚੀ ਸ਼ਹਿਰ ਵਿੱਚ ਪ੍ਰਦੂਸ਼ਣ 117 ਜਦਕਿ ਚੀਨ ਦੇ ਬੀਜਿੰਗ ਸ਼ਹਿਰ ਵਿੱਚ 56 ਅਤੇ ਸ਼ੰਘਾਈ ਵਿੱਚ ਸਿਰਫ਼ 36 ਮਾਈਕਰੋਗਰਾਮ ਪ੍ਰਤੀ ਘਣ ਮੀਟਰ ਹੈ। ਫਰਾਂਸ ਦਾ ਖ਼ੂਬਸੂਰਤ ਸ਼ਹਿਰ ਪੈਰਿਸ ਇਸੇ ਸਾਲ ਮਾਰਚ ਮਹੀਨੇ ਵਿੱਚ ਕਾਫ਼ੀ ਦਿਨਾਂ ਤਕ ਹਵਾ ਦੇ ਪ੍ਰਦੂਸ਼ਣ ਕਾਰਨ ਧੁੰਆਂਖੀ ਧੁੰਦ ਦੀ ਮਾਰ ਝੱਲਦਾ ਰਿਹਾ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੀ ਸਰਕਾਰ ਭਾਵੇਂ ਆਰਥਿਕ ਵਿਕਾਸ ਦੀ ਉੱਚ ਦਰ ਦੇ ਸੋਹਲੇ ਗਾਉਂਦੀ ਨਹੀਂ ਥੱਕਦੀ ਪਰ ਅਜਿਹਾ ਵਿਕਾਸ ਕਿਸ

ਕੰਮ ਜਿਸ ਨਾਲ ਆਮ ਆਦਮੀ ਸਾਫ਼ ਹਵਾ ਵਿੱਚ ਸਾਹ ਵੀ ਨਾ ਲੈ ਸਕੇ। ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਪਹਿਲੇ ਚਾਰ ਸ਼ਹਿਰ (ਦਿੱਲੀ, ਪਟਨਾ, ਗਵਾਲੀਅਰ ਅਤੇ ਰਾਏਪੁਰ) ਭਾਰਤ ਵਿੱਚ ਹਨ।

ਇਸ ਤੋਂ ਬਿਨਾਂ ਅਹਿਮਦਾਬਾਦ ਨੌਵੇਂ, ਲਖਨਊ ਦਸਵੇਂ, ਫਿਰੋਜ਼ਾਬਾਦ ਗਿਆਰਵੇਂ, ਕਾਨ੍ਹਪੁਰ ਤੇਰਵੇਂ, ਅੰਮ੍ਰਿਤਸਰ ਚੌਦਵੇਂ, ਲੁਧਿਆਣਾ ਪੰਦਰਵੇਂ, ਅਲਾਹਾਬਾਦ ਅਠਾਰਵੇਂ, ਆਗਰਾ ਉਨ੍ਹੀਵੇਂ ਅਤੇ ਖੰਨਾ ਵੀਹਵੇਂ ਨੰਬਰ ਉੱਤੇ ਹੈ। ਪਹਿਲੇ ਵੀਹਾਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ ਬਾਕੀ ਦੇ ਪ੍ਰਦੂਸ਼ਿਤ ਸ਼ਹਿਰ—ਪਾਕਿਸਤਾਨ, ਬੰਗਲਾਦੇਸ਼ ਅਤੇ ਦੱਖਣੀ ਅਫਰੀਕਾ ਵਿੱਚ ਹਨ, ਜਦੋਂ ਕਿ ਸਭ ਤੋਂ ਘੱਟ ਪ੍ਰਦੂਸ਼ਣ ਵਾਲੇ ਦੇਸ਼ਾਂ ਵਿੱਚ ਕੈਨੇਡਾ, ਆਈਸਲੈਂਡ, ਫਿਨਲੈਂਡ ਤੇ ਸਵੀਡਨ ਆਦਿ ਹਨ। ਦੁਨੀਆਂ ਦੇ 65 ਫ਼ੀ ਸਦੀ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਸਾਡੇ ਦੇਸ਼ ਵਿੱਚ ਹਨ ਜਿਨ੍ਹਾਂ ਵਿੱਚੋਂ 23 ਫ਼ੀ ਸਦੀ ਪੰਜਾਬ ਅਤੇ 38 ਫੀ ਸਦੀ ਉੱਤਰ-ਪ੍ਰਦੇਸ਼ ਵਿੱਚ ਹਨ। ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨ ਡੀਜ਼ਲ ਨਾਲ ਚੱਲਣ ਵਾਲੇ ਵਾਹਨਾਂ ਦੀ ਵਧਦੀ ਗਿਣਤੀ, ਉਦਯੋਗਿਕ ਇਕਾਈਆਂ, ਵਿਕਾਸ ਦੇ ਨਾਂ ਉੱਤੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਉਸਾਰੀ ਦੇ ਕੰਮ, ਭੱਠਿਆਂ ਅਤੇ ਥਰਮਲ ਪਲਾਂਟਾਂ 'ਚੋਂ ਨਿਕਲਦਾ ਧੂੰਆਂ, ਖੁੱਲ੍ਹੇ ਥਾਂ ਉੱਤੇ ਖਾਣਾ ਪਕਾਉਣਾ ਅਤੇ ਖੇਤੀ ਦੇ ਤਰ੍ਹਾਂ-ਤਰ੍ਹਾਂ ਦੇ ਕੰਮ ਜਿਵੇਂ ਵਾਹੀ, ਫ਼ਸਲਾਂ ਦੀ ਕਟਾਈ ਅਤੇ ਖੇਤਾਂ ਵਿੱਚ ਕਣਕ ਅਤੇ ਝੋਨੇ ਦੇ ਨਾੜ ਨੂੰ ਅੱਗ ਲਾਉਣਾ ਆਦਿ।

ਸਾਲ 2012 ਵਿੱਚ ਵਿਸ਼ਵ ਸਿਹਤ ਸੰਸਥਾ ਅਨੁਸਾਰ ਹਵਾ ਦੇ ਪ੍ਰਦੂਸ਼ਣ ਕਾਰਨ ਸਾਰੀ ਦੁਨੀਆਂ ਦੇ 70 ਲੱਖ ਲੋਕਾਂ ਦੀ ਮੌਤ ਹੋ ਗਈ ਸੀ। ਵਿਸ਼ਵ ਸਿਹਤ ਸੰਸਥਾ ਦੀ ਮੁਖੀ ਮਾਰੀਆ ਨੀਰਾ ਨੇ ਦੱਸਿਆ ਹੈ ਕਿ ਹਵਾ ਦਾ ਪ੍ਰਦੂਸ਼ਣ ਹੁਣ ਵਾਤਾਵਰਨ ਨਾਲ ਸੰਬੰਧਿਤ ਸਭ ਤੋਂ ਵੱਡੀ ਸਮੱਸਿਆ ਹੈ। ਵਿਸ਼ਵ ਸਿਹਤ ਸੰਸਥਾ ਦੀ ਇੱਕ ਖੋਜ ਅਨੁਸਾਰ ਸਾਲ 2012 ਵਿੱਚ ਸੰਸਾਰ ਭਰ ਵਿੱਚ ਅੱਠ ਵਿਅਕਤੀਆਂ ਵਿੱਚੋਂ ਇਕ ਵਿਅਕਤੀ ਦੀ ਮੌਤ ਦਾ ਸੰਬੰਧ ਹਵਾ ਪ੍ਰਦੂਸ਼ਣ ਨਾਲ ਹੈ। ਹਵਾ ਪ੍ਰਦੂਸ਼ਣ ਕਾਰਨ ਦਿਲ, ਫੇਫੜਿਆਂ, ਗੁਰਦਿਆਂ, ਸਾਹ, ਖੰਘ, ਦਮਾ ਅਤੇ ਕੈਂਸਰ ਆਦਿ ਵਰਗੀਆਂ ਨਾਮੁਰਾਦ ਬੀਮਾਰੀਆਂ ਲੱਗ ਜਾਂਦੀਆਂ ਹਨ। ਵਿਸ਼ਵ ਸਿਹਤ ਸੰਸਥਾ ਦੀ ਇਸੇ ਰਿਪੋਰਟ ਅਨੁਸਾਰ ਭਾਰਤ ਵਿੱਚ ਹਵਾ ਪ੍ਰਦੂਸ਼ਣ ਮੌਤ ਦਾ ਸਭ ਤੋਂ ਵੱਡਾ ਪੰਜਵਾਂ ਕਾਰਨ ਹੈ।



ਸੰਨ 2000 ਵਿੱਚ ਭਾਰਤ ਦੇ ਇੱਕ ਲੱਖ ਲੋਕ ਹਵਾ ਪ੍ਰਦੂਸ਼ਣ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਸਨ, ਪਰ ਸੰਨ 2010 ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 6.2 ਲੱਖ ਹੋ ਗਈ। ਗਲੋਬਲ ਬਰਡਨ ਆਫ ਡੀਸੀਸਿਜ਼ ਦੁਆਰਾ ਸੰਨ 2013 ਵਿੱਚ ਕੀਤੇ ਇਕ ਸਰਵੇ ਅਨੁਸਾਰ ਤੰਬਾਕੂਨੋਸ਼ੀ, ਕੁਪੋਸ਼ਣ ਅਤੇ ਬਲੱਡ-ਪ੍ਰੈਸ਼ਰ ਤੋਂ ਬਾਅਦ ਪ੍ਰਦੂਸ਼ਿਤ ਹਵਾ ਭਾਰਤੀ ਲੋਕਾਂ ਲਈ ਸਭ ਤੋਂ ਵੱਧ ਜਾਨ-ਲੇਵਾ ਸਾਬਤ ਹੋ ਰਹੀ ਹੈ। ਹਰ ਪੰਜਵਾਂ ਭਾਰਤੀ ਹਵਾ ਦੇ ਪ੍ਰਦੂਸ਼ਣ ਕਰਕੇ ਸਮੇਂ ਤੋਂ ਪਹਿਲਾਂ ਮੌਤ ਦੇ ਮੂੰਹ ਵਿੱਚ ਚਲਾ ਜਾਂਦਾ ਹੈ। ਦਿੱਲੀ ਦੀ ਆਲ ਇੰਡੀਆ ਮੈਡੀਕਲ ਇੰਸਟੀਚਿਊਟ, ਵਲਭ ਭਾਈ ਪਟੇਲ ਚੈਸਟ ਇੰਸਟੀਚਿਊਟ ਅਤੇ ਸੇਂਟ ਸਟੀਫ਼ਨਜ਼ ਵਰਗੇ ਹਸਪਤਾਲਾਂ ਦੇ ਡਾਕਟਰਾਂ ਦੀਆਂ ਖੋਜਾਂ ਅਨੁਸਾਰ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਸਰਦੀਆਂ ਵਿੱਚ ਹਸਪਤਾਲਾਂ ਵਿੱਚ ਸਾਹ, ਫੇਫੜਿਆਂ ਅਤੇ ਦਿਲ ਦੇ ਰੋਗੀਆਂ ਦੀ ਗਿਣਤੀ 20 ਤੋਂ 30 ਫੀਸਦੀ ਤਕ ਵਧ ਜਾਂਦੀ ਹੈ। ਪ੍ਰਦੂਸ਼ਿਤ ਇਲਾਕਿਆਂ ਵਿੱਚ ਰਹਿਣ ਵਾਲੇ ਬੱਚਿਆਂ ਵਿੱਚ ਵਿਟਾਮਿਨ-ਡੀ ਦੀ ਕਮੀ ਪਾਈ ਜਾਂਦੀ ਹੈ। ਹਵਾ ਦਾ ਪ੍ਰਦੂਸ਼ਣ ਚਮੜੀ ਅਤੇ ਅੱਖਾਂ ਦੇ ਰੋਗਾਂ ਵਿੱਚ ਵੀ ਭਾਰੀ ਵਾਧਾ ਕਰਦਾ ਹੈ।

ਅਸਲ ਵਿੱਚ ਹਵਾ ਦਾ ਪ੍ਰਦੂਸ਼ਣ ਸਰਕਾਰ ਦੁਆਰਾ ਸਨਅਤੀਕਰਨ ਦਾ ਗ਼ਲਤ ਮਾਡਲ ਅਪਨਾਉਣ ਕਰਕੇ ਹੈ, ਜਿਸ ਰਾਹੀਂ ਸਰਕਾਰ ਦੇਸ਼ ਦੇ ਕੁਝ ਕੁ ਕਾਰਪੋਰੇਟ ਘਰਾਣਿਆਂ ਨੂੰ ਵੱਧ ਤੋਂ ਵੱਧ ਸਬਸਿਡੀਆਂ ਦੇ ਕੇ ਸਨਅਤਾਂ ਲਗਾਉਣ ਲਈ ਉਤਸ਼ਾਹਿਤ ਕਰ ਰਹੀ ਹੈ ਅਤੇ ਸਨਅਤਕਾਰ ਵਾਤਾਵਰਨ ਨੂੰ ਸਾਫ-ਸੁਥਰਾ ਬਣਾਈ ਰੱਖਣ ਵਾਲੇ ਯੰਤਰ ਨਹੀਂ ਲਗਾਉਂਦੇ। ਵਾਤਾਵਰਨ ਪ੍ਰੇਮੀਆਂ ਦੇ ਵਿਰੋਧ ਕਰਨ ਉੱਤੇ ਵੀ ਸਰਕਾਰ ਨੇ ਮਥੁਰਾ ਤੇਲ ਸੋਧਕ ਕਾਰਖ਼ਾਨੇ ਸੰਬੰਧੀ ਆਪਣਾ ਫ਼ੈਸਲਾ ਨਹੀਂ ਬਦਲਿਆ ਭਾਵੇਂ ਉਸਦੇ ਧੂੰਏਂ ਨਾਲ ਤਾਜ-ਮਹੱਲ ਨੂੰ ਅੱਜ ਵੀ ਬਹੁਤ ਨੁਕਸਾਨ ਹੋ ਰਿਹਾ ਹੈ। ਅਸਲ ਵਿੱਚ ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਸਨਅਤਕਾਰਾਂ ਖ਼ਿਲਾਫ਼ ਸਖ਼ਤੀ ਨਾਲ ਕਾਰਵਾਈ ਕਰੇ ਅਤੇ ਵਾਹਨਾਂ ਦੀ ਵਧਦੀ ਗਿਣਤੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾ ਕੇ ਸਮਾਂ-ਨਿਰਧਾਰਤ ਉਪਰਾਲੇ ਕਰੇ।

ਚੀਨ ਵਾਂਗ ਨਿੱਜੀ ਕਾਰਾਂ ਦਾ ਸਾਲ ਭਰ ਦਾ ਨਿਯਮਤ ਕੋਟਾ ਨਿਰਧਾਰਤ ਕਰਕੇ ਵੀ ਨਿੱਤ ਵਧਦੇ ਨਿੱਜੀ ਵਾਹਨਾਂ ਦੀ ਗਿਣਤੀ ਉੱਤੇ ਕਾਬੂ ਪਾਇਆ ਜਾ ਸਕਦਾ ਹੈ। ਫਰਾਂਸ ਸਰਕਾਰ ਵਾਂਗ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਲੋਕਾਂ ਲਈ ਹਫ਼ਤੇ ਦੇ ਆਖ਼ਰੀ ਦਿਨਾਂ ਵਿੱਚ (ਛੁੱਟੀ ਵਾਲੇ

ਦਿਨ) ਆਵਾਜਾਈ ਦੇ ਜਨਤਕ ਸਾਧਨ ਮੁਫ਼ਤ ਵਿੱਚ ਉਪਲਬਧ ਕਰਾਏ ਜਾਣ। ਜਨਤਕ ਵਾਹਨਾਂ ਨੂੰ ਠੀਕ ਹਾਲਤ ਵਿੱਚ ਚਲਾਉਣਾ ਯਕੀਨੀ ਬਣਾਏ ਅਤੇ ਇਨ੍ਹਾਂ ਦੀ ਗਿਣਤੀ ਵਿੱਚ ਜਨਤਾ ਦੀ ਲੋੜ ਅਨੁਸਾਰ ਵਾਧਾ ਕਰੇ। ਸਰਕਾਰ ਜਨਤਕ ਵਾਹਨਾਂ ਦੇ ਚੱਕਰਾਂ ਵਿੱਚ ਵਾਧਾ ਕਰਨ ਦੇ ਨਾਲ-ਨਾਲ ਇਨ੍ਹਾਂ ਵਾਹਨਾਂ ਦੀ ਪਹੁੰਚ ਸ਼ਹਿਰ ਦੇ ਕੋਨੇ-ਕੋਨੇ ਤਕ ਯਕੀਨੀ ਬਣਾਵੇ।

ਪੈਦਲ ਚੱਲਣ ਵਾਲਿਆਂ ਅਤੇ ਸਾਈਕਲਾਂ ਦੀ ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਇਆ ਜਾਵੇ। ਟੁੱਟੇ ਅਤੇ ਪੁਰਾਣੇ ਵਾਹਨ ਜਿਹੜੇ ਜ਼ਿਆਦਾ ਪ੍ਰਦੂਸ਼ਣ ਫੈਲਾਉਂਦੇ ਹਨ, ਨੂੰ ਕਾਨੂੰਨ ਬਣਾ ਕੇ ਸੜਕਾਂ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ। ਉਦਯੋਗਿਕ ਇਕਾਈਆਂ ਵਿੱਚ ਹਵਾ ਸ਼ੁੱਧਤਾ ਵਾਲੇ ਯੰਤਰ ਲਗਾਉਣੇ ਯਕੀਨੀ ਬਣਾ ਕੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣਾ ਚਾਹੀਦਾ ਹੈ। ਦੇਸ਼ ਦਾ ਉਹ ਆਰਥਿਕ ਵਿਕਾਸ ਕਿਸ ਕੰਮ ਲਈ ਜਿਸ ਵਿੱਚ ਲੋਕ ਸਾਹ ਲੈਣ ਲਈ ਵੀ ਤਰਸ ਜਾਣ ਅਤੇ ਅਣਿਆਈ ਮੌਤ ਮਰ ਜਾਣ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਜਦੋਂ ਵੀ ਆਰਥਿਕ ਵਿਕਾਸ ਲਈ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਤਾਂ ਵਾਤਾਵਰਨ ਸ਼ੁੱਧਤਾ ਦਾ ਪੂਰਾ ਧਿਆਨ ਰੱਖਿਆ ਜਾਵੇ, ਨਹੀਂ ਤਾਂ ਭਾਰਤ ਵਿੱਚ ਇਹ ਵਾਤਾਵਰਨ ਪ੍ਰਦੂਸ਼ਣ ਮਨੁੱਖਾਂ ਦੀ ਹੋਂਦ ਲਈ ਬਹੁਤ ਘਾਤਕ ਸਿੱਧ ਹੋ ਜਾਵੇਗਾ।

ਪ੍ਰੋ: ਭੂਗੋਲ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।
ਮੋ: 99156-82196
response@punjabi.jagran.com

(ਰੋਜ਼ਾਨਾ ਪੰ: ਜਾ: 15-05-2014 'ਚੋਂ ਧੰਨਵਾਦ ਸਹਿਤ !)



## ਧਰਤੀ ਅਤੇ ਲੋਕਾਂ ਦੀ ਸਿਹਤ ਨੂੰ ਕਿਵੇਂ ਬਚਾਇਆ ਜਾਵੇ ?

**ਡਾ: ਗੁਰਿੰਦਰ ਕੌਰ**

ਸੰਯੁਕਤ ਰਾਸ਼ਟਰ ਦੀ 'ਗਲੋਬਲ ਇਨਵਾਇਰਨਮੈਂਟਲ ਆਊਟਲੁੱਕ' ਦੀ ਛੇਵੀਂ ਰਿਪੋਰਟ '**ਸਿਹਤਮੰਦ ਗ੍ਰਹਿ, ਸਿਹਤਮੰਦ ਲੋਕ**' ਦੇ ਸਿਰਲੇਖ ਹੇਠ ਮਾਰਚ 2019 ਵਿੱਚ ਛਪੀ ਹੈ । ਇਸ ਰਿਪੋਰਟ ਵਿੱਚ ਵਿਗਿਆਨੀਆਂ ਨੇ ਧਰਤੀ ਉੱਪਰਲੇ ਵਾਤਾਵਰਨ ਵਿੱਚ ਮਨੁੱਖੀ ਸਰਗਰਮੀਆਂ ਕਾਰਨ ਆ ਰਹੀਆਂ ਅਣਕਿਆਸੀਆਂ ਤਬਦੀਲੀਆਂ ਅਤੇ ਉਨ੍ਹਾਂ ਨਾਲ ਪੈਦਾ ਹੋਏ ਵਿਗਾੜਾਂ ਬਾਰੇ ਗੰਭੀਰ ਚਿੰਤਾ ਪ੍ਰਗਟਾਉਂਦਿਆਂ ਧਰਤੀ ਅਤੇ ਇਸ ਉੱਤੇ ਵਿਚਰ ਰਹੇ ਹਰ ਪ੍ਰਕਾਰ ਦੇ ਜੈਵਿਕਾਂ ਦੀ ਹੋਂਦ ਅਤੇ ਉਨ੍ਹਾਂ ਦੇ ਸਿਹਤਮੰਦ ਜੀਵਨ ਲਈ ਛੇਤੀ-ਛੇਤੀ ਉਪਰਾਲੇ ਕਰਨ ਲਈ ਪੁਰਜ਼ੋਰ ਸਿਫ਼ਾਰਸ਼ ਕੀਤੀ ਹੈ। ਇਸ ਰਿਪੋਰਟ ਦੇ ਨਤੀਜੇ ਵਿਗਿਆਨੀਆਂ ਦੀਆਂ ਦੁਨੀਆਂ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਗਈਆਂ ਖੋਜਾਂ ਉੱਤੇ ਅਧਾਰਤ ਹਨ । ਇਸ ਰਿਪੋਰਟ ਵਿੱਚ ਧਰਤੀ ਅਤੇ ਲੋਕਾਂ ਦੀ ਸਿਹਤ ਦੀ ਮੌਜੂਦਾ ਸਥਿਤੀ, ਧਰਤੀ ਦੇ ਵਾਤਾਵਰਨ ਵਿੱਚ ਆਏ ਵਿਗਾੜਾਂ ਕਾਰਨ ਲੋਕਾਂ ਦੇ ਰਹਿਣ-ਸਹਿਣ ਅਤੇ ਹੋਰ ਜੈਵਿਕਾਂ ਦੀ ਜ਼ਿੰਦਗੀ ਉੱਤੇ ਪੈ ਰਹੇ ਪ੍ਰਭਾਵਾਂ ਦਾ ਵੀ ਵਿਸਥਾਰਪੂਰਵਕ ਅਧਿਐਨ ਕੀਤਾ ਗਿਆ ਹੈ। ਇਸ ਰਿਪੋਰਟ ਵਿੱਚ ਧਰਤੀ ਉੱਪਰਲੇ ਹਰ ਤਰ੍ਹਾਂ ਦੇ ਈਕੋ ਸਿਸਟਮ (ਵਾਤਾਵਰਨ ਪ੍ਰਣਾਲੀ) ਵਿੱਚ ਆ ਰਹੇ ਵਿਗਾੜਾਂ ਦੇ ਕਾਰਨਾਂ, ਕਾਰਕਾਂ ਅਤੇ ਉਨ੍ਹਾਂ ਦੇ ਚੰਗੇ-ਮਾੜੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਸੁਝਾਅ ਵੀ ਦਿੱਤੇ ਗਏ ਹਨ।

ਇਸ ਰਿਪੋਰਟ ਅਨੁਸਾਰ ਧਰਤੀ ਦੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਕਾਰਕ ਅਤੇ ਕਾਰਨ ਤੇਜ਼ੀ ਨਾਲ ਵਧਦੀ ਮਨੁੱਖੀ ਆਬਾਦੀ, ਸ਼ਹਿਰੀਕਰਨ, ਆਰਥਿਕ ਵਿਕਾਸ, ਤਕਨੀਕੀ, ਉੱਨਤੀ ਅਤੇ ਮੌਸਮੀ ਤਬਦੀਲੀਆਂ ਹਨ। 1955 ਵਿੱਚ ਦੁਨੀਆਂ ਦੀ ਅਬਾਦੀ ਸਿਰਫ਼ 2.7 ਬਿਲੀਅਨ ਸੀ ਜਿਹੜੀ 2019 ਤਕ (5 ਬਿਲੀਅਨ ਵਧ ਕੇ) 7.7 ਬਿਲੀਅਨ ਹੋ ਗਈ ਹੈ ਅਤੇ ਇਸੇ ਸਮੇਂ ਵਿੱਚ ਸ਼ਹਿਰੀ ਅਬਾਦੀ 32 ਫ਼ੀ ਸਦੀ ਤੋਂ ਵਧ ਕੇ 50 ਫ਼ੀ ਸਦੀ ਹੋ ਗਈ ਹੈ। ਇਸ ਵਧਦੀ ਹੋਈ ਅਬਾਦੀ ਲਈ ਰਹਿਣ ਲਈ ਥਾਂ, ਖਾਣ ਲਈ ਅਨਾਜ ਅਤੇ ਜ਼ਿੰਦਗੀ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਹੌਲੀ-ਹੌਲੀ ਜੰਗਲ ਅਤੇ ਹੋਰ ਬਨਸਪਤੀ ਤੇਜ਼ੀ ਨਾਲ ਵੱਢੀ ਜਾਣ ਲੱਗੀ ਹੈ ਅਤੇ ਵੱਧ ਅਨਾਜ ਉਗਾਉਣ ਲਈ ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ, ਧਰਤੀ ਹੇਠਲੇ ਪਾਣੀ ਦੀ ਜ਼ਿਆਦਾ ਵਰਤੋਂ ਆਦਿ ਨਾਲ ਹਰ ਤਰ੍ਹਾਂ ਦੇ ਈਕੋ ਸਿਸਟਮ

ਗੜਬੜਾ ਗਏ ਹਨ। ਧਰਤੀ ਉੱਤੇ ਹਰ ਤਰ੍ਹਾਂ ਦੇ ਜੀਵਨ ਲਈ ਇਕ ਸੰਤੁਲਿਤ ਵਾਤਾਵਰਨ ਪ੍ਰਣਾਲੀ ਚਾਹੀਦੀ ਹੈ, ਜਿਸ ਵਿੱਚ ਅਜੈਵਿਕ (ਹਵਾ, ਪਾਣੀ, ਮਿੱਟੀ,ਖਣਿਜ ਆਦਿ) ਅਤੇ ਜੈਵਿਕ (ਬਨਸਪਤੀ, ਪਸ਼ੂ-ਪੰਛੀ, ਕੀੜੇ-ਮਕੌੜੇ, ਮਨੁੱਖ) ਤੱਤ ਕ੍ਰਮਬੱਧ ਤਰੀਕੇ ਨਾਲ ਕੰਮ ਕਰਦੇ ਹਨ। ਇਨ੍ਹਾਂ ਵਿੱਚੋਂ ਜੇਕਰ ਕਿਸੇ ਇਕ ਵੀ ਤੱਤ ਵਿੱਚ ਵਿਗਾੜ ਪੈਦਾ ਹੋ ਜਾਵੇ ਤਾਂ ਉਹ ਵਿਗਾੜ ਦੂਜੇ ਤੱਤ ਨੂੰ ਪ੍ਰਭਾਵਿਤ ਕਰ ਦਿੰਦਾ ਹੈ ਅਤੇ ਦੂਜਾ ਤੀਜੇ ਨੂੰ, ਤੀਜਾ ਚੌਥੇ ਨੂੰ...ਇਸ ਤਰ੍ਹਾਂ ਉਸ ਈਕੋਸਿਸਟਮ ਦੇ ਸਾਰੇ ਤੱਤ ਪ੍ਰਭਾਵਿਤ ਹੋ ਜਾਂਦੇ ਹਨ ਅਤੇ ਉਸ ਦਾ ਸੰਤੁਲਨ ਵਿਗੜ ਜਾਂਦਾ ਹੈ। ਜੰਗਲਾਂ ਦਾ ਰਕਬਾ ਘਟਣ ਕਾਰਨ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਹਵਾ, ਤਾਜ਼ੇ ਅਤੇ ਸਮੁੰਦਰੀ ਪਾਣੀ, ਜੰਗਲ, ਜ਼ਮੀਨ, ਖਣਿਜ, ਜੀਵ-ਵਿਭਿੰਨਤਾ ਆਦਿ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਨਤੀਜੇ ਵਜੋਂ ਧਰਤੀ ਦੀ ਸਿਹਤ ਖ਼ਰਾਬ ਹੋਣੀ ਸ਼ੁਰੂ ਹੋ ਗਈ, ਜਿਸ ਦਾ ਭਾਵ ਹੈ ਕਿ ਵਾਤਾਵਰਨ ਵਿੱਚ ਵਿਗਾੜ ਆਉਣੇ ਸ਼ੁਰੂ ਹੋ ਗਏ ਅਤੇ ਵਿਗਾੜਾਂ ਨੇ ਮਨੁੱਖੀ ਜ਼ਿੰਦਗੀ ਨੂੰ ਨਵੀਆਂ ਬਿਮਾਰੀਆਂ ਵੱਲ ਧਕੇਲਣਾ ਸ਼ੁਰੂ ਕਰ ਦਿੱਤਾ ਹੈ। ਵਾਤਾਵਰਨ ਵਿੱਚ ਕਾਰਬਨਡਾਈਆਕਸਾਈਡ ਦੀ ਮਾਤਰਾ ਵਧ ਗਈ ਹੈ ਜੋ ਤਾਪਮਾਨ ਵਿੱਚ ਵਾਧਾ ਕਰਨ ਵਾਲੀ ਮੁੱਖ ਗੈਸ ਹੈ । ਇਸ ਦੇ ਨਾਲ-ਨਾਲ ਸ਼ਹਿਰੀਕਰਨ, ਆਰਥਿਕ ਵਿਕਾਸ ਅਤੇ ਤਕਨੀਕੀ ਉੱਨਤੀ ਨਾਲ ਵੀ ਵਾਤਾਵਰਨ ਦੇ ਤਾਪਮਾਨ 'ਚ ਵਾਧਾ ਕਰਨ ਵਾਲੀਆਂ ਗੈਸਾਂ ਦੀ ਮਾਤਰਾ ਵਧਣ ਨਾਲ ਧਰਤੀ ਦੇ ਔਸਤ ਤਾਪਮਾਨ ਵਿੱਚ ਉਦਯੋਗਿਕ ਇਨਕਲਾਬ ਦੇ ਸਮੇਂ ਦੇ ਔਸਤ ਤਾਪਮਾਨ ਤੋਂ ਹੁਣ ਤਕ ਇੱਕ ਡਿਗਰੀ ਸੈਲਸੀਅਸ ਦਾ ਵਾਧਾ ਹੋ ਗਿਆ ਹੈ, ਜਿਸ ਨਾਲ ਧਰੁੱਵਾਂ ਤੋਂ ਬਰਫ਼ ਪਿਘਲਣ ਨਾਲ ਸਮੁੰਦਰ ਦਾ ਜਲ ਪੱਧਰ ਉੱਚਾ ਹੋਣ ਦੇ ਨਾਲ-ਨਾਲ ਦੁਨੀਆਂ ਵਿੱਚ ਸਮੁੰਦਰੀ ਤੂਫ਼ਾਨਾਂ ਅਤੇ ਚੱਕਰਵਾਤਾਂ ਦੀ ਆਮਦ, ਸੁਨਾਮੀਆਂ, ਗਰਮੀ-ਸਰਦੀ ਅਤੇ ਹੜ੍ਹਾਂ ਤੇ ਸੋਕੇ ਦੀਆਂ ਘਟਨਾਵਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਰਿਪੋਰਟ ਵਿੱਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਦੀ ਉੱਪਰਲੀ 10 ਫ਼ੀ ਸਦੀ ਅਮੀਰ ਅਬਾਦੀ ਕੁੱਲ ਗਰੀਨ ਹਾਊਸ ਗੈਸਾਂ ਦਾ 50 ਫ਼ੀ ਸਦੀ ਨਿਕਾਸ ਕਰਦੀ ਹੈ ਜਦ ਕਿ ਹੇਠਲੇ ਤਬਕੇ ਦੀ 50 ਫ਼ੀ ਸਦੀ ਗ਼ਰੀਬ ਅਬਾਦੀ ਸਿਰਫ਼ 13 ਫ਼ੀ ਸਦੀ ਨਿਕਾਸ ਕਰਦੀ ਹੈ; ਪਰ ਇਨ੍ਹਾਂ ਗੈਸਾਂ ਦੀ ਨਿਕਾਸੀ ਦੀ ਜ਼ਿਆਦਾ ਮਾਰ ਇਸ ਗ਼ਰੀਬ ਅਬਾਦੀ ਨੂੰ ਹੀ ਪੈਂਦੀ ਹੈ। 'ਆਰਥਿਕ ਵਿਕਾਸ' ਦੇ ਨਾਂ ਉੱਤੇ ਪੈਦਾ ਹੋਏ ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ 7 ਮਿਲੀਅਨ ਲੋਕ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ ਅਤੇ 10 ਵਿੱਚੋਂ 9 ਲੋਕ, ਵਿਸ਼ਵ ਸਿਹਤ



ਸੰਗਠਨ ਦੀ ਰਿਪੋਰਟ ਅਨੁਸਾਰ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਂਦੇ ਹਨ, ਜਿਸ ਨਾਲ ਦਮੇ, ਖੰਘ, ਕੈਂਸਰ ਆਦਿ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਇਸ ਦੇ ਨਤੀਜੇ ਵਜੋਂ ਹਰ ਸਾਲ 5 ਟ੍ਰਿਲੀਅਨ ਅਮਰੀਕੀ ਡਾਲਰਾਂ ਦਾ ਨੁਕਸਾਨ ਹੁੰਦਾ ਹੈ ।

ਇਸ ਤੋਂ ਇਲਾਵਾ ਕੁਦਰਤੀ ਆਫ਼ਤਾਂ ਨਾਲ ਹਰ ਸਾਲ 90,000 ਲੋਕ ਮਰ ਜਾਂਦੇ ਹਨ ਅਤੇ ਲਗਪਗ 160 ਮਿਲੀਅਨ ਲੋਕ ਇਨ੍ਹਾਂ ਆਫ਼ਤਾਂ ਦੀ ਮਾਰ ਝੱਲਦੇ ਹਨ। 'ਬਨੀਥ ਦਿ ਸਰਫੇਸ ਦਿ ਸਟੇਟ ਆਫ਼ ਦਿ ਵਰਲਡਜ਼ ਵਾਟਰ 2019' ਨਾਂ ਦੀ ਰਿਪੋਰਟ ਅਨੁਸਾਰ ਜੇਕਰ ਪਾਣੀ ਦੀ ਵਰਤੋਂ ਹੁਣ ਵਾਲੇ ਹਿਸਾਬ ਨਾਲ ਹੀ ਕੀਤੀ ਜਾਂਦੀ ਰਹੀ ਤਾਂ ਪਾਣੀ ਦੀ ਥੁੜ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਗਿਣਤੀ 5 ਬਿਲੀਅਨ ਹੋ ਜਾਵੇਗੀ । ਇਕ ਹੋਰ ਰਿਪੋਰਟ ਅਨੁਸਾਰ 2040 ਤਕ ਦੁਨੀਆਂ ਦੇ 33 ਮੁਲਕਾਂ ਨੂੰ ਪਾਣੀ ਦੀ ਅਤਿ ਦਰਜੇ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ । ਦੁਨੀਆਂ ਭਰ ਦੇ ਦਰਿਆਵਾਂ, ਝੀਲਾਂ ਅਤੇ ਹੋਰ ਤਾਜ਼ੇ ਪਾਣੀ ਦੇ ਸਰੋਤਾਂ ਵਿੱਚ ਹਰ ਰੋਜ਼ 2 ਮਿਲੀਅਨ ਟਨ ਮਨੁੱਖੀ ਮਲ-ਮੂਤਰ, ਉਦਯੋਗਾਂ ਅਤੇ ਖੇਤੀਬਾੜੀ ਤੋਂ ਪੈਦਾ ਹੋਇਆ ਕਚਰਾ ਅਤੇ ਰਸਾਇਣ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਇਨ੍ਹਾਂ ਸਰੋਤਾਂ ਦਾ ਜਲ ਪ੍ਰਦੂਸ਼ਿਤ ਹੋ ਗਿਆ ਹੈ । ਤਾਜ਼ੇ ਪੀਣ ਵਾਲੇ ਪਾਣੀ ਦੀ ਘਾਟ ਹੋਣ ਕਰਕੇ ਲਗਪਗ 2 ਬਿਲੀਅਨ ਲੋਕਾਂ ਨੂੰ ਇਸ ਤਰ੍ਹਾਂ ਦਾ ਪ੍ਰਦੂਸ਼ਿਤ ਪਾਣੀ ਪੀਣਾ ਪੈਂਦਾ ਹੈ ਜੋ ਹੈਜ਼ਾ, ਟਾਈਫਾਈਡ, ਬਦਹਜ਼ਮੀ ਅਤੇ ਪੀਲੀਏ ਵਰਗੀਆਂ ਬਿਮਾਰੀਆਂ ਨਾਲ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਹਰ ਰੋਜ਼ ਲਗਪਗ 5 ਸਾਲ ਤੋਂ ਛੋਟੀ ਉਮਰ ਦੇ 700 ਬੱਚੇ ਪ੍ਰਦੂਸ਼ਿਤ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਮਰ ਜਾਂਦੇ ਹਨ । ਜੇਕਰ ਪਾਣੀ ਦੀ ਦੁਰਵਰਤੋਂ ਹੁਣ ਵਾਲੇ ਹਿਸਾਬ ਨਾਲ ਹੀ ਹੁੰਦੀ ਰਹੀ ਤਾਂ 2030 ਤਕ 700 ਮਿਲੀਅਨ ਲੋਕਾਂ ਨੂੰ ਪਾਣੀ ਦੀ ਘਾਟ ਕਾਰਨ ਆਪਣਾ ਘਰ-ਬਾਰ ਛੱਡਣਾ ਪੈ ਸਕਦਾ ਹੈ।

ਹਵਾ, ਪਾਣੀ ਅਤੇ ਜ਼ਮੀਨ ਦੇ ਪ੍ਰਦੂਸ਼ਣ ਦੇ ਨਾਲ-ਨਾਲ ਜੰਗਲਾਂ ਅਤੇ ਜਲਗਾਹਾਂ ਦਾ ਰਕਬਾ ਘਟਣ ਕਾਰਨ 14 ਈਕੋ ਸਿਸਟਮਾਂ ਵਿੱਚੋਂ 10 ਦੀ ਹੋਂਦ ਖ਼ਤਰੇ ਵਿੱਚ ਹੈ, ਜਿਸ ਨਾਲ ਜੀਵ-ਵਿਭਿੰਨਤਾ ਤੇਜ਼ੀ ਨਾਲ ਘਟਦੀ ਜਾ ਰਹੀ ਹੈ। ਧਰਤੀ ਉੱਤੇ ਰਹਿਣ ਵਾਲੇ ਬਿਨਾਂ ਰੀੜ੍ਹ ਦੀ ਹੱਡੀ ਵਾਲੇ ਜੈਵਿਕਾਂ ਦੀ 42 ਫ਼ੀ ਸਦੀ, ਦਰਿਆਵਾਂ, ਝੀਲਾਂ ਅਤੇ ਝਰਨਿਆਂ ਵਾਲੇ ਜੈਵਿਕਾਂ ਦਾ 34 ਫ਼ੀ ਸਦੀ ਅਤੇ ਸਮੁੰਦਰ ਵਿੱਚ ਰਹਿਣ ਵਾਲੀਆਂ 25 ਫ਼ੀ ਸਦੀ ਪਰਜਾਤੀਆਂ

ਦਾ ਦੁਨੀਆਂ ਤੋਂ ਅਲੋਪ ਹੋ ਜਾਣ ਦਾ ਖ਼ਦਸ਼ਾ ਹੈ । ਇਸ ਰਿਪੋਰਟ ਤੋਂ ਇਹ ਬਿਲਕੁਲ ਸਾਫ਼ ਨਜ਼ਰ ਆ ਰਿਹਾ ਹੈ ਕਿ ਜੇਕਰ ਅਸੀਂ ਹੁਣ ਵੀ ਨਾ ਸੰਭਲੇ ਤਾਂ ਧਰਤੀ ਅਤੇ ਇਸ ਉੱਪਰ ਵਸਦੀ ਆਬਾਦੀ ਨੂੰ ਬਚਾਉਣਾ ਅਸੰਭਵ ਹੋ ਜਾਵੇਗਾ ।

ਮਨੁੱਖੀ ਸਿਹਤ ਅਤੇ ਖ਼ੁਸ਼ਹਾਲੀ ਸਿੱਧੇ ਤੌਰ 'ਤੇ ਸਾਡੇ ਆਲੇ-ਦੁਆਲੇ ਨਾਲ ਜੁੜੀ ਹੋਈ ਹੈ । ਜੇਕਰ ਸਾਡਾ ਆਲਾ-ਦੁਆਲਾ ਭਾਵ ਵਾਤਾਵਰਨ ਬਿਮਾਰ ਹੈ ਤਾਂ ਅਸੀਂ ਕਿਵੇਂ ਸਿਹਤਮੰਦ ਹੋ ਸਕਦੇ ਹਾਂ ? ਸਾਡੀ ਹਵਾ ਜ਼ਹਿਰੀਲੀ ਅਤੇ ਪਲੀਤ, ਪੀਣ ਵਾਲਾ ਪਾਣੀ ਵੀ ਪਲੀਤ, ਸਮੁੰਦਰ ਦਾ ਪਾਣੀ ਗੰਦਾ, ਤੇਜ਼ਾਬੀ ਅਤੇ ਜ਼ਹਿਰੀਲਾ, ਦਰਿਆਵਾਂ ਵਿਚਲਾ ਪਾਣੀ ਬਿਮਾਰੀਆਂ ਦੇ ਕੀਟਾਣੂਆਂ ਨਾਲ ਗ੍ਰਸਤ ਅਤੇ ਜੰਗਲਾਂ ਤੋਂ ਵਿਹੂਣੀਆਂ ਕੰਕਰੀਟ ਦੀਆਂ ਇਮਾਰਤਾਂ ਦੇ ਜੰਗਲਾਂ ਨਾਲ ਲੱਦੀ ਹੋਈ ਭੱਠੀ ਬਣਦੀ ਜਾ ਰਹੀ ਧਰਤੀ ਉੱਤੇ ਕੋਈ ਵੀ ਕਿੰਨੀ ਦੇਰ ਤਕ ਸਿਹਤਮੰਦ ਜ਼ਿੰਦਗੀ ਜੀਅ ਸਕਦਾ ਹੈ ? ਮਨੁੱਖੀ ਜ਼ਿੰਦਗੀ ਦੇ ਨਾਲ-ਨਾਲ ਹਰ ਤਰ੍ਹਾਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ ਸਾਨੂੰ ਧਰਤੀ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣਾ ਪਵੇਗਾ । ਧਰਤੀ ਦੀ ਸਿਹਤ ਹੁਣ ਏਨੀ ਖ਼ਰਾਬ ਹੋ ਚੁੱਕੀ ਹੈ ਕਿ ਆਏ ਦਿਨ ਵੱਡੀ ਗਿਣਤੀ ਵਿੱਚ ਜੀਵ-ਜੰਤੂ ਤਾਂ ਮਰ ਹੀ ਰਹੇ ਹਨ ਅਤੇ ਉਨ੍ਹਾਂ ਦੇ ਨਾਲ-ਨਾਲ ਹਰ ਰੋਜ਼ ਪ੍ਰਦੂਸ਼ਣ ਕਾਰਨ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੀ ਮਾਰ ਹੇਠ ਆ ਕੇ ਲੱਖਾਂ ਦੀ ਗਿਣਤੀ ਵਿੱਚ ਮਨੁੱਖੀ ਜਾਨਾਂ ਵੀ ਜਾ ਰਹੀਆਂ ਹਨ। ਧਰਤੀ ਨੂੰ ਬਚਾਉਣ ਲਈ ਸਾਨੂੰ ਆਪਣੇ ਰਹਿਣ-ਸਹਿਣ, ਖਾਣ-ਪੀਣ ਦੇ ਤਰੀਕਿਆਂ ਨੂੰ ਬਦਲਣਾ ਪਵੇਗਾ । ਇਸ ਲਈ ਸਾਨੂੰ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਉੱਤੇ ਉਪਰਾਲੇ ਕਰਨ ਦੀ ਸਖ਼ਤ ਲੋੜ ਹੈ । ਸਭ ਤੋਂ ਪਹਿਲਾਂ ਤਾਂ ਜਦੋਂ ਵੀ ਕੋਈ ਵਾਤਾਵਰਨ ਨਾਲ ਸੰਬੰਧਿਤ ਰਿਪੋਰਟ ਆਉਂਦੀ ਹੈ ਤਾਂ ਉਸ ਨੂੰ ਨਕਾਰਨ ਦੀ ਥਾਂ ਉੱਤੇ ਉਸ ਨੂੰ ਠੀਕ ਮੰਨ ਕੇ ਬਣਦੇ ਉਪਰਾਲੇ ਕਰਕੇ ਵਾਤਾਵਰਨ ਵਿੱਚ ਸੁਧਾਰ ਲਿਆਉਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਰਿਪੋਰਟ ਨੂੰ ਵੀ ਹਮੇਸ਼ਾਂ ਦੀ ਤਰ੍ਹਾਂ ਅਮਰੀਕੀ ਸਰਕਾਰ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਸਿਰਫ਼ ਆਈ.ਪੀ.ਸੀ.ਸੀ. ਦੀ ਅਕਤੂਬਰ 2018 ਵਿੱਚ ਆਈ ਰਿਪੋਰਟ ਦੀ ਤਰ੍ਹਾਂ ਦੁਨੀਆਂ ਦੇ ਹੋਰ ਕਈ ਦੇਸ਼ਾਂ ਵੱਲੋਂ ਜ਼ਰੂਰ ਇਸ ਰਿਪੋਰਟ ਦਾ ਸਮਰਥਨ ਕੀਤਾ ਗਿਆ ਹੈ ਜਦਕਿ ਇਸ ਰਿਪੋਰਟ ਦੇ ਆਉਣ ਤੋਂ ਬਾਅਦ ਤੇਜ਼ੀ ਨਾਲ ਧਰਤੀ ਉੱਤੇ ਆਏ ਵਿਗਾੜਾਂ ਨੂੰ ਸੁਧਾਰਨ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ। । 2014 ਵਿੱਚ



ਆਈ.ਪੀ.ਸੀ.ਸੀ. ਦੀ ਆਈ ਰਿਪੋਰਟ ਨੂੰ ਭਾਵੇਂ ਉਸ ਸਮੇਂ ਦੁਨੀਆਂ ਦੇ ਸਾਰੇ ਮੁਲਕਾਂ ਨੇ ਗੰਭੀਰਤਾ ਨਾਲ ਲਿਆ ਸੀ ਅਤੇ ਉਪਰਾਲੇ ਸ਼ੁਰੂ ਕਰਨ ਲਈ ਪੈਰਿਸ ਮੌਸਮੀ ਸੰਧੀ ਵੀ ਕੀਤੀ ਸੀ; ਪਰ ਅਸਲ ਵਿੱਚ ਸਾਡੇ ਕੋਲ ਏਨਾ ਵਕਤ ਹੀ ਨਹੀਂ ਬਚਿਆ ਕਿ ਕਿਸੇ ਵੀ ਸੰਧੀ ਨੂੰ ਅਮਲ ਵਿੱਚ ਲਿਆਉਣ ਲਈ ਸਾਲਾਂਬੱਧੀ ਇੰਤਜ਼ਾਰ ਕੀਤਾ ਜਾ ਸਕੇ । ਇਸ ਲਈ ਅੰਤਰ-ਰਾਸ਼ਟਰੀ ਪੱਧਰ 'ਤੇ ਧਰਤੀ ਨੂੰ ਸਿਹਤਮੰਦ ਰੱਖਣ ਲਈ ਬਿਨਾਂ ਦੇਰੀ ਕੀਤੇ ਓਜ਼ੋਨ ਪਰਤ ਨੂੰ ਛਿੱਜਣ ਤੋਂ ਬਚਾਉਣ ਲਈ ਮੋਨਟਰੀਅਲ ਸੰਧੀ ਵਰਗੇ ਉਪਰਾਲੇ ਕਰਨ ਦੀ ਲੋੜ ਹੈ। ਇਸ ਦੇ ਨਾਲ-ਨਾਲ ਊਰਜਾ ਪੈਦਾ ਕਰਨ ਲਈ ਤੇਲ ਅਤੇ ਕੋਲੇ ਦੀ ਥਾਂ ਉੱਤੇ ਹਵਾ, ਪਾਣੀ ਅਤੇ ਸੂਰਜ ਵਰਗੇ ਕੁਦਰਤੀ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ-ਦਰੁਸਤ ਬਣਾ ਕੇ ਲੋਕਾਂ ਨੂੰ ਨਿੱਜੀ ਵਾਹਨਾਂ ਤੋਂ ਛੁਟਕਾਰਾ ਦਵਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਇਕ ਤਾਂ ਹਵਾ ਪ੍ਰਦੂਸ਼ਿਤ ਹੋਣ ਤੋਂ ਬਚ ਜਾਵੇਗੀ ਅਤੇ ਦੂਜਾ ਧਰਤੀ ਦਾ ਔਸਤ ਤਾਪਮਾਨ ਵੀ ਨਹੀਂ ਵਧੇਗਾ ।

ਸਮੁੰਦਰ ਅਤੇ ਨਦੀਆਂ ਦੇ ਪਾਣੀ ਨੂੰ ਸਾਫ਼-ਸੁਥਰਾ ਰੱਖਣ ਲਈ ਉਸ ਵਿੱਚ ਕਿਸੇ ਵੀ ਤਰ੍ਹਾਂ ਦੇ ਗੰਦੇ ਪਾਣੀ ਦੀ ਨਿਕਾਸੀ ਸਮੁੱਚੇ ਤੌਰ 'ਤੇ ਬੰਦ ਕਰਨੀ ਹੋਵੇਗੀ । ਅਸਲ ਵਿੱਚ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਆਪਣੀਆਂ ਅਜਿਹੀਆਂ ਸਾਰੀਆਂ ਸਰਗਰਮੀਆਂ ਉੱਤੇ ਰੋਕ ਲਗਾਉਣੀ ਹੋਵੇਗੀ ਜਿਹੜੀਆਂ ਹਵਾ, ਪਾਣੀ, ਜ਼ਮੀਨ, ਜੰਗਲਾਂ ਆਦਿ ਵਰਗੇ ਬਹੁਮੁੱਲੇ ਕੁਦਰਤੀ ਸਰੋਤਾਂ ਨੂੰ ਮਲੀਨ ਕਰ ਰਹੀਆਂ ਹਨ ਅਤੇ ਮਨੁੱਖੀ ਸਿਹਤ ਦੇ ਨਾਲ-ਨਾਲ ਧਰਤੀ ਦੀ ਸਿਹਤ ਨਾਲ ਵੀ ਬੁਰੀ ਤਰ੍ਹਾਂ ਨਾਲ ਖਿਲਵਾੜ ਕਰ ਰਹੀਆਂ ਹਨ। ਜੇਕਰ ਅਸੀਂ ਹੁਣ ਵਾਲੇ ਰਾਹ ਉੱਤੇ ਚੱਲਦੇ ਰਹੇ ਤਾਂ ਸਾਡਾ, ਖ਼ਾਸ ਕਰਕੇ ਸਾਡੇ ਬੱਚਿਆਂ ਦਾ ਭਵਿੱਖ ਬਹੁਤ ਹੀ ਮੁਸ਼ਕਿਲਾਂ ਵਾਲਾ ਹੋ ਸਕਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ ।

—ਪ੍ਰੋਫ਼ੈਸਰ, ਭੂਗੋਲ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।
ਮੋ: 001-408-493-9776

(ਰੋ: ਅਜੀਤ 04-08-2019 'ਚੋਂ ਧੰਨਵਾਦ ਸਹਿਤ !)

# ਭਾਰਤ ਨੂੰ ਇੰਡੋਨੇਸ਼ੀਆ ਦੀ ਸੁਨਾਮੀ ਤੋਂ ਸਬਕ ਸਿੱਖਣ ਦੀ ਲੋੜ

ਡਾ: ਗੁਰਿੰਦਰ ਕੌਰ

ਇੰਡੋਨੇਸ਼ੀਆ ਦੇ ਸੁੰਦਾ ਖਾੜੀ ਖੇਤਰ ਵਿੱਚ ਜਵਾਲਾਮੁਖੀ ਫਟਣ ਨਾਲ ਆਈ ਸੁਨਾਮੀ ਕਾਰਨ 400 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ 1500 ਦੇ ਲਗਪਗ ਲੋਕ ਜ਼ਖ਼ਮੀ ਹੋ ਗਏ ਹਨ। ਇਸ ਤੋਂ ਇਲਾਵਾ ਸੁਨਾਮੀ ਦੀ ਲਪੇਟ ਵਿੱਚ ਸੈਂਕੜੇ ਮਕਾਨ, ਦੁਕਾਨਾਂ ਅਤੇ ਕਿਸ਼ਤੀਆਂ ਵੀ ਤਬਾਹ ਹੋ ਗਈਆਂ ਹਨ। ਇੰਡੋਨੇਸ਼ੀਆ ਦੇ ਅਨਾਕ ਕਾਰਕਾਟੂ ਜਵਾਲਾਮੁਖੀ ਵਿੱਚ ਜ਼ਬਰਦਸਤ ਧਮਾਕਾ ਹੋਣ ਨਾਲ ਸਮੁੰਦਰੀ ਤੱਟ ਦੀਆਂ ਚਟਾਨਾਂ ਟੁੱਟ ਕੇ ਤੇਜ਼ੀ ਨਾਲ ਖਿਸਕ ਕੇ ਸਮੁੰਦਰ ਵਿੱਚ ਜਾ ਗਿਰੀਆਂ, ਜਿਸ ਨਾਲ ਸਮੁੰਦਰੀ ਪਾਣੀ ਵਿੱਚ ਏਨੀ ਜ਼ਬਰਦਸਤ ਹਲਚਲ ਹੋਈ ਕਿ ਉਸ ਨੇ ਸੁਨਾਮੀ ਦਾ ਰੂਪ ਅਖ਼ਤਿਆਰ ਕਰ ਲਿਆ। ਸੁਨਾਮੀ ਦੀਆਂ ਲਹਿਰਾਂ 15 ਤੋਂ 20 ਮੀਟਰ ਉੱਚੀਆਂ ਸਨ, ਜੋ ਮਿੰਟਾਂ ਵਿੱਚ ਸਮੁੰਦਰੀ ਤੱਟ ਉੱਤੇ ਸਥਿਤ ਹਰ ਚੀਜ਼ ਨੂੰ ਵਹਾ ਕੇ ਲੈ ਗਈਆਂ।

ਇੰਡੋਨੇਸ਼ੀਆ ਵਿੱਚ ਜਵਾਲਾਮੁਖੀ ਦਾ ਫਟਣਾ, ਭੂਚਾਲ ਅਤੇ ਸੁਨਾਮੀ ਦਾ ਆਉਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ, ਕਿਉਂਕਿ ਇੰਡੋਨੇਸ਼ੀਆ ਪੈਸੇਫਿਕ ਰਿੰਗ ਆਫ਼ ਫਾਇਰ ਉੱਤੇ ਸਥਿਤ ਹੈ। ਇਹ ਇਕ ਅਜਿਹਾ ਖੇਤਰ ਹੈ ਜਿੱਥੇ ਦੁਨੀਆਂ ਦੇ 90 ਫ਼ੀ ਸਦੀ ਜਵਾਲਾਮੁਖੀ ਫਟਦੇ ਅਤੇ ਭੂਚਾਲ ਆਉਂਦੇ ਰਹਿੰਦੇ ਹਨ। ਰਿੰਗ ਆਫ਼ ਫਾਇਰ ਖੇਤਰ ਸ਼ਾਂਤ-ਮਹਾਂਸਾਗਰ ਦੇ 40,000 ਕਿਲੋਮੀਟਰ ਖੇਤਰ ਵਿੱਚ ਫੈਲਿਆ ਹੋਇਆ ਹੈ। ਇੰਡੋਨੇਸ਼ੀਆ ਵਿੱਚ ਭੂਚਾਲਾਂ, ਸੁਨਾਮੀ ਅਤੇ ਜਵਾਲਾਮੁਖੀ ਫਟਣ ਦੀਆਂ ਘਟਨਾਵਾਂ ਨੇ ਇਸ ਤੋਂ ਪਹਿਲਾਂ ਵੀ ਕਈ ਵਾਰ ਭਿਆਨਕ ਤਬਾਹੀ ਮਚਾਈ ਹੈ। 1815 ਅਤੇ 1883 ਵਿੱਚ ਜਵਾਲਾਮੁਖੀ ਫਟਣ ਨਾਲ ਕ੍ਰਮਵਾਰ 90,000 ਅਤੇ 36,000 ਲੋਕ ਮਾਰੇ ਗਏ ਸਨ ਅਤੇ ਸਾਲ 2004 ਵਿੱਚ 9.3 ਦੀ ਤੀਬਰਤਾ ਨਾਲ ਆਏ ਭੂਚਾਲ ਤੋਂ ਬਾਅਦ ਆਈਆਂ 100 ਫੁੱਟ ਉੱਚੀਆਂ ਸੁਨਾਮੀ ਲਹਿਰਾਂ ਨਾਲ ਇਕੱਲੇ ਇੰਡੋਨੇਸ਼ੀਆ ਵਿੱਚ ਇਕ ਲੱਖ ਸੱਤਰ ਹਜ਼ਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ। ਉਨ੍ਹਾਂ ਸੁਨਾਮੀ ਲਹਿਰਾਂ ਨਾਲ ਹੋਰ ਵੀ 14 ਦੇਸ਼ਾਂ ਵਿੱਚ ਹਜ਼ਾਰਾਂ ਲੋਕ ਮਰ ਗਏ ਸਨ। ਇਨ੍ਹਾਂ ਦੇਸ਼ਾਂ ਵਿੱਚ ਭਾਰਤ ਵੀ ਸ਼ਾਮਲ ਸੀ। ਭਾਰਤ ਦੇ ਪੰਜ ਰਾਜਾਂ ਪੱਛਮੀ ਬੰਗਾਲ, ਓਡੀਸਾ, ਆਂਧਰਾ-ਪ੍ਰਦੇਸ਼, ਤਾਮਿਲਨਾਡੂ, ਕੇਰਲਾ ਅਤੇ ਦੋ ਕੇਂਦਰੀ ਸ਼ਾਸਤ ਰਾਜਾਂ ਅੰਡੇਮਾਨ,



ਨਿਕੋਬਾਰ ਅਤੇ ਪਾਂਡੇਚੇਰੀ ਵਿੱਚ ਉਸ ਸੁਨਾਮੀ ਨੇ ਭਿਆਨਕ ਤਬਾਹੀ ਮਚਾਈ ਸੀ, ਜਿਸ ਨਾਲ 10,000 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਹਜ਼ਾਰਾਂ ਲੋਕ ਘਰੋਂ ਬੇਘਰ ਹੋ ਗਏ ਸਨ।

ਇੰਡੋਨੇਸ਼ੀਆ ਇਸ ਸਾਲ ਜੁਲਾਈ ਤੋਂ ਲੈ ਕੇ ਦਸੰਬਰ ਤਕ ਦੇ 6 ਮਹੀਨਿਆਂ ਵਿੱਚ ਹੁਣ ਤੀਜੀ ਵਾਰ ਭੂਚਾਲ, ਸੁਨਾਮੀ ਅਤੇ ਜਵਾਲਾਮੁਖੀ ਫਟਣ ਵਰਗੀਆਂ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੋਇਆ ਹੈ। ਇੰਡੋਨੇਸ਼ੀਆ ਆਉਣ ਵਾਲੇ ਸਮੇਂ ਵਿੱਚ ਆਪਣੀ ਭੂਗੋਲਿਕ ਸਥਿਤੀ ਅਤੇ ਤਾਪਮਾਨ ਦੇ ਵਾਧੇ ਕਾਰਨ ਹੁਣ ਤੋਂ ਕਈ ਗੁਣਾਂ ਵੱਧ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋ ਸਕਦਾ ਹੈ, ਕਿਉਂਕਿ ਆਈ.ਪੀ.ਸੀ.ਸੀ. ਦੀ ਸਾਲ 2014 ਦੀ ਇਕ ਰਿਪੋਰਟ ਅਤੇ ਸਾਲ 2018 ਦੀ ਇਕ ਸਪੈਸ਼ਲ ਰਿਪੋਰਟ ਅਨੁਸਾਰ ਧਰਤੀ ਅਤੇ ਸਮੁੰਦਰ ਦੇ ਤਾਪਮਾਨ ਦੇ ਤੇਜ਼ੀ ਨਾਲ ਵਧਣ ਕਾਰਨ ਸਮੁੰਦਰ ਦਾ ਜਲ ਪੱਧਰ ਤੇਜ਼ੀ ਨਾਲ ਉੱਚਾ ਹੋ ਰਿਹਾ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਤਾਪਮਾਨ ਵਿੱਚ ਥੋੜ੍ਹੇ ਵਾਧੇ ਨਾਲ ਵੀ ਸੁਨਾਮੀ ਦੇ ਖ਼ਤਰਿਆਂ ਵਿੱਚ ਕਈ ਗੁਣਾਂ ਵਾਧਾ ਹੋ ਸਕਦਾ ਹੈ, ਭਾਵ ਇਕ ਛੋਟੀ ਸੁਨਾਮੀ ਵੀ ਕਾਫ਼ੀ ਜ਼ਿਆਦਾ ਨੁਕਸਾਨ ਕਰ ਸਕਦੀ ਹੈ। ਸਿੰਘਾਪੁਰ ਦੀ ਨਨਯਾਂਗ ਟੈਕਨੋਲੋਜੀਕਲ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਸਮੁੰਦਰ ਦੇ ਜਲ ਪੱਧਰ ਵਿੱਚ 0.5 ਮੀਟਰ ਵਾਧੇ ਨਾਲ ਸੁਨਾਮੀ ਦੇ ਖ਼ਤਰਿਆਂ ਵਿੱਚ 2.4 ਗੁਣਾਂ ਅਤੇ ਇਕ ਮੀਟਰ ਵਾਧੇ ਨਾਲ 4.7 ਗੁਣਾ ਵਾਧਾ ਹੋ ਸਕਦਾ ਹੈ। ਇਸ ਤੋਂ ਇਲਾਵਾ ਸਮੁੰਦਰੀ ਪਾਣੀ ਦੇ ਤਾਪਮਾਨ ਦੇ ਵਾਧੇ ਨਾਲ ਸਮੁੰਦਰੀ ਤੂਫ਼ਾਨਾਂ ਦੀ ਆਮਦ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿੱਚ ਵੀ ਕਈ ਗੁਣਾਂ ਵਾਧਾ ਹੋ ਜਾਂਦਾ ਹੈ। ਡੈਨੀਅਲ ਲੈਵਿਟ ਅਤੇ ਨਿਕੋ ਕੈਮਨੈਡਾ ਨੇ ਆਪਣੀ ਇਕ ਖੋਜ ਵਿੱਚ ਦੱਸਿਆ ਹੈ ਕਿ ਜੇਕਰ ਸਮੁੰਦਰੀ ਪਾਣੀ ਦੇ ਤਾਪਮਾਨ ਵਿੱਚ ਇੱਕ ਡਿਗਰੀ ਸੈਲੀਅਸ ਵਾਧਾ ਹੁੰਦਾ ਹੈ ਤਾਂ ਸਮੁੰਦਰੀ ਤੂਫ਼ਾਨ ਵਿਚਲੀ ਹਵਾ ਦੀ ਗਤੀ ਵਿੱਚ 5 ਫ਼ੀ ਸਦੀ ਵਾਧਾ ਹੋ ਜਾਂਦਾ ਹੈ ਅਤੇ ਵੱਧ ਗਤੀ ਵਾਲੀ ਹਵਾ ਨਾਲ ਸਮੁੰਦਰੀ ਤੂਫ਼ਾਨ ਵੱਧ ਤਬਾਹੀ ਮਚਾਉਂਦਾ ਹੈ।

ਇੰਡੋਨੇਸ਼ੀਆ ਨੂੰ ਇਸ ਸਾਲ ਲਗਾਤਾਰ ਆਈਆਂ ਸੁਨਾਮੀ ਲਹਿਰਾਂ ਅਤੇ ਅਮਰੀਕਾ ਵਿੱਚ ਪਿਛਲੇ ਸਾਲ ਆਏ ਮਾਰੀਆ, ਇਰਮਾ, ਹਾਰਵੇ ਅਤੇ ਇਸ ਸਾਲ ਆਏ ਫੋਲੋਰੈਂਸ ਵਰਗੇ ਖ਼ਤਰਨਾਕ ਸਮੁੰਦਰੀ ਤੂਫ਼ਾਨਾਂ ਨੂੰ ਦੇਖਦੇ ਹੋਏ ਭਾਰਤ ਨੂੰ ਵੀ ਸਬਕ ਲੈਣਾ ਚਾਹੀਦਾ ਹੈ, ਕਿਉਂਕਿ ਇਸ ਦੀ ਭੂਗੋਲਿਕ ਸਥਿਤੀ ਵੀ ਇਹੋ ਜਿਹੀ ਹੈ ਕਿ ਇੱਥੇ ਹਰ ਤਰ੍ਹਾਂ ਦੀ ਸਮੁੰਦਰ ਨਾਲ ਸੰਬੰਧਿਤ

ਕੁਦਰਤੀ ਆਫ਼ਤ ਬਹੁਤ ਜ਼ਿਆਦਾ ਮਾਰ ਕਰ ਸਕਦੀ ਹੈ। ਭਾਰਤ ਦੇ ਦੱਖਣ ਵੱਲ ਤਿੰਨੇ ਪਾਸੇ ਸਮੁੰਦਰ ਲਗਦਾ ਹੈ। ਦੇਸ਼ ਦੇ ਤੱਟਵਰਤੀ ਖੇਤਰ ਦੀ ਕੁੱਲ ਲੰਬਾਈ 7516.6 ਕਿਲੋਮੀਟਰ ਹੈ ਅਤੇ ਦੇਸ਼ ਦੇ 14 ਰਾਜ ਅਤੇ ਕੇਂਦਰ ਸ਼ਾਸਤ ਰਾਜ ਇਸ ਖੇਤਰ ਵਿੱਚ ਸਥਿਤ ਹਨ । ਇਸ ਖੇਤਰ ਵਿੱਚ ਦੇਸ਼ ਦੇ ਲਗਪਗ 40 ਫ਼ੀ ਸਦੀ ਆਬਾਦੀ ਰਹਿੰਦੀ ਹੈ, ਜਿਸ ਨੂੰ ਅਕਸਰ ਚੱਕਰਵਾਤਾਂ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਦੀ ਮਾਰ ਝੱਲਣੀ ਪੈਂਦੀ ਹੈ। ਸਾਡੇ ਦੇਸ਼ ਦਾ ਪੂਰਬੀ ਤੱਟ ਭਾਵ ਬੰਗਾਲ ਦੀ ਖਾੜੀ ਵਾਲਾ ਹਿੱਸਾ ਪੱਛਮੀ ਤੱਟ (ਅਰਬ ਦੀ ਖਾੜੀ) ਵਾਲੇ ਹਿੱਸੇ ਨਾਲੋਂ ਹਰ ਤਰ੍ਹਾਂ ਸਮੁੰਦਰ ਨਾਲ ਸੰਬੰਧਿਤ ਕੁਦਰਤੀ ਆਫ਼ਤਾਂ ਦੀ ਮਾਰ ਵਧੇਰੇ ਝੱਲਦਾ ਹੈ। ਭਾਰਤੀ ਮੌਸਮ ਵਿਭਾਗ ਦੀ ਇਕ ਰਿਪੋਰਟ ਅਨੁਸਾਰ ਚੱਕਰਵਾਤਾਂ ਕਾਰਨ 1980-2000 ਦੇ ਅਰਸੇ ਦੌਰਾਨ ਦੇਸ਼ ਦੇ ਹਰ ਸਾਲ 320 ਮਿਲੀਅਨ ਲੋਕ ਪ੍ਰਭਾਵਿਤ ਹੋਏ ਸਨ ਅਤੇ ਸੰਯੁਕਤ ਰਾਸ਼ਟਰ ਦੀ ਸਾਲ 2014 ਦੀ ਇਕ ਰਿਪੋਰਟ ਅਨੁਸਾਰ ਭਾਰਤ ਦੇ 21 ਲੱਖ 40 ਹਜ਼ਾਰ ਲੋਕ ਸਾਲ 2013 ਵਿੱਚ ਆਪਣੇ ਘਰਾਂ ਤੋਂ ਉੱਜੜ ਗਏ ਸਨ, ਜੋ ਸਾਰੀ ਦੁਨੀਆਂ ਵਿੱਚ ਕੁਦਰਤੀ ਕਰੋਪੀਆਂ ਕਾਰਨ ਉੱਜੜੇ ਲੋਕਾਂ ਦਾ 9.72 ਫ਼ੀ ਸਦੀ ਸਨ । ਜੇਕਰ ਸਿਰਫ਼ ਪਿਛਲੇ ਪੰਜ ਸਾਲਾਂ (2013 ਤੋਂ 2018) ਤਕ ਦੀਆਂ ਕੁਦਰਤੀ ਆਫ਼ਤਾਂ ਦੀ ਹੀ ਗੱਲ ਕਰੀਏ ਜਿਹੜੀਆਂ ਦੇਸ਼ ਦੇ ਤੱਟਵਰਤੀ ਇਲਾਕਿਆਂ ਵਿੱਚ ਵਾਪਰੀਆਂ ਹਨ ਤਾਂ ਉਨ੍ਹਾਂ ਵਿੱਚੋਂ ਮੁੱਖ ਸਾਲ 2013 ਵਿੱਚ ਆਏ ਫੈਲਿਨ, ਹੈਲਨ, ਲਹਿਰ, ਮਹਾਂਸੇਨ ਅਤੇ ਸਾਲ 2014 ਵਿੱਚ ਹੁਦਹੁਦ ਅਤੇ ਸਾਲ 2017 ਵਿੱਚ ਓਖੀ ਚੱਕਰਵਾਤੀ ਤੂਫ਼ਾਨਾਂ ਦੇ ਨਾਲ-ਨਾਲ ਸਾਲ 2015 ਵਿੱਚ ਚੇਨਈ ਵਿੱਚ ਅਤੇ ਇਸ ਸਾਲ ਕੇਰਲਾ ਵਿੱਚ ਪਿਆ ਭਾਰੀ ਮੀਂਹ ਆਦਿ ਸ਼ਾਮਲ ਹਨ। ਇਨ੍ਹਾਂ ਨਾਲ ਹੋਈ ਭਾਰੀ ਤਬਾਹੀ ਨੇ ਦੇਸ਼ ਦੇ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਨਾਲ ਸਿੱਝਣ ਦੇ ਝੂਠੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਾਲ 2004 ਤਕ ਤਾਂ ਸਾਡੇ ਦੇਸ਼ ਵਿੱਚ ਕਿਸੇ ਵੀ ਆਫ਼ਤ ਪ੍ਰਬੰਧਕ ਕਮੇਟੀ ਦਾ ਗਠਨ ਵੀ ਨਹੀਂ ਹੋਇਆ ਸੀ। 26 ਦਸੰਬਰ 2004 ਨੂੰ ਭਿਆਨਕ ਸੁਨਾਮੀ ਦੀ ਮਾਰ ਝੱਲਣ ਤੋਂ ਬਾਅਦ ਸਾਡੀ ਸਰਕਾਰ ਹਰਕਤ ਵਿੱਚ ਆਈ ਅਤੇ ਫਿਰ ਕੌਮੀ ਆਫ਼ਤ ਪ੍ਰਤਿਕਿਰਿਆ ਬਲ (ਐੱਨ.ਡੀ.ਆਰ. ਐੱਫ.) ਕੌਮੀ ਆਫ਼ਤ ਪ੍ਰਬੰਧਨ ਕਮੇਟੀ (ਐਨ.ਡੀ.ਐੱਸ.ਏ.) ਅਤੇ ਜ਼ਿਲ੍ਹਾ ਆਫ਼ਤ ਪ੍ਰਬੰਧਕ ਕਮੇਟੀਆਂ ਆਦਿ ਹੋਂਦ ਵਿੱਚ ਆਈਆਂ । ਇਸ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਦੀ ਮੌਸਮੀ ਆਫ਼ਤ ਵੇਲੇ ਫ਼ੌਜੀ ਦਸਤਿਆਂ ਨੂੰ ਹੀ ਬੁਲਾ ਲਿਆ



ਜਾਂਦਾ ਸੀ। ਸਾਲ 2007 ਵਿੱਚ ਭਾਰਤ ਸੁਨਾਮੀ ਦੀ ਅਗਾਊਂ ਸੂਚਨਾ ਦੇਣ ਵਾਲਾ ਕੇਂਦਰ ਵੀ ਸਥਾਪਿਤ ਕੀਤਾ ਗਿਆ ਸੀ। ਸਾਲ 2004 ਦੀ ਸੁਨਾਮੀ ਤੋਂ ਬਾਅਦ ਹਿੰਦ-ਮਹਾਂਸਾਗਰ ਦੇ ਸਾਰੇ ਦੇਸ਼ਾਂ ਨੇ ਆਉਣ ਵਾਲੇ ਸਮੇਂ ਵਿੱਚ ਸੁਨਾਮੀ ਦੀ ਮਾਰ ਤੋਂ ਬਚਣ ਲਈ ਇਕ ਖੋਜ ਸੰਸਥਾ ਸਥਾਪਿਤ ਕਰ ਲਈ ਸੀ, ਜਿਸ ਨੇ ਇਸ ਖੇਤਰ ਵਿੱਚ ਸੁਨਾਮੀ ਅਤੇ ਭੁਚਾਲ ਆਉਣ ਦੀ ਸੂਰਤ ਵਿੱਚ ਅਗਾਊਂ ਸੂਚਨਾ ਦੇਣੀ ਸੀ । ਇਸ ਸੰਸਥਾ ਨੇ ਭਾਰਤ, ਆਸਟਰੇਲੀਆ ਅਤੇ ਇੰਡੋਨੇਸ਼ੀਆ ਆਦਿ ਦੇਸ਼ਾਂ ਵਿੱਚ ਤਿੰਨ ਸਹਾਇਤਾ ਕੇਂਦਰ ਵੀ ਸਥਾਪਿਤ ਕੀਤੇ ਸਨ ਜੋ ਬਾਕੀ ਦੇਸ਼ਾਂ ਨੂੰ ਸੁਨਾਮੀ ਅਤੇ ਭੁਚਾਲਾਂ ਦੇ ਆਉਣ ਬਾਰੇ ਅਗਾਊਂ ਸੂਚਨਾ ਦੇਣ ਦਾ ਪ੍ਰਬੰਧ ਕਰਨਗੇ । ਇਸ ਅਨੁਸਾਰ ਭਾਰਤ ਵਿੱਚ ਭਾਰਤੀ ਤੱਟਵਰਤੀ ਖੇਤਰ ਵਾਲੇ ਸਾਰੇ ਰਾਜਾਂ ਨੇ ਆਪਣੇ-ਆਪਣੇ ਰਾਜ ਵਿੱਚ ਲੋੜੀਂਦੀ ਆਫ਼ਤ ਪ੍ਰਬੰਧਨ ਯੋਜਨਾ ਬਣਾਉਣੀ ਸੀ ਅਤੇ ਉਸ ਅਨੁਸਾਰ ਅਧਿਕਾਰੀਆਂ ਨੂੰ ਟਰੇਨਿੰਗ ਵੀ ਦੇਣੀ ਸੀ ਤਾਂ ਕਿ ਸੁਨਾਮੀ ਵਰਗੀ ਆਫ਼ਤ ਆਉਣ ਦੀ ਸੂਰਤ ਵਿੱਚ ਉਸ ਦੇ ਨੁਕਸਾਨ ਨੂੰ ਵੱਧ ਤੋਂ ਵੱਧ ਘਟਾਇਆ ਜਾ ਸਕੇ, ਪਰ ਸਾਲ 2013 ਵਿੱਚ ਕੈਗ ਦੀ ਇਕ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ ਦੇਸ਼ ਦੀ ਕੇਂਦਰ ਸਰਕਾਰ ਅਤੇ ਸੰਬੰਧਿਤ ਰਾਜ ਸਰਕਾਰਾਂ ਨੇ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਲਈ, ਜਿਸ ਕਾਰਨ ਯੋਜਨਾਵਾਂ ਕਾਗ਼ਜ਼ਾਂ ਤਕ ਹੀ ਸੀਮਿਤ ਹੋ ਕੇ ਰਹਿ ਗਈਆਂ । ਸੁਨਾਮੀ ਆਉਣ ਦੀ ਅਗਾਊਂ ਸੂਚਨਾ ਦੇਣ ਵਾਲਾ ਸਿਸਟਮ ਆਂਧਰਾ ਪ੍ਰਦੇਸ਼ ਦੇ ਪੂਰਬੀ ਗੋਦਾਵਰੀ ਜ਼ਿਲ੍ਹੇ ਵਿੱਚ ਲੱਗਣ ਤੋਂ ਇਕ ਸਾਲ ਬਾਅਦ ਹੀ ਬੰਦ ਹੋ ਗਿਆ ਸੀ ਅਤੇ ਕੁਝ ਰਾਜਾਂ ਨੇ ਫੰਡ ਹੁੰਦੇ ਹੋਏ ਵੀ ਇਸ ਸੰਬੰਧੀ ਸ਼ੁਰੂ ਹੋਏ ਪ੍ਰਾਜੈਕਟਾਂ ਨੂੰ ਅਧੂਰੇ ਹੀ ਛੱਡ ਦਿੱਤਾ ਸੀ। ਹੁਣ ਕਈ ਸਾਲਾਂ ਦੀ ਸੁਸਤੀ ਤੋਂ ਬਾਅਦ ਕੁਝ ਰਾਜ ਸਰਕਾਰਾਂ ਇਸ ਆਫ਼ਤ ਤੋਂ ਬਚਣ ਲਈ ਕੁਝ ਉਪਰਾਲੇ ਸ਼ੁਰੂ ਕਰਨ ਲੱਗੀਆਂ ਹਨ।

ਭਾਰਤ ਵਿੱਚ ਭਾਵੇਂ ਚੱਕਰਵਾਤੀ ਤੂਫ਼ਾਨਾਂ ਦੀ ਆਮਦ ਬਾਰੇ ਲੋਕਾਂ ਨੂੰ ਅਗਾਊਂ ਸੂਚਨਾ ਦੇ ਦਿੱਤੀ ਜਾਂਦੀ ਹੈ, ਜਿਸ ਨਾਲ ਮਨੁੱਖੀ ਜ਼ਿੰਦਗੀਆਂ ਨੂੰ ਤਾਂ ਬਚਾ ਲਿਆ ਜਾਂਦਾ ਹੈ ਪਰ ਸੁਨਾਮੀ ਵਰਗੀਆਂ ਭਿਆਨਕ ਕੁਦਰਤੀ ਆਫ਼ਤਾਂ ਤੋਂ ਦੇਸ਼ ਨੂੰ ਬਚਾਉਣ ਲਈ ਹਾਲੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਚੱਕਰਵਾਤਾਂ ਅਤੇ ਸੁਨਾਮੀ ਆਉਣ ਦੀ ਅਗਾਊਂ ਚਿਤਾਵਨੀ ਦੇਣ ਵਾਲੇ ਯੰਤਰਾਂ ਨੂੰ ਚੁਸਤ-ਦਰੁਸਤ ਰੱਖੇ ਤਾਂ ਕਿ ਲੋਕਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ । ਇਸ ਤੋਂ ਇਲਾਵਾ

ਤੱਟਵਰਤੀ ਸਮੁੰਦਰੀ ਰਾਜਾਂ ਨੂੰ ਚਾਹੀਦਾ ਹੈ ਕਿ ਆਪਣੇ ਰਾਜ ਦੇ ਹਰ ਇਕ ਜ਼ਿਲ੍ਹੇ ਦੇ ਸੰਵੇਦਨਸ਼ੀਲ ਖੇਤਰ ਦਾ ਜਾਇਜ਼ਾ ਲੈ ਕੇ ਖੇਤਰ ਵਿੱਚ ਆਉਣ ਵਾਲੀ ਕੁਦਰਤੀ ਆਫ਼ਤ ਨਾਲ ਸਿੱਝਣ ਲਈ ਟੀਮ ਦੇ ਮੈਂਬਰਾਂ ਨੂੰ ਟਰੇਨਿੰਗ ਦੇਵੇ ਅਤੇ ਇਸ ਦੇ ਨਾਲ-ਨਾਲ ਲੋਕਾਂ ਨੂੰ ਉਸ ਆਫ਼ਤ ਦੇ ਖ਼ਤਰੇ ਬਾਰੇ ਅਤੇ ਉਸ ਆਫ਼ਤ ਨਾਲ ਸਿੱਝਣ ਲਈ ਜਾਗਰੂਕ ਕਰੇ। ਸਰਕਾਰ ਸੰਵੇਦਨਸ਼ੀਲ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਇਮਾਰਤਾਂ ਬਣਾਉਣ ਅਤੇ ਵਿਕਾਸ ਕਾਰਜਾਂ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾਏ। ਸਰਕਾਰ ਤੱਟਵਰਤੀ ਬਨਸਪਤੀ ਅਤੇ ਜਲਗਾਹਾਂ ਨੂੰ ਨਾ ਉਜਾੜੇ ਸਗੋਂ ਉਨ੍ਹਾਂ ਦੀ ਹੋਂਦ ਨੂੰ ਬਾਕਾਇਦਗੀ ਨਾਲ ਬਰਕਰਾਰ ਰੱਖੇ, ਤਾਂ ਕਿ ਸੁਨਾਮੀ ਜਾਂ ਚੱਕਰਵਾਤ ਆਉਣ ਦੀ ਹਾਲਤ ਵਿੱਚ ਉਹ ਉਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਵਿੱਚ ਮਦਦਗਾਰ ਹੋ ਸਕਣ। ਇਸ ਤੋਂ ਇਲਾਵਾ ਤੱਟਵਰਤੀ ਇਲਾਕਿਆਂ ਨੂੰ ਬਚਾਉਣ ਲਈ ਸਮੁੰਦਰੀ ਦੀਵਾਰਾਂ ਅਤੇ ਬੰਨ੍ਹ ਬਣਾ ਕੇ ਸਮੁੰਦਰ ਦੀਆਂ ਤੇਜ਼ ਲਹਿਰਾਂ ਦੀ ਦਿਸ਼ਾ ਬਦਲਣ ਵਰਗੇ ਉਪਰਾਲੇ ਵੀ ਕਰਨੇ ਬਣਦੇ ਹਨ। ਅੱਜਕੱਲ੍ਹ ਦੀਆਂ ਹਾਲਤਾਂ ਵਿੱਚ ਸੁਨਾਮੀ ਵਰਗੀ ਕੁਦਰਤੀ ਆਫ਼ਤ ਤੋਂ ਬਚਣ ਲਈ ਹਰ ਦੇਸ਼ ਨੂੰ ਆਪਣੇ ਆਪ ਕਾਫ਼ੀ ਜ਼ਿਆਦਾ ਉਪਰਾਲੇ ਕਰਨ ਦੀ ਲੋੜ ਹੈ, ਕਿਉਂਕਿ ਇਕ ਤਾਂ ਤਾਪਮਾਨ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਿਸ ਨਾਲ ਇਨ੍ਹਾਂ ਆਫ਼ਤਾਂ ਦੀ ਆਮਦ ਅਤੇ ਮਾਰ ਦੀ ਗਹਿਰਾਈ ਵਿੱਚ ਵਾਧਾ ਹੋਣ ਦੇ ਪੁਖਤਾ ਸਬੂਤ ਮਿਲ ਰਹੇ ਹਨ ਅਤੇ ਦੂਜੇ ਅੰਤਰ-ਰਾਸ਼ਟਰੀ ਪੱਧਰ ਉੱਤੇ ਤਾਪਮਾਨ ਵਿੱਚ ਵਾਧਾ ਕਰਨ ਵਾਲੀਆਂ ਗੈਸਾਂ ਦੀ ਨਿਕਾਸੀ ਵਿੱਚ ਕਟੌਤੀ ਕਰਨ ਲਈ ਵਿਕਸਿਤ ਦੇਸ਼ ਕੋਈ ਰਾਹ ਨਹੀਂ ਦੇ ਰਹੇ, ਜਿਸ ਕਾਰਨ ਤਾਪਮਾਨ ਵਿੱਚ ਹੋ ਰਿਹਾ ਵਾਧਾ ਰੁਕ ਨਹੀਂ ਰਿਹਾ। ਸੋ, ਨਤੀਜੇ ਵਜੋਂ ਜਿੰਨਾ ਤਾਪਮਾਨ ਵਿੱਚ ਵਾਧਾ ਹੁੰਦਾ ਹੈ ਓਨਾ ਹੀ ਅਸੀਂ ਕੁਦਰਤੀ ਆਫ਼ਤਾਂ ਦੇ ਵੱਧ ਸਨਮੁੱਖ ਹੁੰਦੇ ਹਾਂ।

—ਪ੍ਰੋਫ਼ੈਸਰ ਭੂਗੋਲ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋ: 99156-82196

(ਰੋ: ਅਜੀਤ 09-01-2019 'ਚੋਂ ਧੰਨਵਾਦ ਸਹਿਤ !)



## ਵਣ ਸ਼ਕਤੀ ਤੇ ਜਲ ਸ਼ਕਤੀ ਨਾਲ ਹੀ ਮਿਲ ਸਕਦਾ ਹੈ ਚੰਗਾ ਵਾਤਾਵਰਨ

**ਪੂਰਨ ਚੰਦ ਸਰੀਨ**

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 5 ਜੂਨ ਦਾ ਵਾਤਾਵਰਨ ਦਿਵਸ ਕੁਝ ਵਾਅਦਿਆਂ, ਭਾਸ਼ਣਾਂ, ਪ੍ਰੋਗਰਾਮਾਂ ਦੇ ਨਾਲ ਗੁਜ਼ਰ ਗਿਆ। ਪਹਿਲਾਂ ਦੀ ਤਰ੍ਹਾਂ ਵਧਦੇ ਤਾਪਮਾਨ, ਘਟਦੇ ਜਲ ਸਰੋਤ, ਗੰਭੀਰ ਹੁੰਦੇ ਜਾਂਦੇ ਪ੍ਰਦੂਸ਼ਣ ਅਤੇ ਜ਼ਿੰਦਗੀ ਜਿਊਣ ਦੇ ਘੱਟ ਹੁੰਦੇ ਜਾ ਰਹੇ ਕੁਦਰਤੀ ਸਰੋਤਾਂ ਨੂੰ ਲੈ ਕੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਅਤੇ ਪੁਰਾਣੇ ਭਰੋਸਿਆਂ ਨੂੰ ਦੁਹਰਾਉਣ ਨਾਲ ਇਹ ਦਿਨ ਭੂਤਕਾਲ 'ਚ ਬਦਲ ਗਿਆ। ਜੰਗਲਾਂ ਦੀ ਮਹੱਤਤਾ ਨੂੰ ਜਿਨ੍ਹਾਂ ਲੋਕਾਂ ਨੇ ਸਮਝਿਆ ਉਹ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਵੀ ਇਨ੍ਹਾਂ ਦੀ ਰੱਖਿਆ ਤੇ ਪਾਲਣ-ਪੋਸ਼ਣ ਕਰਦੇ ਹਨ। ਇਹ ਗੱਲ ਮੈਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਵਣ ਵਿਭਾਗ ਲਈ ਕੁਝ ਸਮਾਂ ਪਹਿਲਾਂ ਫ਼ਿਲਮ ਬਣਾਉਂਦੇ ਸਮੇਂ ਮੈਂ ਖ਼ੁਦ ਜੰਗਲਾਂ ਦੀ ਦੁਰਦਸ਼ਾ ਦੇਖੀ ਸੀ। ਜਦੋਂ ਕਿਸੇ ਦਰੱਖਤ ਦੇ ਕੱਟੇ ਜਾਣ ਦਾ ਦ੍ਰਿਸ਼ ਸਾਹਮਣੇ ਆਉਂਦਾ ਹੈ ਤਾਂ ਸੁੰਦਰ ਲਾਲ ਬਹੁਗੁਣਾ ਦੀ ਯਾਦ ਆ ਜਾਂਦੀ ਹੈ, ਜੋ ਦਰੱਖਤ ਨਾਲ ਲਿਪਟ ਜਾਂਦੇ ਸਨ ਅਤੇ ਬਾਅਦ ਵਿੱਚ 'ਚਿਪਕੋ ਅੰਦੋਲਨ' ਦੇ ਸੂਤਰਧਾਰ ਬਣੇ। ਸਾਡੇ ਦੇਸ਼ ਵਿੱਚ ਜੰਗਲਾਂ ਨੂੰ ਬਚਾਉਣ ਲਈ ਅਨੇਕ ਤਰ੍ਹਾਂ ਦੇ ਪਰੰਪਰਾਗਤ ਉਪਾਅ ਕੀਤੇ ਜਾਂਦੇ ਰਹੇ ਹਨ। ਇਕ ਉਦਾਹਰਨ ਹੈ ਮੇਘਾਲਿਆ 'ਚ ਪਵਿੱਤਰ ਵਣ ਸਥਲੀ ਦੇ ਰੂਪ 'ਚ ਵਿਸ਼ਾਲ ਜੰਗਲ, ਜਿੱਥੋਂ ਕੋਈ ਇਕ ਪੱਤਾ ਜਾਂ ਟਾਹਣੀ ਤਕ ਨਹੀਂ ਲਿਜਾ ਸਕਦਾ। ਇਸ ਨੂੰ ਆਸਥਾ ਅਤੇ ਵਿਸ਼ਵਾਸ ਨਾਲ ਜੋੜ ਦਿੱਤਾ ਗਿਆ ਕਿ ਜੇਕਰ ਕੋਈ ਅਜਿਹਾ ਕਰਨ ਦੀ ਕੋਸ਼ਿਸ਼ ਵੀ ਕਰੇਗਾ ਤਾਂ ਵਣ ਦੇਵਤਾ ਦੀ ਸਜ਼ਾ ਦਾ ਹੱਕਦਾਰ ਹੋਵੇਗਾ। ਇਸ ਗੱਲ ਨੂੰ ਅਸੀਂ ਇਸ ਤਰ੍ਹਾਂ ਸਮਝੀਏ ਕਿ ਅੱਜ ਮਾਰੂਥਲ ਨਾਲ ਘਿਰੇ ਜੈਸਲਮੇਰ ਦੇ ਸਥਾਨਕ ਲੋਕਾਂ ਦੇ ਜਾਗਰੂਕ ਅਤੇ ਹਰਿਆਲੀ ਪ੍ਰਤੀ ਸੰਵੇਦਨਸ਼ੀਲ ਹੋਣ ਦੇ ਕਾਰਨ ਉੱਥੇ ਪਾਣੀ ਦੀ ਕਮੀ ਨਹੀਂ ਹੈ, ਜਦਕਿ ਵਿਸ਼ਵ ਵਿੱਚ ਸਭ ਤੋਂ ਜ਼ਿਆਦਾ ਮੀਂਹ ਦਾ ਰਿਕਾਰਡ ਰੱਖਣ ਵਾਲਾ ਚਿਰਾਪੂੰਜੀ ਪਾਣੀ ਦੀ ਘਾਟ ਦੇ ਖ਼ਤਰੇ ਨਾਲ ਜੂਝ ਰਿਹਾ ਹੈ ਅਤੇ ਉੱਥੇ ਜਾਣ 'ਤੇ ਹੁਣ ਉਹੋ ਜਿਹੇ ਮਨਮੋਹਕ ਦ੍ਰਿਸ਼ ਨਹੀਂ ਦਿਸਦੇ ਜਿਸ ਤਰ੍ਹਾਂ ਅੱਜ ਤੋਂ 30-40 ਸਾਲ ਪਹਿਲਾਂ ਦਿਸਦੇ ਸਨ। ਇਸ ਦਾ ਕਾਰਨ ਸਿਰਫ਼ ਇਹੀ ਹੋਇਆ ਕਿ ਇਕ ਜਗ੍ਹਾ ਪਾਣੀ ਨੂੰ ਬਚਾਉਣ ਲਈ ਸਾਰੇ ਉਪਾਅ ਕੀਤੇ ਗਏ, ਕਿਉਂਕਿ ਉੱਥੋਂ ਦੇ ਲੋਕਾਂ ਨੂੰ ਪਾਣੀ ਦੀ ਕੀਮਤ ਦਾ ਪਤਾ ਸੀ ਅਤੇ ਦੂਜੀ ਜਗ੍ਹਾ ਪਾਣੀ ਭਰਪੂਰ ਸੀ; ਇਸ ਲਈ ਪਾਣੀ ਨੂੰ ਬਚਾਉਣ ਲਈ ਉਦਾਸੀਨਤਾ ਅਤੇ ਲਾਪਰਵਾਹੀ ਤੋਂ ਕੰਮ ਲਿਆ ਗਿਆ। ਦਰਖ਼ਤ ਪਾਣੀ ਸੋਖਦੇ ਹਨ ਅਤੇ

ਉਸ ਨੂੰ ਵਾਤਾਵਰਨ ’ਚ ਛੱਡਦੇ ਹਨ। ਇਕ ਔਸਤ ਦਰਖ਼ਤ ਇਕ ਦਿਨ ’ਚ 250 ਤੋਂ 400 ਗੈਲਨ ਪਾਣੀ ਸੋਖਣ ਅਤੇ ਛੱਡਣ ਦਾ ਕੰਮ ਕਰਦਾ ਹੈ। ਕਹਿ ਸਕਦੇ ਹਾਂ ਕਿ ਧਰਤੀ ਨੂੰ ਤਿੰਨ-ਚੌਥਾਈ ਪਾਣੀ ਜੰਗਲਾਂ ਦੀ ਬਾਰਸ਼ ਰਾਹੀਂ ਮਿਲਦਾ ਹੈ। ਇਹੋ ਨਹੀਂ, ਇਕ ਦਰਖ਼ਤ ਪਾਣੀ ਨੂੰ ਹੜ੍ਹ ਦਾ ਰੂਪ ਲੈਣ ਤੋਂ ਵੀ ਰੋਕਦਾ ਹੈ। ਇਸ ਤਰ੍ਹਾਂ ਸਮਝਣਾ ਸੌਖਾ ਹੋ ਜਾਂਦਾ ਹੈ ਕਿ ਦਰਖ਼ਤ ਅਤੇ ਪਾਣੀ ਇਕ-ਦੂਜੇ ਦੇ ਪੂਰਕ ਹਨ ਅਤੇ ਇਕ ਤੋਂ ਬਿਨਾਂ ਦੂਜੇ ਦਾ ਨਾ ਤਾਂ ਮਹੱਤਵ ਹੈ ਅਤੇ ਨਾ ਹੀ ਅਜ਼ਾਦ ਹੋਂਦ ਰਹਿ ਸਕਦੀ ਹੈ। ਕੀ ਤੁਸੀਂ ਕਿਸੇ ਦਰੱਖਤ ਨਾਲ ਗੱਲ ਕਰਨ ਦਾ ਅਨੰਦ ਲਿਆ ਹੈ ? ਉਸ ਦੇ ਕਿਸੇ ਰਖਵਾਲੇ ਤੋਂ ਪੁੱਛੋ ਤਾਂ ਪਤਾ ਲੱਗੇਗਾ ਕਿ ਦਰਖ਼ਤ ਨੂੰ ਵੀ ਖ਼ੁਸ਼ੀ ਅਤੇ ਅਨੰਦ ਨਾਲ ਝੂਮਣਾ ਆਉਂਦਾ ਹੈ ਅਤੇ ਆਪਣੇ ਕੱਟੇ ਜਾਣ ਅਤੇ ਸੁੱਕ ਜਾਣ ’ਤੇ ਉਸ ਨੂੰ ਦੁੱਖ ਵੀ ਹੁੰਦਾ ਹੈ। ਇਸ ਲਈ ਦਰਖ਼ਤ ’ਚ ਜੀਵਨ ਦੀ ਕਲਪਨਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਕਿਸੇ ਨਦੀ, ਝਰਨੇ ਜਾਂ ਤਲਾਬ ਦੇ ਆਸ-ਪਾਸ ਉਨ੍ਹਾਂ ਦੀ ਧੁਨੀ ਸੁਣੀ ਜਾ ਸਕਦੀ ਹੈ। ਕੁਦਰਤ ਦਾ ਪ੍ਰਬੰਧ ਵੇਖੋ ਕਿ ਪਾਣੀ ਦੀ ਨਮੀ ਨੂੰ ਦਰਖ਼ਤ ਸੋਖ ਲੈਂਦੇ ਹਨ ਅਤੇ ਫਿਰ ਪੂਰੇ ਵਾਤਾਵਰਨ ਨੂੰ ਸ਼ੀਤਲ ਕਰ ਦਿੰਦੇ ਹਨ। ਇਸ ਆਧਾਰ ’ਤੇ ਅੱਜ ਨਮੀ ਤੋਂ ਪੀਣਯੋਗ ਪਾਣੀ ਇਕੱਠਾ ਕਰਨ ਦੀ ਵਿਧੀ ’ਤੇ ਸਫਲਤਾਪੂਰਵਕ ਕੰਮ ਹੋ ਰਿਹਾ ਹੈ ਅਤੇ ਇਕ ਅਸੀਂ ਹਾਂ ਕਿ ਜੰਗਲ ਅਤੇ ਪਾਣੀ ਦੋਵਾਂ ਨੂੰ ਹੀ ਬਰਬਾਦ ਕਰਨ ’ਤੇ ਤੁਲੇ ਹੋਏ ਹਾਂ ਅਤੇ ਕੇਵਲ ਗੱਲਾਂਬਾਤਾਂ ਨਾਲ ਇਨ੍ਹਾਂ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਾਂ ।

ਅੱਜ ਅਸੀਂ ਜੋ ਸਾਹ ਲੈਣ ਲਈ ਸ਼ੁੱਧ ਹਵਾ ਦੇ ਸੰਕਟ ਨਾਲ ਜੂਝ ਰਹੇ ਹਾਂ, ਉਸ ਦਾ ਸਭ ਤੋਂ ਵੱਡਾ ਕਾਰਨ ਦਰਖ਼ਤ ਅਤੇ ਪਾਣੀ ਦੀ ਕਦਰ ਨਾ ਕਰਨਾ ਹੈ। ਜੰਗਲ ਖੇਤਰ ਘੱਟ ਹੁੰਦੇ ਜਾਣ ਨਾਲ ਹਵਾ ਪ੍ਰਦੂਸ਼ਣ ਵਧ ਰਿਹਾ ਹੈ। ਖ਼ਬਰਾਂ ਅਨੁਸਾਰ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਬਿਹਾਰ, ਰਾਜਸਥਾਨ, ਵਿੱਚ ਹੋਣ ਵਾਲੀਆਂ 50 ਫ਼ੀ ਸਦੀ ਤੋਂ ਜ਼ਿਆਦਾ ਮੌਤਾਂ ਲਈ ਹਵਾ ਪ੍ਰਦੂਸ਼ਣ ਜ਼ਿੰਮੇਵਾਰ ਹੈ। ਮਰਨ ਵਾਲਿਆਂ ’ਚੋਂ ਅੱਧੇ 70 ਸਾਲ ਤੋਂ ਘੱਟ ਉਮਰ ਦੇ ਹਨ। ਮਤਲਬ ਨੌਜਵਾਨ ਪੀੜ੍ਹੀ ਅਤੇ ਸਮਾਜ ਦੇ ਵਿਕਾਸ ਵਿੱਚ ਸਾਰਥਿਕ ਅਤੇ ਪ੍ਰਪੱਕ ਯੋਗਦਾਨ ਦੇਣ ਵਾਲੀ ਜਨ-ਸੰਖਿਆ ਅਣਿਆਈ ਮੌਤ ਦੀ ਸ਼ਿਕਾਰ ਹੋ ਰਹੀ ਹੈ। ਇਸ ਦੇ ਉਲਟ ਜੇਕਰ ਹਵਾ ਪ੍ਰਦੂਸ਼ਣ ਨਾ ਹੋਵੇ ਤਾਂ ਇਨਸਾਨ ਦੀ ਉਮਰ 17 ਸਾਲ ਵਧ ਸਕਦੀ ਹੈ। ਜਿੱਥੋਂ ਤਕ ਜਲ ਸ਼ਕਤੀ ਦੀ ਗੱਲ ਹੈ, ਸਾਡੀਆਂ ਸਾਰੀਆਂ ਨਦੀਆਂ ਪ੍ਰਦੂਸ਼ਿਤ ਹੋਣ ਦੇ ਭਿਆਨਕ ਦੌਰ ’ਚੋਂ ਗੁਜ਼ਰ ਰਹੀਆਂ ਹਨ। ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਕਾਰਨ ਸਾਹਮਣੇ ਆਉਣ ਵਾਲੇ ਅੰਕੜੇ ਪ੍ਰੇਸ਼ਾਨ ਕਰ ਸਕਦੇ ਹਨ । ਅਸਲ ਕਾਰਨ ਸਾਡੀ ਸੋਚ ਅਤੇ ਕਥਨੀ-ਕਰਨੀ ’ਚ ਕੋਈ ਤਾਲਮੇਲ ਦਾ ਨਾ ਹੋਣਾ, ਵਿਗਿਆਨ



ਅਤੇ ਤਕਨੀਕ ਪ੍ਰਤੀ ਉਦਾਸੀਨਤਾ ਹੈ। ਮਿਸਾਲ ਦੇ ਤੌਰ ’ਤੇ ਸਾਡੇ ਸ਼ਹਿਰਾਂ, ਕਸਬਿਆਂ ਅਤੇ ਪੇਂਡੂ ਇਲਾਕਿਆਂ ’ਚ ਇਕ ਵੱਡੀ ਸਮੱਸਿਆ ਨਾਲਿਆਂ ਅਤੇ ਨਾਲੀਆਂ ਦੀ ਹੈ। ਜੇਕਰ ਉੱਥੇ ਕੋਈ ਤਲਾਬ, ਨਹਿਰ ਜਾਂ ਝੀਲ ਹੈ ਤਾਂ ਉਨ੍ਹਾਂ ’ਚ ਗ਼ੰਦਗੀ ਨੂੰ ਬੇਰੋਕ-ਟੋਕ ਪਾਉਣ ਅਤੇ ਜਮ੍ਹਾਂ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਈ ਸਾਲਾਂ ਤਕ ਇਨ੍ਹਾਂ ਦੀ ਸਫ਼ਾਈ ਨਾ ਹੋਣ ਨਾਲ ਇੱਥੇ ਰਹਿਣ ਵਾਲੇ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਕਈ ਥਾਵਾਂ ’ਤੇ ਤਾਂ ਗ਼ੰਦਗੀ ਏਨੀ ਹੈ ਕਿ ਉੱਥੋਂ ਗੁਜ਼ਰਨਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਹੈ ।

ਸਾਡੇ ਹੀ ਦੇਸ਼ ਦੀ ਲੈਬ (ਪ੍ਰਯੋਗਸ਼ਾਲਾ), ਜੋ ਨਾਗਪੁਰ ’ਚ ਹੈ ਅਤੇ ਨੀਰੀ ਦੇ ਨਾਂ ਨਾਲ ਦੁਨੀਆਂ ਭਰ ’ਚ ਮਸ਼ਹੂਰ ਹੋ ਚੁੱਕੀ ਹੈ। ਉਸ ਨੇ ਇਕ ਅਜਿਹੀ ਤਕਨਾਲੋਜੀ ਦਾ ਵਿਕਾਸ ਕੀਤਾ ਹੈ, ਜਿਸ ਨਾਲ ਇਨ੍ਹਾਂ ਨਾਲੇ-ਨਾਲੀਆਂ, ਝੀਲਾਂ ਅਤੇ ਤਲਾਬਾਂ ਨੂੰ ਸੈਰ-ਸਪਾਟੇ ਦੀ ਥਾਂ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਸ਼ਹਿਰ ਹੋਵੇ ਜਾਂ ਪਿੰਡ, ਕਈ ਥਾਵਾਂ ’ਤੇ ਕੂੜੇ ਦੇ ਪਹਾੜ ਬਣ ਗਏ ਹਨ। ਇਨ੍ਹਾਂ ਨੂੰ ਸਾਡੀ ਹੀ ਲੈਬ ’ਚ ਬਣੀ ਤਕਨਾਲੋਜੀ ਦੇ ਇਸਤੇਮਾਲ ਨਾਲ ਸਸਤੇ ਈਂਧਨ ਅਤੇ ਜੈਵਿਕ ਖਾਦ ’ਚ ਬਦਲਿਆ ਜਾ ਸਕਦਾ ਹੈ। ਅਜਿਹਾ ਨਹੀਂ ਹੈ ਕਿ ਇਸ ਤਰ੍ਹਾਂ ਨਹੀਂ ਹੋ ਰਿਹਾ । ਮੈਂ ਖ਼ੁਦ ਆਪਣੀਆਂ ਫ਼ਿਲਮਾਂ ਦੇ ਨਿਰਮਾਣ ਦੌਰਾਨ ਅਜਿਹੇ ਬਹੁਤ ਸਾਰੇ ਕਸਬੇ ਅਤੇ ਜ਼ਿਲ੍ਹੇ ਦੇਖੇ ਹਨ, ਜਿੱਥੇ ਕੂੜੇ ਦਾ ਸਹੀ ਇਸਤੇਮਾਲ ਹੋ ਰਿਹਾ ਹੈ ਅਤੇ ਉੱਥੇ ਭਰਪੂਰ ਖ਼ੁਸ਼ਹਾਲੀ ਹੈ । ਜਦੋਂ ਅਜਿਹਾ ਹੈ ਤਾਂ ਉਦਾਹਰਨ ਦੇਣ ਲਈ ਦਿੱਲੀ ਦੇ ਕੂੜੇ ਦੇ ਪਹਾੜ ਦਾ ਕੁਤੁਬ-ਮਿਨਾਰ ਜਿੱਡਾ ਹੋ ਜਾਣਾ ਕੀ ਕਹਾਣੀ ਕਹਿੰਦਾ ਹੈ, ਇਹ ਸਮਝਣਾ ਕੋਈ ਮੁਸ਼ਕਿਲ ਨਹੀਂ ਹੈ। ਇਸੇ ਤਰ੍ਹਾਂ ਦਿੱਲੀ ਅਤੇ ਨੋਇਡਾ ’ਚ ਜੋ ਨਾਲਾ ਉੱਥੇ ਆਫ਼ਤ ਦਾ ਕਾਰਨ ਬਣ ਚੁੱਕਾ ਹੈ ਅਤੇ ਮੁੰਬਈ ’ਚ ਸ਼ਹਿਰ ਦੇ ਬਿਲਕੁਲ ਵਿਚਕਾਰ ਵਹਿੰਦਾ ਵਿਸ਼ਾਲ ਨਾਲਾ ਅਤੇ ਇਸੇ ਤਰ੍ਹਾਂ ਦੇ ਦੂਜੇ ਮਹਾਂਨਗਰਾਂ ’ਚ ਕਲੰਕ ਦੀ ਤਰ੍ਹਾਂ ਹਨ। ਇਨ੍ਹਾਂ ਬਾਰੇ ਕੁਝ ਨਾ ਹੀ ਕਿਹਾ ਜਾਵੇ ਤਾਂ ਚੰਗਾ ਹੈ । ਇਹ ਹਾਲਤ ਇਸ ਲਈ ਹੈ ਕਿਉਂਕਿ ਸੂਬਾਈ ਸਰਕਾਰਾਂ ਤੋਂ ਲੈ ਕੇ ਕੇਂਦਰ ਸਰਕਾਰ ਤਕ ਸਾਰੇ ਇਸ ਮਾਮਲੇ ’ਚ ਕੁੰਭਕਰਨੀ ਨੀਂਦ ਸੁੱਤੇ ਹੋਏ ਹਨ।

ਇਹ ਸਾਡੀ ਨੀਤੀ ਘਾੜਿਆਂ ਅਤੇ ਸਥਾਨ ਦੀ ਵਾਗਡੋਰ ਸੰਭਾਲੀ ਬੈਠੇ ਸੱਤਾਧਾਰੀ ਦਲਾਂ ਦੀ ਮਾਨਸਿਕਤਾ ’ਤੇ ਨਿਰਭਰ ਹੈ ਕਿ ਉਹ ਮਨੁੱਖਤਾ ਨੂੰ ਪ੍ਰਦੂਸ਼ਣ ਤੋਂ ਮੁਕਤੀ ਦਿਵਾਉਣ ਦਾ ਕੰਮ ਕਰਨ । ਨਹੀਂ ਤਾਂ ਵਾਤਾਵਰਨ ਦਿਵਸ ਦੀ ਖਾਨਾਪੂਰਤੀ ਤਾਂ ਹਰ ਸਾਲ ਹੁੰਦੀ ਹੈ ।

(ਰੋ: ਅਜੀਤ 08-06-2019 ’ਚੋਂ ਧੰਨਵਾਦ ਸਹਿਤ !)

# ਤੁਸੀਂ ਜਿਊਂਦੇ ਰਹੋਗੇ ਕਿ ਮਰ ਜਾਓਗੇ ?

**ਐੱਸ. ਪੀ. ਸਿੰਘ**

ਰਾਸ਼ਟਰ ਦੀ ਸੁਰੱਖਿਆ, ਕਿਸਾਨ ਦੀ ਤ੍ਰਾਸਦੀ, ਨੌਜਵਾਨ ਲਈ ਰੁਜ਼ਗਾਰ ਤੋਂ ਲੈ ਕੇ ਤੁਹਾਡੇ ਪਿੰਡ ਜਾਂ ਸ਼ਹਿਰ ਦੀ ਸੜਕ ਤਕ ਦੇ ਮੁੱਦਿਆਂ ਬਾਰੇ ਭਖੀ ਹੋਈ ਦੇਸ਼-ਵਿਆਪੀ ਬਹਿਸ ਵਿੱਚ ਇੱਕ ਰਤਾ ਜ਼ਰੂਰੀ ਮੁੱਦਾ ਜ਼ਿਕਰ ਤੋਂ ਬਾਹਰ ਹੀ ਰਹਿ ਗਿਆ ਹੈ—'**ਤੁਸੀਂ ਜਿਊਂਦੇ ਰਹੋਗੇ ਜਾਂ ਮਰ ਜਾਓਗੇ**' ?

ਮੋਇਆਂ ਲਈ ਸੁਰੱਖਿਆ, ਫ਼ਸਲ ਦੇ ਚੰਗੇ ਭਾਅ, ਰੁਜ਼ਗਾਰ ਦੇ ਮੌਕੇ ਅਤੇ ਰਵਾਂ ਸੜਕਾਂ ਬਹੁਤੇ ਮਾਅਨੇ ਨਹੀਂ ਰੱਖਦੇ । ਪਰ ਸੱਤਾ ਲਈ ਹਰ ਹੀਲਾ ਵਰਤਦੀਆਂ ਰਾਜਨੀਤਕ ਪਾਰਟੀਆਂ ਅਤੇ ਲੋਕਾਈ ਲਈ ਲੜਦੇ ਜੁਝਾਰੂ ਕਾਰਕੁਨਾਂ ਦੇ ਏਜੰਡੇ 'ਚੋਂ ਇਹ ਮੁੱਦਾ ਕਿਉਂ ਪਿੱਛੇ ਛੁੱਟ ਗਿਆ ਕਿ ਤੁਸਾਂ ਸਾਹ ਲੈਂਦੇ ਰਹਿਣਾ ਹੈ ਕਿ...?

ਵੈਸੇ ਦੁਨੀਆਂ ਇਸ ਮੁੱਦੇ ਨਾਲ ਉਲਝ ਰਹੀ ਹੈ। ਠੀਕ ਉਸ ਵੇਲੇ ਜਦੋਂ ਅਸੀਂ ਵੋਟਾਂ ਲਈ ਘਮਸਾਨ ਵਿਚਦੀ ਲੰਘ ਰਹੇ ਹਾਂ, ਸਾਡੇ ਜਿਊਂਦੇ ਰਹਿਣ ਜਾਂ ਨਾ ਰਹਿਣ ਦੇ ਮੁੱਦੇ ਨੇ ਸਿਆਸਤਦਾਨਾਂ ਦੀ ਨੀਂਦ ਹਰਾਮ ਕੀਤੀ ਪਈ ਹੈ । ਪੰਜਾਬ ਨੇ 19 ਮਈ ਨੂੰ ਵੋਟਾਂ ਪਾਉਣ ਜਾਣਾ ਹੈ। ਇੱਕ ਦਿਨ ਪਹਿਲੋਂ, 18 ਮਈ ਨੂੰ ਆਸਟਰੇਲੀਆ ਵਿੱਚ ਪਾਰਲੀਮੈਂਟ ਦੀਆਂ ਚੋਣਾਂ ਨੇ, ਉੱਥੇ ਇਹ ਕੇਂਦਰੀ ਮੁੱਦੇ ਦੇ ਤੌਰ 'ਤੇ ਉੱਭਰਿਆ ਹੈ ।

ਅਪਰੈਲ ਦਾ ਸਾਰਾ ਮਹੀਨਾ ਹੀ ਹਿੰਦੁਸਤਾਨ ਦਾ ਗ਼ਰੀਬ ਅਮੀਰ, ਆਪਣੇ ਮੁੱਦੇ ਪਛਾਣ, ਭਾਸ਼ਣ ਸੁਣ, ਸੁਰਖ਼ੀਆਂ ਪੜ੍ਹ, ਵਾਅਦੇ ਤੋਲ, ਵਹੀਰਾਂ ਘੱਤ ਕੇ ਈਵੀਐਮ ਮਸ਼ੀਨਾਂ ਦੇ ਬਟਨ ਦਬਾਉਣ ਜਾਂਦਾ ਰਿਹਾ । ਆਪਣੇ ਭਵਿੱਖ ਦੀ ਚਿੰਤਾ ਜੁ ਸੀ ਉਹਨੂੰ । ਇਸੇ ਮਹੀਨੇ ਲੰਦਨ ਨੇ ਇੱਕ ਅਜਬ ਵਰਤਾਰਾ ਵੇਖਿਆ । ਨੌਜਵਾਨ ਮੁੰਡੇ ਕੁੜੀਆਂ ਦੀ ਇੱਕ ਵੱਡੀ ਭੀੜ, ਜਿਸ ਵਿੱਚ ਕਾਫ਼ੀ ਸਾਰੇ ਬੜੇ ਅਮੀਰ ਘਰਾਂ ਦੇ ਕਾਕੇ, ਕਾਕੀਆਂ ਸ਼ਾਮਲ ਸਨ, ਨੇ ਬਰਤਾਨੀਆ ਦੀ ਰਾਜਧਾਨੀ ਵਿੱਚ ਸ਼ਾਹਰਾਹ ਜਾਮ ਕਰ ਦਿੱਤੇ, ਚੌਂਕਾਂ ਵਿੱਚ ਧਰਨੇ ਲਾ ਦਿੱਤੇ । ਵਾਟਰਲੂ ਦੇ ਪੁਲ 'ਤੇ ਕਬਜ਼ਾ ਕਰਕੇ ਬੈਠ ਗਏ, ਔਕਸਫੋਰਡ ਸਟ੍ਰੀਟ ਮੱਲ ਲਈ, ਲੰਦਨ ਦੀ ਸਟਾਕ ਐਕਸਚੇਂਜ ਦੇ ਪ੍ਰਵੇਸ਼ ਦੁਆਰ 'ਤੇ ਕਬਜ਼ਾ ਕਰ ਲਿਆ । ਪੁਲੀਸ ਨੇ ਸੈਂਕੜੇ ਕਾਰਕੁਨ ਫੜ ਕੇ ਜੇਲ੍ਹ ਵਿੱਚ ਸੁੱਟ ਦਿੱਤੇ । ਉਹ ਅਜੇ ਵੀ ਜੇਲ੍ਹ ਵਿੱਚ ਹੀ ਹਨ । ਉਨ੍ਹਾਂ ਦਾ ਚੁੱਕਿਆ ਮੁੱਦਾ ਸਿੱਧਾ ਸੀ ਸੱਤਾ ਦੇ ਚਾਹਵਾਨ ਸਾਡੇ ਸਿਆਸਤਦਾਨ, ਅਸੀਂ ਜਿਊਂਦੇ ਰਹਾਂਗੇ ਕਿ ਮਰ ਜਾਵਾਂਗੇ ? ਸੱਚ ਬੋਲੋ ।



'ਐਕਸਟਿੰਕਸ਼ਨ ਰਿਬੈਲੀਅਨ' (Extinction Rebellion) ਨਾਮ ਦੇ ਇਸ ਜੁਝਾਰੂ ਸਮੂਹ ਨੇ ਬਰਤਾਨਵੀ ਸਿਆਸਤ ਨੂੰ ਉਸ ਵੇਲੇ ਹਿਲਾ ਕੇ ਰੱਖ ਦਿੱਤਾ ਹੈ ਜਦੋਂ ਉਹ ਬ੍ਰੈਗਜ਼ਿਟ ਦੇ ਮੁੱਦੇ ਵਿੱਚ ਉਲਝੀ ਪਈ ਸੀ । ਸਾਰੀ ਕਾਇਨਾਤ ਵਿੱਚ ਵਾਪਰ ਰਹੀ ਇਸ ਵਾਤਾਵਰਨ ਤਬਦੀਲੀ ਨੂੰ ਉਨ੍ਹਾਂ ਸਿਆਸਤ ਦੇ ਐਨ ਵਿਚਕਾਰ ਫ਼ੈਸਲਾਕੁਨ ਮੁੱਦੇ ਵਜੋਂ ਰੱਖ ਦਿੱਤਾ ਹੈ। ਉਨ੍ਹਾਂ ਦੀਆਂ ਮੰਗਾਂ ਸਪਸ਼ਟ ਹਨ । ਦੇਸ਼ ਭਰ ਵਿੱਚ ਵਾਤਾਵਰਨ ਐਮਰਜੈਂਸੀ ਐਲਾਨ ਦਿੱਤੀ ਜਾਵੇ, ਰਾਜਨੀਤਕ ਪਾਰਟੀਆਂ ਅਤੇ ਸਿਆਸਤਦਾਨ ਇਸ ਮੁੱਦੇ 'ਤੇ ਸੱਚ ਬੋਲਣਾ ਸ਼ੁਰੂ ਕਰਨ, ਵਿਗਿਆਨੀਆਂ ਦੁਆਰਾ ਦਿੱਤੇ ਠੋਸ ਸਬੂਤਾਂ ਤੋਂ ਮੂੰਹ ਮੋੜਨਾ ਬੰਦ ਕਰਨ, ਉਹ ਫੌਰੀ ਅਸਰਦਾਰ ਕਦਮ ਦੱਸਣ ਜਿਹੜੇ ਉਹ ਚੁੱਕਣ ਜਾ ਰਹੇ ਹਨ। ਪਾਰਲੀਮੈਂਟ ਹੁਣੇ ਕਾਨੂੰਨ ਬਣਾਵੇ ਕਿ 2025 ਤਕ ਬਰਤਾਨੀਆ ਆਪਣੀ ਨੈੱਟ ਕਾਰਬਨ ਨਿਕਾਸੀ (net carbon emission) ਵਿੱਚ 50 ਫ਼ੀ ਸਦੀ ਕਟੌਤੀ ਕਰ ਦੇਵੇਗਾ ।

ਧਰਤੀ ਉੱਤੇ ਹਜ਼ਾਰਾਂ ਹੀ ਪ੍ਰਾਣੀਆਂ ਦੀਆਂ ਕਿਸਮਾਂ ਹੁਣ ਸਦਾ ਲਈ ਮਿਟ ਜਾਣ ਦੀ ਕਗਾਰ 'ਤੇ ਪਹੁੰਚ ਗਈਆਂ ਹਨ। ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਇਸ ਗ੍ਰਹਿ ਉੱਤੇ ਮਨੁੱਖੀ ਜ਼ਿੰਦਗੀ ਦੇ ਖ਼ਤਮ ਹੋ ਜਾਣ ਦੀ ਸੰਭਾਵਨਾ ਅਤਿ ਨੇੜੇ ਆਉਂਦੀ ਜਾ ਰਹੀ ਹੈ।

ਵਾਤਾਵਰਨ ਲਈ ਲੜਨ ਵਾਲਿਆਂ ਦੇ ਸੰਘਰਸ਼, ਧਰਨੇ, ਮੁਜ਼ਾਹਰੇ ਕੋਈ ਨਵੇਂ ਨਹੀਂ, ਪਰ ਹਾਲ ਹੀ ਤਕ ਇਨ੍ਹਾਂ ਦਾ ਕੋਈ ਬਹੁਤਾ ਅਸਰ ਵੋਟਾਂ ਦੀ ਸਿਆਸਤ 'ਤੇ ਦਿਖਾਈ ਨਹੀਂ ਸੀ ਦਿੱਤਾ । ਹੁਣ ਅਚਾਨਕ ਲੋਕ ਹੁੰਗਾਰੇ ਵਿੱਚ ਅਤਿ ਦੀ ਊਰਜਾ ਆ ਗਈ ਹੈ। ਜਿਊਂਦੇ ਰਹਿਣ ਜਾਂ ਨਾ ਰਹਿਣ ਦਾ ਸਵਾਲ ਸਿਆਸੀ ਹੋ ਗਿਆ ਹੈ। ਨੇਤਾ ਨੂੰ ਜਵਾਬ ਦੇਣਾ ਪੈ ਰਿਹਾ ਹੈ। ਦੇਸ਼ ਦੇ ਵਾਤਾਵਰਨ ਮੰਤਰੀ ਮਾਈਕਲ ਗੋਵ ਨੂੰ ਇਸ ਮੁਹਿੰਮ ਦੇ ਕਾਰਕੁਨਾਂ ਨਾਲ ਮੁਲਾਕਾਤ ਕਰਨੀ ਪਈ । ਉਨ੍ਹਾਂ ਮੰਨਿਆ ਕਿ ਵਾਤਾਵਰਨ ਘੁਲਾਟੀਆਂ ਦੇ ਬਿਆਨੀਏ ਵਿੱਚ ਸੱਚਾਈ ਹੈ ਅਤੇ ਜਿਸ ਤਰ੍ਹਾਂ ਨਾਲ ਦੇਸ਼ ਦੀ ਆਰਥਿਕਤਾ ਤੋਂ ਤਰੱਕੀ ਦਾ ਮਾਡਲ ਚੱਲ ਰਿਹਾ ਹੈ, ਇਸ ਵਿੱਚ ਨਿਸ਼ਚਿਤ ਤਬਾਹੀ ਹੈ। ਵਿਰੋਧੀ ਲੇਬਰ ਪਾਰਟੀ ਦੇ ਨੇਤਾ ਜੈਰੇਮੀ ਕੌਰਬਿਨ ਨੇ ਤਾਂ ਕਾਰਕੁਨਾਂ ਦੇ ਦੇਸ਼ ਭਰ ਵਿੱਚ ਐਮਰਜੈਂਸੀ ਦੇ ਐਲਾਨ ਵਾਲੇ ਮਤੇ ਦਾ ਸਮਰਥਨ ਹੀ ਨਹੀਂ ਕੀਤਾ ਸਗੋਂ ਮਤਾ ਪਾਰਲੀਮੈਂਟ ਵਿੱਚ ਪੇਸ਼ ਕਰ ਦਿੱਤਾ। ਸਰਕਾਰ ਫ਼ਸ ਚੁੱਕੀ ਸੀ। ਇਹ ਹੰਗਾਮੀ ਸੂਰਤ ਦਾ ਐਲਾਨ ਕਰਦਾ ਮਤਾ ਇਸ ਹਫ਼ਤੇ ਸਰਬ-ਸੰਮਤੀ ਨਾਲ ਪਾਸ ਹੋ ਗਿਆ । ਸਰਕਾਰ ਹੁਣ ਠੋਸ ਕਦਮ ਸੂਚੀਬੱਧ ਕਰਨ ਵਿੱਚ ਜੁੱਟੀ ਹੈ।

ਦੁਨੀਆਂ ਵਿੱਚ ਉਦਯੋਗਿਕ ਕ੍ਰਾਂਤੀ ਨੂੰ ਸਿਖਰਾਂ ਤਕ ਲੈ ਜਾਣ ਵਾਲਾ ਦੇਸ਼ ਇਸ ਵਿੱਚੋਂ ਉਤਪੰਨ ਹੋਏ ਕਾਰਬਨ ਨਿਕਾਸੀ ਦੇ ਭੂਤ ਨਾਲ ਜੂਝਣ ਦੀਆਂ ਵਿਉਂਤਬੰਦੀਆਂ ਕਰ ਰਿਹਾ ਹੈ। ਸਰਕਾਰਾਂ ਸੁੱਤੀਆਂ ਦਿੱਸੀਆਂ ਤਾਂ ਲੋਕਾਂ ਆਪ ਮੁੱਦਾ ਫੜ ਲਿਆ । ਕਾਰਨ ਸਪੱਸ਼ਟ ਸੀ । ਸਾਡੇ ਅਤੇ ਸਾਡੇ ਬੱਚਿਆਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਨੀਤੀਆਂ ਬਣਾਉਣ ਵਾਲੇ ਤਾਂ ਅਕਸਰ 50-60 ਸਾਲਾਂ ਦੀ ਉਮਰ ਵਾਲੇ ਜਾਂ ਇਸ ਤੋਂ ਵੀ ਵਧੇਰੇ ਬਜ਼ੁਰਗ ਸਿਆਸਤਦਾਨ ਹਨ ਜਿਹੜੇ ਕੁਝ ਹੀ ਹੋਰ ਸਾਲਾਂ ਵਿੱਚ ਮਰ ਜਾਣਗੇ। ਪਰ ਉਨ੍ਹਾਂ ਨੀਤੀਆਂ ਕਾਰਨ, ਸੱਚ ਤੋਂ ਇਨਕਾਰੀ ਜਾਂ ਮੁਨਕਰ ਰਹਿਣ ਕਾਰਨ ਅਤੇ ਜਿਉਂ ਦੀ ਤਿਉਂ ਵਿਵਸਥਾ ਵਾਲੀ ਪ੍ਰਣਾਲੀ ਬਣਾਈ ਰੱਖਣ ਕਾਰਨ ਸ਼ਾਇਦ ਅਸੀਂ ਅਤੇ ਨਿਸ਼ਚਿਤ ਹੀ ਸਾਡੇ ਬੱਚੇ ਤੇ ਉਨ੍ਹਾਂ ਦੇ ਬੱਚੇ ਸਹਿਕ-ਸਹਿਕ ਮਰਨਗੇ । ਮਨੁੱਖੀ ਸੱਭਿਅਤਾ ਦਾ ਅੰਤ ਸਾਹਵੇਂ ਹੈ ਅਤੇ ਨੇਤਾ ਸੱਚ ਨਹੀਂ ਬੋਲ ਰਿਹਾ । ਵਿਗਿਆਨੀ ਚੀਕਾਂ ਮਾਰ ਰਿਹਾ ਹੈ। ਕਾਰਕੁਨ ਕਦੀ ਲੰਦਨ ਟਾਵਰ ’ਤੇ ਚੜ੍ਹਦਾ ਹੈ, ਕਦੀ ਬਿੱਗ-ਬੈੱਨ ਵਾਲੀ ਘੰਟੀ ਤੋਂ ਲਟਕ ਜਾਂਦਾ ਹੈ, ਕਦੀ ਆਈਫਲ ਟਾਵਰ ’ਤੇ ਬੈਨਰ ਲਟਕਾ ਦਿੰਦਾ ਹੈ ਕਦੀ ਯੂਰਪੀ ਕਮਿਸ਼ਨ ਦੇ ਵਿਹੜੇ ਲਾਸ਼ਾਂ ਵਾਂਗ ਲੰਮਿਆਂ ਪੈ ਰੋਸ ਮੁਜ਼ਾਹਰਾ ਕਰਦਾ ਹੈ, ਤਾਂ ਜੋ ਅਸੀਂ ਲਾਸ਼ਾਂ ਹੀ ਨਾ ਬਣ ਜਾਈਏ । ਇੱਕ ਦਿਨ ਤਾਂ ਉਨ੍ਹਾਂ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਦੇ ਘਰ ਸਾਹਮਣੇ ਸੰਕੇਤਕ ਤੌਰ ਉੱਤੇ ਬਾਲਟੀਆਂ ਭਰਕੇ 'ਲਾਲ ਖ਼ੂਨ' ਡੋਲ੍ਹ ਦਿੱਤਾ ।

ਬਰਤਾਨੀਆ ਦੇ ਇਹ ਵਾਤਾਵਰਨ ਘੁਲਾਈਏ ਹੁਣ ਅਮਰੀਕਾ ਨੂੰ ਹੋ ਤੁਰੇ ਹਨ ਜਿੱਥੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਰਿਸ ਵਾਤਾਵਰਨ ਸਮਝੌਤੇ ਨੂੰ ਪੈਰਾਂ ਥੱਲੇ ਰੌਂਦਣ ’ਤੇ ਲੱਕ ਬੱਧਾ ਹੈ। ਹੁਣ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਉਦਯੋਗਾਂ ਅਤੇ ਸਰਕਾਰੀ ਅਦਾਰਿਆਂ ਨੂੰ ਜਬਰੀ ਠੱਪ ਕਰਵਾ ਦੇਣ ਦੀਆਂ ਯੋਜਨਾਵਾਂ ਘੜ ਲਈਆਂ ਹਨ। ਉਹ ਸਿਰਫ਼ ਜਿਉਂਦਿਆਂ ਲਈ ਨਹੀਂ, ਅਣਜਨਮਿਆਂ ਲਈ ਵੀ ਲੜ ਰਹੇ ਹਨ। ਖੌਰੂ ਪਾਉਣ ਵਾਲਿਆਂ ਨੂੰ ਆਪਣੇ ਕਾਰਿਆਂ ਦੀ ਸਾਰਥਿਕਤਾ ਵਿੱਚ ਵਿਸ਼ਵਾਸ ਹੈ। ਉਨ੍ਹਾਂ ਦਾ ਕਹਿਣਾ ਹੈ- ‘Troublemakers change the world’ ਉਹ ਅਮਰੀਕੀ ਨਾਗਰਿਕਾਂ ਨੂੰ ਕਹਿ ਰਹੇ ਹਨ ਕਿ ਤੁਹਾਨੂੰ 5-10 ਡਾਲਰ ਦੇ ਦਾਨ ਅਤੇ ਸਥਾਨਕ ਸੈਨੇਟਰ ਨੂੰ ਟੈਲੀਫ਼ੋਨ ਵਾਲੇ ਕਾਰਜਾਂ ਤੋਂ ਕਿਤੇ ਵੱਧ ਇਨਕਲਾਬੀ ਰਾਹ ਫੜਨਾ ਪਵੇਗਾ । 1960ਵਿਆਂ ਦੀ ਨਸਲੀ ਭਿੰਨ-ਭੇਦ ਵਿਰੁੱਧ ਲੜਾਈ ਵਿੱਚ ਜਾਗਰੂਕ ਕਾਰਕੁਨਾਂ ਨੇ ਰੋਹ ਭਰੇ ਧਰਨਿਆਂ ਮੁਜ਼ਾਹਰਿਆਂ ਮਾਰਚਾਂ ਵਿੱਚ



ਆਪਣੀ ਜਾਨ ਵੀ ਦਾਅ ’ਤੇ ਲਾ ਦਿੱਤੀ ਸੀ। ਕਈਆਂ ਇਹ ਕੀਮਤ ਤਾਰੀ ਵੀ । ਜੇ ਹੁਣ ਮਨੁੱਖ ਦੀ ਹੋਂਦ ਨੂੰ ਹੀ ਖ਼ਤਰਾ ਆ ਪਿਆ ਹੈ ਤਾਂ ਵਿਰੋਧ ਦੀ ਕੀਮਤ ਏਦੂੰ ਘੱਟ ਨਹੀਂ ਹੋ ਸਕਦੀ ।

ਲੰਦਨ ਦੀ ਗਾਰਡੀਅਨ ਅਖ਼ਬਾਰ ਨੇ ਵਾਤਾਵਰਨ ਤਬਦੀਲੀ ਨੂੰ ਥੰਮ੍ਹਣ ਦੀ ਮੰਗ ਕਰਦੇ ਇਨ੍ਹਾਂ ਘੁਲਾਟੀਆਂ ਦੀ ਅਪਰੈਲ ਮਹੀਨੇ ਵਿੱਢੀ ਜੰਗ ਨੂੰ ਹੁਣ ਤਕ ਦੀ ਸਭ ਤੋਂ ਵਧੇਰੇ ਅਸਰਦਾਰ ਅਤੇ ਅਭੂਤਪੂਰਵ ਕਿਹਾ ਹੈ। ਹੋਰ ਵੀ ਬਹੁਤ ਸਾਰੇ ਦੇਸ਼ਾਂ ਦੀ ਰਾਜਨੀਤੀ ਵਿੱਚ ਇਹ ਤੂਫ਼ਾਨ ਉੱਠ ਖੜ੍ਹਾ ਹੋਇਆ ਹੈ। ਆਈਸਲੈਂਡ ਨੇ ਵਾਤਾਵਰਨ ਘੁਲਾਟੀਆਂ ਅਤੇ ਲੈਫਟ-ਗ੍ਰੀਨ ਮੂਵਮੈਂਟ ਦੀ ਲੀਡਰ ਕੈਤਰੀਨ ਜੈਕਬਸਡੋਤੀਅਰ ਨੂੰ ਆਪਣੀ ਪ੍ਰਧਾਨ-ਮੰਤਰੀ ਚੁਣ ਲਿਆ ਹੈ । ਪੰਜ ਮਹੀਨੇ ਪਹਿਲਾਂ ਦਸੰਬਰ 2018 ਵਿੱਚ ਮੈਕਸਿਕੋ ਦੇ ਨਵੇਂ ਰਾਸ਼ਟਰਪਤੀ ਨੇ ਅਹੁਦਾ ਸੰਭਾਲਿਆ । ਉਹ ਪਿਛਲੇ 30 ਸਾਲਾਂ ਵਿੱਚ 50 ਫ਼ੀ ਸਦੀ ਤੋਂ ਵੀ ਵੱਧ ਵੋਟਾਂ ਹਾਸਲ ਕਰਨ ਵਾਲੇ ਦੇਸ਼ ਦੀ ਸਰਕਾਰ ਦੇ ਪਹਿਲੇ ਮੁਖੀ ਹਨ। ਜਿਸ ਵੇਲੇ ਟਰੰਪ ਨਿੱਤ ਮੈਕਸਿਕੋ ਦੀ ਸਰਹੱਦ ’ਤੇ ਬਾਬਾ ਆਦਮ ਜਿੱਡੀ ਕੰਧ ਖੜ੍ਹੀ ਕਰਨ ਦੀ ਧਮਕੀ ਦੇ ਰਿਹਾ ਸੀ, ਮੈਕਸਿਕੋ ਨੇ ਇਸ ਤੋਂ ਕਿਤੇ ਵਧੇਰੇ ਮਹੱਤਵਪੂਰਨ ‘ਵਾਤਾਵਰਨ-ਅਨੁਸਾਰ ਖੇਤੀਬਾੜੀ’ ਮੁੱਦੇ ਉੱਤੇ ਚੁਣਾਵੀ ਲੜਾਈ ਵੇਖੀ । ਕੰਧ ਵਾਲੇ ਬਿਆਨੀਏ ਦਾ ਜਵਾਬ ਲੋਕਾਂ ਕੁਦਰਤ ਦੇ ਹੱਕ ਵਿੱਚ ਵੋਟਾਂ ਪਾ ਕੇ ਦਿੱਤਾ ।

ਆਸਟਰੇਲੀਆ ਵਿੱਚ 18 ਮਈ ਨੂੰ ਪੈਣ ਵਾਲੀਆਂ ਵੋਟਾਂ ਲਈ ਪ੍ਰਚਾਰ ਦੌਰਾਨ ਲੇਬਰ ਪਾਰਟੀ ਨੇ ਵਾਤਾਵਰਨ ਤਬਦੀਲੀ ਨੂੰ ਮੁੱਖ ਮੁੱਦਾ ਬਣਾ ਲਿਆ ਹੈ, ਪਰ ਅਡਾਨੀ ਰੋਕੋ ਕਾਫ਼ਲਾ ਦੀ ਮੁਹਿੰਮ ਨੇ ਸਿਆਸਤਦਾਨਾਂ ਦੀ ਨੀਂਦ ਹਰਾਮ ਕਰ ਰੱਖੀ ਹੈ। ਲੋਕਾਂ ਤੋਂ ਇਕੱਠੇ ਕੀਤੇ ਥੋੜ੍ਹੇ ਜਿਹੇ ਪੈਸਿਆਂ ਨਾਲ ਚਲਾਈ ਇਸ ਲਹਿਰ ਨੇ ਧਰਤੀ ਦੀ ਹਿੱਕ ਪਾੜ ਕੇ ਕੋਲਾ ਖਣਿਜ ਕੱਢਦੀ ਗੌਤਮ ਅਡਾਨੀ ਦੀ ਕੰਪਨੀ ਅਤੇ ਸਾਰੀ ਕੋਲਾ ਸਨਅਤ ਨਾਲ ਜਨਤਕ ਪਿੜ ਵਿੱਚ ਡਟ ਕੇ ਆਢਾ ਲਾ ਲਿਆ ਹੈ। ਜਿਸ ਵੇਲੇ 5 ਮਈ ਵਾਲੇ ਐਤਵਾਰ ਨੂੰ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਕੈਨਬਰਾ ਵਿੱਚ ਆਸਟਰੇਲਿਆਈ ਪਾਰਲੀਮੈਂਟ ਦੇ ਸਾਹਮਣੇ ਭਰਵੀਂ ਰੈਲੀ ਵਿੱਚ ਦੇਸ਼ ਦਾ ਮਸ਼ਹੂਰ ਵਾਤਾਵਰਣ ਘੁਲਾਟੀਆ ਬੌਬ ਬ੍ਰਾਉਨ ਗੱਜ ਕੇ ਕਹਿ ਰਿਹਾ ਹੈ ਕਿ ਕਿਸੇ ਖ਼ੁਦਾਈ ਫਰਿਸ਼ਤੇ ਨੇ ਧਰਤੀ ਨੂੰ ਬਚਾਉਣ ਲਈ ਉੱਪਰੋਂ ਨਹੀਂ ਉਤਰਨਾ, ਹੁਣ ਬਾਕੀ ਅਸੀਂ ਤੁਸੀਂ ਹੀ ਬਚੇ ਹਾਂ । ਅੱਜ ਕੁਝ ਨਾ ਕੀਤਾ ਤਾਂ ਦੇਸ਼ ਖ਼ਤਮ ਸਮਝੋ । ਬੁੱਕਰ ਇਨਾਮ ਜੇਤੂ ਆਸਟਰੇਲਿਆਈ ਲੇਖਕ ਰਿਚਰਡ ਫਲਾਨਗਨ ਕਹਿ ਰਿਹਾ ਹੈ

ਕਿ ਉਹ ਆਪ ਅਡਾਨੀ ਦੀ ਖਾਣ ਬੰਦ ਕਰਦੀ ਭੀੜ ਵਿੱਚ ਹੋਵੇਗਾ । ਜੇਲ੍ਹ ਚਲਾ ਜਾਵੇਗਾ ਪਰ ਇਹ ਤਬਾਹੀ ਰੋਕੇਗਾ ।

ਦੁਨੀਆਂ ਭਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਿਗਿਆਨੀ ਅਤੇ ਖੋਜਾਰਥੀ ਬਰਤਾਨੀਆ ਤੋਂ ਉੱਠੀ ਇਸ ਲਹਿਰ ਦੇ ਹੱਕ ਵਿੱਚ ਨਿੱਤਰ ਪਏ ਹਨ। ਬਰਤਾਨਵੀ ਪਾਰਲੀਮੈਂਟ ਦੇ ਬਾਹਰ ਸਿਵਲ ਨਾਫਰਮਾਨੀ ਦਾ ਐਲਾਨ ਹੋ ਗਿਆ ਹੈ। ਨਾਗਰਿਕਾਂ ਨੂੰ ਛੇਤੀ ਹੀ ਘਰਾਂ ਦੇ ਕਰਜ਼ਿਆਂ ਦੀਆਂ ਕਿਸ਼ਤਾਂ ਨਾ ਦੇਣ ਅਤੇ ਵਿਦਿਆਰਥੀਆਂ ਨੂੰ ਸਿੱਖਿਆ ਲਈ ਲਏ ਕਰਜ਼ੇ ਨਾ ਮੋੜਨ ਲਈ ਕਿਹਾ ਜਾਵੇਗਾ । ਰੋਹ ਭਰੇ ਕਾਰਕੁਨਾਂ ਨੇ ਪਾਰਲੀਮੈਂਟ ਵਿੱਚ ਨਿਰਵਸਤਰ ਹੋ ਰੋਸ ਮੁਜ਼ਾਹਰਾ ਕੀਤਾ ਤਾਂ ਪੁਲੀਸ ਨੂੰ ਭਾਜੜਾਂ ਪੈ ਗਈਆਂ । ਲੰਦਨ ਪੁਲੀਸ ਦੀ ਮੁਖੀ ਨੇ ਇਸ ਹਫ਼ਤੇ ਕਿਹਾ ਕਿ ਉਸ ਨੇ ਆਪਣੇ 36 ਸਾਲ ਦੇ ਕਾਰਜਕਾਲ ਵਿੱਚ ਇੰਨਾ ਰੋਹ ਭਰਿਆ ਰੋਸ-ਪ੍ਰਦਰਸ਼ਨ ਨਹੀਂ ਵੇਖਿਆ ।

ਬ੍ਰਿਟਿਸ਼ ਪਾਰਲੀਮੈਂਟ ਤਾਂ ਮਹੀਨਿਆਂ ਤੋਂ ਬ੍ਰੈਗਜ਼ਿਟ ਵਿੱਚ ਫਸੀ ਪਈ ਹੈ। ਹੁਣ ਨੌਜਵਾਨਾਂ ਦੀ ਭੀੜ ਕਹਿ ਰਹੀ ਹੈ 'ਬ੍ਰੈਗਜ਼ਿਟ ਐਨ ਡੈੱਡ ਪਲੈਨੈੱਟ' ਭਾਵ ਮੋਏ ਗ੍ਰਹਿ 'ਤੇ ਬਰਤਾਨੀਆ ਯੂਰੋਪੀਅਨ ਸੰਘ ਦੇ ਅੰਦਰ ਰਹੇ ਜਾਂ ਬਾਹਰ ਮਰੇ, ਕੀ ਫ਼ਰਕ ਪਵੇਗਾ ? ਦੁਨੀਆਂ ਭਰ ਵਿੱਚ ਸਰਕਾਰਾਂ 16 ਸਾਲਾਂ ਦੀ ਸਵੀਡਨ ਦੀ ਵਿਦਿਆਰਥਣ ਗਰੇਟਾ ਥਨਬਰਗ ਤੋਂ ਡਰੀਆਂ ਪਈਆਂ ਹਨ, ਜਿਸ ਦੀ ਆਪਣੇ ਦੇਸ਼ ਦੀ ਪਾਰਲੀਮੈਂਟ ਸਾਹਮਣੇ ਰੱਖੀ ਵਾਤਾਵਰਣ ਹੜਤਾਲ ਤੋਂ ਚੁਆਤੀ ਲੈ ਕੇ ਇਹ ਮੁੱਦਾ ਕਈ ਦੇਸ਼ਾਂ ਵਿੱਚ ਭੜਕਿਆ ਪਿਆ ਹੈ। ਉਹ ਬਰਤਾਨੀਆ ਪੁੱਜੀ ਤਾਂ ਯੱਭ ਪੈ ਗਿਆ, ਹੁਣ ਤਾਂ ਉਸ ਵਰਗੇ ਕਈ ਹੋ ਗਏ । ਖੌਰੇ ਕਿੱਧਰ ਹੋ ਟੁਰਨ ?

ਲੰਦਨ ਵਰਗੇ ਰੋਸ ਪ੍ਰਦਰਸ਼ਨ ਹੁਣ 33 ਮੁਲਕਾਂ ਵਿਚਲੇ 80 ਸ਼ਹਿਰਾਂ ਵਿੱਚ ਉਲੀਕੇ ਜਾ ਚੁੱਕੇ ਹਨ। ਇਸ ਰੋਹ-ਭਰੀ ਹਨੇਰੀ ਨੂੰ ਅੱਖੋਂ-ਪਰੋਖੇ ਕਰਨਾ ਸੰਭਵ ਰਹਿ ਗਿਆ । ਬੈਂਕ ਆਫ ਇੰਗਲੈਂਡ ਦੇ ਗਵਰਨਰ ਮਾਰਕ ਕਰਨੀ ਅਤੇ ਫਰਾਂਸ ਦੇ ਸਭ ਤੋਂ ਵੱਡੇ ਬੈਂਕ 'ਬੈਂਕ ਡੀ ਫਰਾਂਸ' ਦੇ ਗਵਰਨਰ ਫਰਾਂਸਿਸ ਵਿਲਰੌਇ ਨੇ ਰੋਸ ਪ੍ਰਦਰਸ਼ਨ ਤੋਂ ਬਾਅਦ ਗਾਰਡੀਅਨ ਅਖ਼ਬਾਰ ਵਿੱਚ ਸੰਯੁਕਤ ਤੌਰ ਉੱਤੇ ਇੱਕ ਲੇਖ ਲਿਖ ਚਿਤਾਵਨੀ ਦਿੱਤੀ ਹੈ ਕਿ ਵਾਤਾਵਰਣ ਤਬਦੀਲੀ ਤੋਂ ਹੁਣ ਸਾਰੇ ਵਿੱਤੀ ਖੇਤਰ ਨੂੰ ਹੀ ਹੋਂਦ ਦਾ ਖ਼ਤਰਾ ਹੈ ਅਤੇ ਇਸ ਸਚਾਈ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ । ਉਨ੍ਹਾਂ ਲਿਖਿਆ ਹੈ ਕਿ ਜੇ ਇਹ ਮਨੁੱਖ ਮਾਰੂ ਤਬਦੀਲੀ ਨਾ ਥੰਮ੍ਹੀ ਗਈ ਤਾਂ ਹਨੇਰੀਆਂ, ਝੱਖੜਾਂ, ਚੱਕਰਵਾਤਾਂ, ਹੜ੍ਹਾਂ, ਜੰਗਲੀ ਅੱਗਾਂ ਅਤੇ ਹੋਰ ਕੁਦਰਤੀ



ਕਰੋਪੀਆਂ ਸਾਹਵੇਂ ਵੱਡੀਆਂ-ਵੱਡੀਆਂ ਬੀਮਾ ਕੰਪਨੀਆਂ, ਬੈਂਕਾਂ ਦੀ ਅਰਥ ਵਿਵਸਥਾ ਅਤੇ ਆਰਥਿਕ ਵਿਉਂਤਬੰਦੀਆਂ ਰੁੜ੍ਹ ਜਾਣਗੀਆਂ ।

ਵਿਗਿਆਨੀ ਕਹਿ ਰਹੇ ਹਨ ਕਿ 1970 ਤੋਂ ਹੁਣ ਤਕ ਇਨਸਾਨਾਂ ਨੇ 60 ਫ਼ੀ ਸਦੀ ਤੋਂ ਜ਼ਿਆਦਾ ਥਣਧਾਰੀ ਜੀਵ, ਪੰਛੀ, ਮੱਛੀਆਂ ਅਤੇ ਰੀਂਗਣ ਵਾਲੇ ਜੀਵ ਗਵਾ ਲਏ ਹਨ ਅਤੇ ਬਹੁਤ ਸਾਰੀਆਂ ਨਸਲਾਂ ਕਿਤੇ ਵਧੇਰੇ ਤੇਜ਼ੀ ਨਾਲ ਸਦਾ ਲਈ ਲੋਪ ਹੋ ਰਹੀਆਂ ਹਨ ।

ਵਾਤਾਵਰਨ ਤਬਦੀਲੀ ਬਾਰੇ ਕੌਮਾਂਤਰੀ ਪੈਨਲ ਦੀ ਰਿਪੋਰਟ ਅਨੁਸਾਰ ਸਾਡੇ ਕੋਲ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਲਈ ਸਿਰਫ਼ 12 ਵਰ੍ਹੇ ਬਚੇ ਹਨ। ਇਹ ਰਿਪੋਰਟ ਹੁਣ ਸਾਲ ਪੁਰਾਣੀ ਹੋ ਚੁੱਕੀ ਹੈ।

ਸੋਮਵਾਰ 6 ਮਈ ਨੂੰ ਜਿਸ ਵੇਲੇ ਤੁਸੀਂ ਇਹ ਸਤਰਾਂ ਪੜ੍ਹ ਰਹੇ ਹੋਵੋਗੇ ਤਾਂ ਦੁਨੀਆਂ ਦੇ ਚੋਟੀ ਦੇ ਵਿਗਿਆਨੀ ਪੈਰਿਸ ਵਿੱਚ 1,800 ਸਫ਼ਿਆਂ ਦੀ ਰਿਪੋਰਟ ਜਨਤਕ ਕਰਨਗੇ। ਇਸ ਰਿਪੋਰਟ ਵਿੱਚ ਲਿਖਿਆ ਹੈ ਕਿ ਭਵਿੱਖ ਦੀ ਹੀ ਨਹੀਂ, ਅੱਜ ਦੀ ਜਿਉਂਦੀ ਪੀੜ੍ਹੀ ਨੂੰ ਹੀ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ, ਕਿਉਂ ਜੋ ਅਸੀਂ ਉਹ ਪੌਦੇ ਅਤੇ ਜੀਵ-ਜੰਤੂ ਗਵਾ ਰਹੇ ਹਾਂ ਜਿਨ੍ਹਾਂ ਉੱਤੇ ਇਨਸਾਨੀ ਸੱਭਿਅਤਾ ਭੋਜਨ, ਪਾਣੀ ਅਤੇ ਸਥਿਰ ਵਾਤਾਵਰਣ ਲਈ ਨਿਰਭਰ ਕਰਦੀ ਹੈ ।

ਇੱਥੇ ਭਾਰਤ ਵਿੱਚ ਅਸੀਂ ਚੱਕਰਵਾਤੀ ਤੂਫਾਨ ਫ਼ਾਨੀ ਬਾਰੇ ਖ਼ਬਰਾਂ ਪੜ੍ਹ, ਵਾਤਾਵਰਣੀ ਤਬਦੀਲੀ ਨੂੰ ਸਿਆਸੀ ਬਿਆਨੀਏ ਨਾਲ ਨਹੀਂ ਜੋੜ ਸਕੇ । ਪੰਜਾਬ ਦੇ ਸਿਆਸੀ ਕਾਰਕੁਨਾਂ ਦਾ ਅਜੇ ਥਰਮਲ ਪਲਾਂਟ ਦੀਆਂ ਚਿਮਨੀਆਂ ਉੱਤੇ ਚੜ੍ਹਨ ਦਾ ਕੋਈ ਮਨਸੂਬਾ ਨਹੀਂ । ਗੁਰੂ ਦੇ ਅਦਬ ਲਈ ਲੜਦੇ, ਧਰਤ ਸੁਹਾਵੀ ਦੇ ਮਿਟ ਜਾਣ ਨੂੰ ਗੁਰ-ਸ਼ਬਦ ਦੀ ਬੇਅਦਬੀ ਨਾ ਜਾਣਦੇ, ਅਸੀਂ ਅੱਜ **'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'** ਉੱਤੇ ਆਏ ਖ਼ਤਰੇ ਤੋਂ ਅਣਜਾਣ, ਸਿਆਸਤ ਵਿੱਚ ਰੁੱਝੇ ਹਾਂ । ਕਿਹੜਾ ਵਿਧਾਇਕ ਟੱਪ ਕੇ ਕਿਹੜੀ ਪਾਰਟੀ ਵਿੱਚ ਗਿਆ, ਫ਼ਿਕਰਮੰਦ ਹਾਂ । ਇਹ ਸਵਾਲ ਪੁੱਛਣੋਂ ਉੱਕ ਰਹੇ ਹਾਂ, ਗੁਰੂ ਪਿਆਰਿਓ, ਜਿਉਂਦੇ ਰਹੋਗੇ ਕਿ ਮਰ ਜਾਓਗੇ?

(ਲੇਖਕ ਸੀਨੀਅਰ ਪੱਤਰਕਾਰ ਹੈ ਅਤੇ ਵਿਗਿਆਨੀਆਂ ਦੀਆਂ ਰਿਪੋਰਟਾਂ ਪੜ੍ਹ ਕੁਝ ਸਾਹ ਤਾਂ ਗਵਾ ਹੀ ਚੁੱਕਿਆ ਹੈ, ਬਾਕੀ ਨਾ ਛਪ ਰਹੀਆਂ ਖ਼ਬਰਾਂ 'ਚ ਗਵਾ ਰਿਹਾ ਹਾਂ।)

(ਰੋ: ਪੰ: ਟ੍ਰਿ: 06-05-2019 'ਚੋਂ ਧੰਨਵਾਦ ਸਹਿਤ !)

# ਲਾਊਡ ਸਪੀਕਰਾਂ ਦੀ ਵਰਤੋਂ ਕਿੱਥੋਂ ਤਕ ਜਾਇਜ਼ ?

**ਪ੍ਰੋ: ਲਕਸ਼ਮੀਕਾਂਤ ਚਾਵਲਾ ***

ਇਹ ਸਾਡੇ ਮੁਲਕ ਦੀ ਬਦਕਿਸਮਤੀ ਹੈ ਕਿ ਸਮਾਜ ਭਲਾਈ ਜਾਂ ਦੇਸ਼ ਦੀ ਭਲਾਈ ਦਾ ਕੋਈ ਸਹੀ ਫ਼ੈਸਲਾ ਹੋਵੇ ਜਾਂ ਅਦਾਲਤਾਂ ਵੱਲੋਂ ਸਮਾਜ ਦੀ ਭਲਾਈ ਲਈ ਲਿਆ ਗਿਆ ਫ਼ੈਸਲਾ ਹੋਵੇ, ਉਸ ਨੂੰ ਰਾਜਨੀਤੀ ਦੇ ਚਸ਼ਮੇ ਨਾਲ ਹੀ ਵੇਖਿਆ ਜਾਂਦਾ ਹੈ। ਇਸ ਚਸ਼ਮੇ ਨਾਲ ਚੰਗਾ ਵੀ ਮਾੜਾ ਹੀ ਨਜ਼ਰ ਆਉਂਦਾ ਹੈ। ਲੋਕ ਭਲਾਈ ਨੂੰ ਜ਼ਿਆਦਾਤਰ ਰਾਜਨੀਤਕ ਪਾਰਟੀਆਂ ਭੁੱਲ ਜਾਂਦੀਆਂ ਹਨ। ਬੀਤੇ ਹਫ਼ਤੇ ਲੋਕ ਸਭਾ ਵੱਲੋਂ ਪਾਸ ਕੀਤੇ ਅਤੇ ਰਾਜ ਸਭਾ ਵਿੱਚ ਪੈਡਿੰਗ ਰਹਿ ਗਏ ਮੁਸਲਿਮ ਔਰਤਾਂ ਦੀ ਭਲਾਈ ਲਈ ਤਿੰਨ ਤਲਾਕ ਖ਼ਤਮ ਕਰਨ ਵਾਲੇ ਮੁਸਲਿਮ ਮਹਿਲਾ ਸੁਰੱਖਿਆ ਬਿੱਲ ਦਾ ਵੀ ਇਹੀ ਹਸ਼ਰ ਹੋਇਆ ਅਤੇ ਹੁਣ ਉੱਤਰ ਪ੍ਰਦੇਸ਼ ਹਾਈ ਕੋਰਟ ਵੱਲੋਂ ਧਾਰਮਿਕ ਸੰਸਥਾਵਾਂ ਵੱਲੋਂ ਲਾਊਡ ਸਪੀਕਰਾਂ ਦੀ ਵਰਤੋਂ 'ਤੇ ਰੋਕ ਲਾਏ ਜਾਣ 'ਤੇ ਵੀ ਇਹੀ ਹੰਗਾਮਾ ਖੜ੍ਹਾ ਹੋ ਗਿਆ ਹੈ। ਇੱਕ ਸ਼ੰਕਰਾਚਾਰੀਆ ਨੇ ਕਹਿ ਦਿੱਤਾ ਕਿ ਪਹਿਲਾਂ ਮਸੀਤਾਂ ਦੇ ਲਾਊਡ ਸਪੀਕਰ ਬੰਦ ਕਰਵਾਏ ਜਾਣ ਅਤੇ ਦੂਜਿਆਂ ਨੇ ਇਸ ਦੇ ਵਿਰੋਧ ਵਿੱਚ ਆਪਣਾ ਪੱਖ ਰੱਖਿਆ। ਹਕੀਕਤ ਇਹ ਹੈ ਕਿ ਦਿਨ ਰਾਤ ਲਾਊਡ ਸਪੀਕਰਾਂ ਦਾ ਇਸਤੇਮਾਲ ਇੱਕ ਸਮਾਜਿਕ ਅਲਾਮਤ ਹੈ। ਕਿਸੇ ਦੇ ਅਰਾਮ ਅਤੇ ਸੌਣ ਦਾ ਵੇਲਾ ਹੈ, ਕਿਸੇ ਦੀ ਪੜ੍ਹਾਈ ਅਤੇ ਕਿਸੇ ਦਾ ਪੜ੍ਹਾਉਣ ਦਾ ਸਮਾਂ ਹੈ। ਕੋਈ ਬਿਮਾਰ ਅਰਾਮ ਚਾਹੁੰਦਾ ਹੈ, ਹਸਪਤਾਲਾਂ ਦਾ ਕੰਮ ਵੀ ਗੁਆਂਢ ਵਿੱਚ ਉੱਚੀ ਆਵਾਜ਼ ਵਿੱਚ ਵੱਜਦੇ ਲਾਊਡ ਸਪੀਕਰਾਂ ਕਾਰਨ ਪ੍ਰਭਾਵਿਤ ਹੁੰਦਾ ਹੈ, ਪਰ ਇਸ ਖ਼ਿਲਾਫ਼ ਕੋਈ ਆਵਾਜ਼ ਉਠਾਉਣ ਨੂੰ ਤਿਆਰ ਨਹੀਂ ਕਿਉਂਕਿ ਰਾਜਨੀਤਕ ਪਾਰਟੀਆਂ ਨੂੰ ਵੋਟਾਂ ਦੇ ਨੁਕਸਾਨ ਦਾ ਖ਼ਦਸ਼ਾ ਹੁੰਦਾ ਹੈ ਅਤੇ ਆਮ ਵਿਅਕਤੀ ਧਾਰਮਿਕ ਸਥਾਨ ਦੇ ਪ੍ਰਬੰਧਕਾਂ ਤੋਂ ਡਰਦਾ ਹੈ। ਛੇ ਸੌ ਸਾਲ ਪਹਿਲਾਂ ਸੰਤ ਕਬੀਰ ਨੇ ਸਮਾਜਿਕ ਕੁਰੀਤੀਆਂ ਅਤੇ ਧਰਮ ਦੇ ਨਾਂ 'ਤੇ ਹੋਣ ਵਾਲੇ ਪਾਖੰਡਾਂ ਦਾ ਵਿਰੋਧ ਕੀਤਾ। ਮੇਰੀ ਰੱਬ ਅੱਗੇ ਇਹੀ ਅਰਦਾਸ ਹੈ ਕਿ ਅੱਜ ਦੇ ਦੂਸ਼ਿਤ ਵਾਤਾਵਰਣ ਵਿੱਚ ਇੱਕ ਵਾਰ ਮੁੜ ਸੰਤ ਕਬੀਰ ਆ ਜਾਣ ਅਤੇ ਧਰਮ ਦੇ ਨਾਂ 'ਤੇ ਲੜਨ ਵਾਲੇ ਲੋਕਾਂ ਦਾ ਮਾਰਗਦਰਸ਼ਨ ਕਰਨ। ਸੰਤ ਕਬੀਰ ਨੇ ਮੁਸਲਿਮਾਂ ਨੂੰ ਵੀ ਕਹਿ ਦਿੱਤਾ ਸੀ, '**ਕੰਕਰ ਪੱਥਰ ਜੋੜ ਕੇ ਮਸਜਿਦ ਲਿਯੇ ਬਨਾਏ, ਤਾਂ ਚੜ੍ਹ ਮੁੱਲਾਂ ਬਾਂਗ ਦੇ, ਕਿਯਾ ਬਹਰਾ ਹੁਆ ਖੁਦਾਯ।**' ਹਿੰਦੂਆਂ ਨੂੰ ਵੀ ਇਹੀ ਸਮਝਾਇਆ ਕਿ ਧਰਮ ਦਾ ਅਰਥ ਸਿਰਫ਼ ਪੱਥਰ ਦੀ ਮੂਰਤੀ ਦੀ ਪੂਜਾ ਨਹੀਂ ਸਮਾਜ ਸੇਵਾ ਹੈ। ਕਬੀਰ ਜੀ ਨੇ ਕਿਹਾ '**ਪਾਹਨ ਪੂਜੇ ਹਰਿ ਮਿਲੇ ਤੋਂ ਮੈਂ ਪੂਜੂੰ ਪਹਾੜ, ਘਰ ਕੀ ਚੱਕੀ ਯਹ ਭਲੀ, ਪੀਸ ਖਾਇ ਸੰਸਾਰ।** 'ਕਬੀਰ ਜੀ ਦਾ ਇਹ ਦੋਹਾ ਉਚਿਤ ਹੈ ਜਾਂ ਅਣਉਚਿਤ, ਮੈਂ ਇਸ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੀ, ਪਰ ਇਹ ਸੱਚ ਹੈ ਕਿ ਉਸ ਯੁੱਗ ਵਿੱਚ ਕਬੀਰ ਦੀ ਸਪੱਸ਼ਟ ਬਾਣੀ ਲਈ ਕਿਸੇ ਨੇ ਉਨ੍ਹਾਂ ਦੀ ਝੌਂਪੜੀ ਨੂੰ ਅੱਗ ਨਹੀਂ ਲਾਈ, ਉਨ੍ਹਾਂ ਦਾ ਸਾਮਾਨ ਨਹੀਂ ਸੁੱਟਿਆ। ਅੱਜ ਜਦੋਂ



ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਗੱਲਾਂ ਹੋ ਰਹੀਆਂ ਹਨ ਤਾਂ ਇਸ ਆਜ਼ਾਦੀ ਦੀ ਦੁਰਵਰਤੋਂ ਵੀ ਹੋ ਰਹੀ ਹੈ। ਇਸ ਆਜ਼ਾਦੀ ਦਾ ਵਿਰੋਧ ਕਰਨ ਵਾਲੇ ਕੌਮੀ ਸੰਪਤੀ ਦੀ ਭੰਨ ਤੋੜ ਅਤੇ ਉਸ ਨੂੰ ਅੱਗ ਲਾ ਦਿੰਦੇ ਹਨ। ਇਸ ਲਈ ਇਹ ਚਿੰਤਾ ਵੀ ਹੈ ਕਿ ਜੇ ਸੰਤ ਕਬੀਰ ਅੱਜ ਮੁੜ ਧਰਤੀ 'ਤੇ ਆ ਕੇ ਲੋਕਾਂ ਨੂੰ ਸਮਝਾਉਣ ਤਾਂ ਅੱਜ ਦੇ ਰਾਜਸੀ ਆਗੂ ਉਨ੍ਹਾਂ ਨਾਲ ਵੀ ਬਦਸਲੂਕੀ ਕਰਨਗੇ। ਸੱਚਾਈ ਤਾਂ ਇਹ ਹੈ ਕਿ ਮੱਧਕਾਲ ਵਿੱਚ ਸੰਤ ਕਬੀਰ, ਰੈਦਾਸ, ਭਗਤ ਨਾਮਦੇਵ ਵਰਗੇ ਸੰਤਾਂ ਨੇ ਹੀ ਸਮਾਜ ਦਾ ਮਾਰਗਦਰਸ਼ਨ ਕੀਤਾ ਸੀ।

ਹੁਣ ਸਵਾਲ ਇਹ ਹੈ ਕਿ ਕੀ ਲਾਊਂਡ ਸਪੀਕਰਾਂ ਦਾ ਸ਼ੋਰ ਧਰਮ ਦਾ ਕੰਮ ਹੈ? ਧਰਮ ਦੀ ਪਰਿਭਾਸ਼ਾ ਜਾਣਨ ਵਾਲਾ ਵਿਅਕਤੀ ਇਹ ਨਹੀਂ ਮੰਨੇਗਾ ਕਿ ਪੂਰੀ ਰਾਤ ਧਾਰਮਿਕ ਸਮਾਗਮਾਂ ਦੇ ਨਾਂ 'ਤੇ ਪੂਰੇ ਇਲਾਕੇ ਦੀ ਸ਼ਾਂਤੀ ਭੰਗ ਕਰਨਾ ਧਰਮ ਦਾ ਕੰਮ ਹੈ। ਜੇ ਸ਼ੋਰ ਮਚਾ ਕੇ ਹੀ ਧਰਮ ਦੇ ਕੰਮ ਪੂਰੇ ਹੁੰਦੇ ਤਾਂ ਸਾਡੇ ਸਾਧ ਸੰਤ ਮਹਾਂਪੁਰਖ ਹਿਮਾਲਿਆ ਦੀਆਂ ਗੁਫਾਵਾਂ ਵਿੱਚ ਸ਼ਾਂਤੀ ਲੱਭਣ ਨਾ ਜਾਂਦੇ। ਭਗਵਾਨ ਨੂੰ ਹਰ ਧਰਮ ਅਤੇ ਫਿਰਕੇ ਨੇ ਆਦ੍ਰਿਸ਼ ਮੰਨਿਆ ਹੈ।

ਕਦੇ ਵਿਸ਼ੇਸ਼ ਸਮਾਗਮਾਂ ਵਿੱਚ ਕਾਨੂੰਨ ਦੀ ਮਨਜ਼ੂਰੀ ਲੈ ਕੇ ਲਾਊਡ ਸਪੀਕਰ ਵਜਾਏ ਜਾਣ, ਅਜਿਹਾ ਕਰਨ ਲਈ ਤਾਂ ਉੱਤਰ ਪ੍ਰਦੇਸ਼ ਹਾਈ ਕੋਰਟ ਨੇ ਵੀ ਸੁਝਾਅ ਦਿੱਤਾ ਹੈ, ਪਰ ਬਿਨਾਂ ਮਨਜ਼ੂਰੀ ਅਤੇ ਲੋਕਾਂ ਦੇ ਦੁੱਖ-ਸੁੱਖ ਦਾ ਧਿਆਨ ਰੱਖੇ ਬਿਨਾਂ ਸ਼ੋਰ ਪ੍ਰਦੂਸ਼ਣ ਫੈਲਾਉਣਾ, ਲੋਕਾਂ ਨੂੰ ਪ੍ਰੇਸ਼ਾਨ ਕਰਨਾ ਕਿੱਥੋਂ ਦਾ ਧਰਮ ਹੈ? ਸਰਕਾਰ ਅਤੇ ਕੋਈ ਸੰਸਥਾ ਇਹ ਸਰਵੇ ਕਰਵਾਏ ਕਿ ਧਾਰਮਿਕ ਸਮਾਗਮਾਂ ਦੇ ਨਾਂ 'ਤੇ ਨਹੀਂ,ਰੋਜ਼ਾਨਾ ਦੇ ਕੰਮਕਾਜ ਲਈ ਕਿੰਨੀ ਵਾਰ ਲਾਊਡ ਸਪੀਕਰਾਂ ਦੀ ਵਰਤੋਂ ਹੁੰਦੀ ਹੈ। ਲਾਊਡ ਸਪੀਕਰਾਂ ਕਾਰਨ ਲੋਕਾਂ ਨੂੰ ਕਿੰਨੀ ਪ੍ਰੇਸ਼ਾਨੀ ਹੁੰਦੀ ਹੈ। ਅਦਾਲਤਾਂ ਨੂੰ ਵੀ ਅਜਿਹਾ ਕਰਨ ਲਈ ਕਹਿਣਾ ਚਾਹੀਦਾ ਹੈ। ਕਾਨੂੰਨ ਤਾਂ ਹੈ, ਪਰ ਉਸ ਦਾ ਪਾਲਣ ਕੋਈ ਨਹੀਂ ਕਰਦਾ। ਲੋਕ ਸਹੂਲਤਾਂ ਵਿੱਚ ਅੜਿੱਕਾ ਬਣਨਾ ਵੱਡਾ ਜੁਰਮ ਹੈ, ਪਰ ਸ਼ਹਿਰਾਂ ਵਿੱਚ ਵੱਡੇ-ਵੱਡੇ ਬਜ਼ਾਰਾਂ ਵਿੱਚ ਕਦੇ-ਕਦੇ ਸੜਕਾਂ ਰੋਕ ਕੇ ਸਮਾਜਿਕ ਜਾਂ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਤਿੰਨ-ਤਿੰਨ ਦਿਨ ਮੁੱਖ ਮਾਰਗਾਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ, ਇਸ ਕਾਰਨ ਆਮ ਵਿਅਕਤੀ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਬਾਰੇ ਇਹ ਲੋਕ ਸੋਚਦੇ ਵੀ ਨਹੀਂ ਹਨ। ਸਰਕਾਰ ਨੂੰ ਇਹ ਸਮੱਸਿਆ ਹੱਲ ਕਰਨ ਲਈ ਵੀ ਕੰਮ ਕਰਨਾ ਚਾਹੀਦਾ ਹੈ।

ਅੱਜ ਲੋਕ ਭਲਾਈ ਦਾ ਫ਼ੈਸਲਾ ਲੈਣ ਸਮੇਂ ਸਵਾਰਥ ਤੇ ਰਾਜਨੀਤਕ ਚਸ਼ਮੇ ਤੋਂ ਉੱਪਰ ਉੱਠ ਕੇ ਸੋਚਣ ਦੀ ਲੋੜ ਹੈ। ਲੋੜ ਹੈ ਕਬੀਰ ਵਰਗੇ ਮਹਾਂਪੁਰਖਾਂ ਦੀ ਜਿਨ੍ਹਾਂ ਨੇ ਆਪਣੀ ਗੱਲ ਬੜੀ ਬੇਬਾਕੀ ਅਤੇ ਸੰਜਮ ਨਾਲ ਲੋਕਾਂ ਸਾਹਮਣੇ ਰੱਖੀ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਨਾਅਰਾ ਲਾਉਣ ਵਾਲੇ ਬਹੁਤ ਘੱਟ ਲੋਕ ਹਨ ਜਿਹੜੇ ਸੰਤ ਕਬੀਰ ਦੇ ਸੁਨੇਹੇ ਨੂੰ ਖੁੱਲ੍ਹੇ ਮਨ ਨਾਲ ਪ੍ਰਵਾਨ ਕਰ ਲੈਣਗੇ।

* ਸਾਬਕਾ ਕੈਬਨਿਟ ਮੰਤਰੀ, ਪੰਜਾਬ ਸਰਕਾਰ।

# ਪ੍ਰਦੂਸ਼ਿਤ ਹਵਾ ਤੇ ਇਨਸਾਨੀ ਸਰੀਰ

**ਡਾ. ਹਰਸ਼ਿੰਦਰ ਕੌਰ, ਐੱਮ.ਡੀ**

ਦੁਨੀਆਂ ਭਰ ਵਿੱਚ ਹਵਾ ਵਿਚਲੇ ਪ੍ਰਦੂਸ਼ਣ ਨਾਲ 70 ਲੱਖ ਮੌਤਾਂ ਹਰ ਸਾਲ ਹੁੰਦੀਆਂ ਹਨ। ਇਨ੍ਹਾਂ ਵਿੱਚ ਆਵਾਜਾਈ ਦੇ ਸਾਧਨਾਂ ਰਾਹੀਂ ਨਿਕਲ ਰਹੀ ਗ਼ੰਦਗੀ, ਜੰਗਲਾਂ ਵਿੱਚ ਲੱਗੀ ਅੱਗ, ਫੈਕਟਰੀਆਂ ਵਿੱਚੋਂ ਨਿਕਲਦੀਆਂ ਗੈਸਾਂ (ਟਰੋਪੋਸਫੈਰਿਕ ਓਜ਼ੋਨ, ਸਲਫਰ ਡਾਇਆਕਸਾਈਡ, ਨਾਈਟਰੋਜਨ ਡਾਇਆਕਸਾਈਡ, ਬੈਂਜ਼ੋਪਾਈਰੀਨ ਆਦਿ) ਜਾਂ ਜਵਾਲਾ ਮੁਖੀ ਸ਼ਾਮਲ ਹਨ। ਇਨ੍ਹਾਂ ਗੈਸਾਂ ਨਾਲ ਸਰੀਰ ਦੇ ਵੱਖ-ਵੱਖ ਹਿੱਸਿਆਂ ਉੱਤੇ ਅਸਰ ਪੈਂਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:

* ਫੇਫੜੇ
* ਚਮੜੀ ਉੱਤੇ ਤਿਲ ਅਤੇ ਝੁਰੜੀਆਂ
* ਦਿਲ ਵਿੱਚ ਨੁਕਸ
* ਸਿਰ ਪੀੜ, ਥਕਾਵਟ, ਘਬਰਾਹਟ
* ਅੱਖਾਂ, ਗਲੇ ਤੇ ਨੱਕ ਵਿੱਚ ਜਲਨ
* ਅੰਤੜੀਆਂ ਵਿੱਚ ਨੁਕਸ
* ਬੱਚੇ ਪੈਦਾ ਕਰਨ ਵਿੱਚ ਕਮਜ਼ੋਰੀ
* ਹੱਡੀਆਂ ਕਮਜ਼ੋਰ ਹੋਣੀਆਂ
* ਜਿਗਰ, ਤਿਲੀ ਤੇ ਲਹੂ ਉੱਤੇ ਮਾੜੇ ਅਸਰ
* ਦਿਮਾਗ਼ੀ ਨੁਕਸ
* ਵਾਲ ਝੜਨੇ

ਯੂਨਾਈਟਿਡ ਨੇਸ਼ਨਜ਼ ਨੇ '**ਸਾਫ ਹਵਾ ਸਾਡਾ ਹੱਕ**' ਤਹਿਤ 54 ਮੁਲਕਾਂ ਨੂੰ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਸਾਲ 2030 ਤਕ ਹਵਾ ਵਿਚਲੇ ਪ੍ਰਦੂਸ਼ਣ ਨਾਲ ਹੋ ਰਹੀਆਂ ਮੌਤਾਂ ਦੀ ਗਿਣਤੀ ਅੱਧੀ ਕੀਤੀ ਜਾ ਸਕੇ । ਦੁਨੀਆਂ ਦੀ 92 ਫ਼ੀਸਦੀ ਅਬਾਦੀ ਕਿਸੇ ਨਾ ਕਿਸੇ ਤਰੀਕੇ ਹਵਾ ਦੇ ਪ੍ਰਦੂਸ਼ਣ ਦਾ ਸ਼ਿਕਾਰ ਹੋ ਰਹੀ ਹੈ। ਪ੍ਰਦੂਸ਼ਣ ਇਕਦਮ ਵਧਣ ਉੱਤੇ ਅੱਖਾਂ ਵਿੱਚ ਰੜਕ ਤੇ ਪਾਣੀ ਵਗਣਾ, ਸਾਹ ਲੈਣ ਵਿੱਚ ਔਖਿਆਈ ਤੇ ਨਿੱਛਾਂ ਆਉਣੀਆਂ ਆਮ ਹੀ ਵੇਖਣ ਵਿੱਚ ਆਉਂਦੀਆਂ ਹਨ; ਪਰ ਸ਼ਾਇਦ ਬਹੁਤਿਆਂ ਨੂੰ ਇਹ ਪਤਾ ਨਹੀਂ ਹੈ ਕਿ ਹਵਾ ਵਿਚਲਾ ਪ੍ਰਦੂਸ਼ਣ ਕਿਵੇਂ ਚੁੱਪਚਾਪ ਸਰੀਰ ਅੰਦਰਲੀਆਂ ਨਾੜੀਆਂ ਨੂੰ ਸਖ਼ਤ ਕਰ ਕੇ ਹਾਰਟ ਅਟੈਕ ਤੇ ਪਾਸਾ ਮਾਰੇ ਜਾਣ ਦਾ ਖ਼ਤਰਾ ਵਧਾ ਕੇ ਸਾਨੂੰ ਮੌਤ ਦੇ ਮੂੰਹ ਵੱਲ ਧੱਕ ਦਿੰਦਾ ਹੈ।



ਵਾਸ਼ਿੰਗਟਨ ਦੀ ਯੂਨੀਵਰਸਿਟੀ ਨੇ ਦਾਅਵਾ ਕੀਤਾ ਹੈ ਕਿ 2016 ਵਿੱਚ 61 ਲੱਖ ਲੋਕ ਹਵਾ ਵਿਚਲੇ ਪ੍ਰਦੂਸ਼ਣ ਕਰ ਕੇ ਮੌਤ ਦੇ ਮੂੰਹ ਜਾ ਪਏ; ਭਾਵ ਇਹ ਪ੍ਰਦੂਸ਼ਣ ਸਿਗਰਟ ਪੀਣ ਦੇ ਬਰਾਬਰ ਹੀ ਖ਼ਤਰਨਾਕ ਸਾਬਤ ਹੋ ਗਿਆ ਹੈ। ਇਹ ਖ਼ਤਰਾ ਸਿਰਫ਼ ਜੰਮਣ ਬਾਅਦ ਹੀ ਨਹੀਂ ਹੁੰਦਾ ਬਲਕਿ ਮਾਂ ਦੇ ਢਿੱਡ ਅੰਦਰ ਪਲ ਰਹੇ ਭਰੂਣ ਉੱਤੇ ਵੀ ਮਾਰੂ ਅਸਰ ਛੱਡ ਸਕਦਾ ਹੈ।

**ਭਰੂਣ ਉੱਤੇ ਪੈਂਦੇ ਅਸਰ**

* ਢਿੱਡ ਅੰਦਰ ਹੀ ਮੌਤ ਹੋ ਜਾਣੀ
* ਵਕਤ ਤੋਂ ਪਹਿਲਾਂ ਜਨਮ ਹੋਣਾ
* ਜਮਾਂਦਰੂ ਨੁਕਸ ਪੈਣੇ

**ਜੰਮਣ ਬਾਅਦ**

* ਓਟਿਜ਼ਮ (ਟਿਕ ਕੇ ਨਾ ਬਹਿ ਸਕਣਾ)
* ਦਮਾ
* ਦਿਮਾਗ਼ ਦਾ ਪੂਰਾ ਵਿਕਾਸ ਨਾ ਹੋਣਾ
* ਨਿਮੂਨੀਆ (ਹਰ ਸਾਲ 5 ਸਾਲ ਤੋਂ ਛੋਟੀ ਉਮਰ ਦੇ ਦਸ ਲੱਖ ਬੱਚੇ ਨਿਮੂਨੀਆ ਨਾਲ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ)

**ਵੱਡਿਆਂ ਵਿੱਚ**

* ਸ਼ਾਹ ਦੀਆਂ ਬਿਮਾਰੀਆਂ
* ਫੇਫੜਿਆਂ ਦੇ ਕੰਮ ਕਾਰ ਵਿੱਚ ਨੁਕਸ ਪੈਣਾ
* ਫੇਫੜਿਆਂ ਅੰਦਰ ਹਵਾ ਇਕੱਠੀ ਹੋ ਜਾਣੀ (ਐਮਫਾਈਜ਼ੀਮਾ)
* ਕਰੌਨਿਕ ਬਰੌਂਕਾਈਟਿਸ
* ਫੇਫੜਿਆਂ ਦਾ ਕੈਂਸਰ
* ਐਲਜ਼ੀਮਰ ਬਿਮਾਰੀ
* ਪਾਰਕਿਨਸਨ ਰੋਗ
* ਸਕੀਜ਼ੋਫਰੀਨੀਆ

**ਇਹ ਅਸਰ ਹੁੰਦਾ ਕਿਵੇਂ ਹੈ?**

ਸਾਹ ਰਾਹੀਂ ਤਾਂ ਸਮਝਿਆ ਜਾ ਸਕਦਾ ਹੈ ਕਿ ਨੱਕ ਤੇ ਫੇਫੜਿਆਂ ਉੱਤੇ ਸਿੱਧਾ ਅਸਰ ਪੈ ਜਾਂਦਾ ਹੈ। ਡੈਨਵਰ (ਅਮਰੀਕਾ) ਦੇ ਫੇਫੜਿਆਂ ਦੇ ਮਾਹਿਰ ਡਾ. ਐਂਥਨੀ ਨੇ ਆਪਣੀ ਖੋਜ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦੋਂ ਆਵਾਜਾਈ ਦੇ ਸਾਧਨਾਂ ਵਿੱਚੋਂ ਨਿਕਲਦੇ ਧੂੰਏਂ, ਜੰਗਲਾਂ ਦੀਆਂ ਅੱਗਾਂ, ਪਾਵਰ ਪਲਾਂਟ, ਫੈਕਟਰੀਆਂ ਜਾਂ ਸਪਰੇਅ ਆਦਿ ਦਾ ਧੂੰਆਂ ਨੱਕ

ਅੰਦਰ ਲੰਘਦਾ ਹੈ ਤਾਂ ਨੱਕ ਤੇ ਸਾਹ ਦੀਆਂ ਨਾਲੀਆਂ ਅੰਦਰਲੀ ਪਰਤ ਵਿੱਚ ਮਹੀਨ ਕਣ ਫਸ ਜਾਂਦੇ ਹਨ ਜਿਸ ਨਾਲ ਖ਼ਾਰਸ਼ ਤੇ ਐਲਰਜੀ ਸ਼ੁਰੂ ਹੋ ਜਾਂਦੀ ਹੈ । ਇੰਞ ਇਕਦਮ ਖੰਘ ਤੇ ਨੱਕ ਵਗਣਾ ਸ਼ੁਰੂ ਹੋ ਜਾਂਦਾ ਹੈ। ਜਿਹੜੇ ਕਣ ਧੁਰ ਅੰਦਰ ਫੇਫੜਿਆਂ ਤਕ ਲੰਘ ਜਾਣ, ਸਰੀਰ ਉਨ੍ਹਾਂ ਨੂੰ ਬਾਹਰ ਕੱਢਣ ਦੇ ਯਤਨ ਵਿੱਚ ਜੁੱਟ ਜਾਂਦਾ ਹੈ ਤੇ ਢੇਰ ਸਾਰੇ ਸੈੱਲ ਉਸ ਪਾਸੇ ਸਫ਼ਾਈ ਕਰਨ ਲਈ ਭੇਜ ਦਿੰਦਾ ਹੈ।

ਜਿਵੇਂ ਖੰਘ ਜ਼ੁਕਾਮ ਨਾਲ ਸਰੀਰ ਟੁੱਟਦਾ ਮਹਿਸੂਸ ਹੁੰਦਾ ਹੈ ਤੇ ਕਮਜ਼ੋਰੀ ਜਾਂ ਹਲਕਾ ਬੁਖ਼ਾਰ ਹੋਣ ਲੱਗ ਪੈਂਦਾ ਹੈ, ਉਂਞ ਹੀ ਸਰੀਰ ਦੀ ਸਫ਼ਾਈ ਹੋਣ ਸਮੇਂ ਥਕਾਵਟ ਮਹਿਸੂਸ ਹੋਣ ਲੱਗ ਪੈਂਦੀ ਹੈ। ਇਸੇ ਸਫ਼ਾਈ ਦੌਰਾਨ ਕੁਝ ਮਾੜੇ ਕਣ ਫੇਫੜਿਆਂ ਰਾਹੀਂ ਲਹੂ ਵੱਲ ਲੰਘ ਜਾਂਦੇ ਹਨ ਤੇ ਫੇਰ ਹੌਲੀ-ਹੌਲੀ ਪੂਰੇ ਸਰੀਰ ਉੱਤੇ ਅਸਰ ਪਾਉਣ ਲੱਗ ਪੈਂਦੇ ਹਨ। ਜੇ ਇਹ ਪ੍ਰਦੂਸ਼ਣ ਵਕਤੀ ਹੋਵੇ ਤਾਂ ਬੰਦਾ ਛੇਤੀ ਠੀਕ ਹੋ ਸਕਦਾ ਹੈ, ਪਰ ਜੇ ਲਗਾਤਾਰ ਹਲਕੀ ਮਾਤਰਾ ਵਿੱਚ ਜਮ੍ਹਾਂ ਹੁੰਦਾ ਰਹੇ ਤਾਂ ਲੰਮੀ ਬਿਮਾਰੀ ਤੇ ਉਮਰ ਵੀ ਛੋਟੀ ਕਰ ਦਿੰਦਾ ਹੈ।

ਕੈਲੀਫੋਰਨੀਆ ਦੀ ਯੂਨੀਵਰਸਿਟੀ ਵਿੱਚ ਹੋਈ 25 ਸਾਲਾਂ ਦੀ ਖੋਜ ਰਾਹੀਂ ਪਤਾ ਲੱਗਿਆ ਕਿ ਜਿਹੜੇ ਬੱਚੇ ਵੱਧ ਪ੍ਰਦੂਸ਼ਣ ਵਾਲੇ ਇਲਾਕੇ 'ਚੋਂ ਜਲਦੀ ਘੱਟ ਪ੍ਰਦੂਸ਼ਣ ਵਾਲੇ ਇਲਾਕੇ ਵੱਲ ਚਲੇ ਗਏ, ਉਨ੍ਹਾਂ ਦੀਆਂ ਸਾਹ ਦੀਆਂ ਬਿਮਾਰੀਆਂ ਪੂਰੀ ਤਰ੍ਹਾਂ ਠੀਕ ਹੋ ਗਈਆਂ ।

**ਯੂਨੀਸੇਫ਼ ਦੀ ਤਾਜ਼ਾ ਰਿਪੋਰਟ**

ਭਰੂਣ ਦੇ ਬਣਦੇ ਦਿਮਾਗ਼ ਅੰਦਰ ਜਦੋਂ ਸੈੱਲਾਂ ਦੇ ਜੋੜ ਬਣ ਰਹੇ ਹੁੰਦੇ ਹਨ, ਉਨ੍ਹਾਂ ਵਿੱਚ ਹਵਾ ਵਿਚਲਾ ਪ੍ਰਦੂਸ਼ਣ ਸਦੀਵੀ ਨੁਕਸ ਪਾ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਪੂਰੀ ਉਮਰ ਦਾ ਨੁਕਸ ਬੱਚਾ ਜੰਮਣ ਤੋਂ ਪਹਿਲਾਂ ਹੀ ਸਹੇੜ ਲੈਂਦਾ ਹੈ। ਦਿਮਾਗ਼ ਨੂੰ ਬਚਾਉਣ ਵਾਲੀ ਕੁਦਰਤੀ ਪਰਤ (ਬਲੱਡ ਬਰੇਨ ਬੈਰੀਅਰ) ਵਿੱਚ ਨੁਕਸ ਪੈ ਜਾਂਦਾ ਹੈ ਜਿਸ ਨਾਲ ਵੱਡੇ ਹੋ ਕੇ ਭੁੱਲਣ ਦੀ ਬਿਮਾਰੀ (ਐਲਜ਼ੀਮਰ) ਜਾਂ ਪਾਰਕਿਨਸਨ ਰੋਗ ਸ਼ੁਰੂ ਹੋ ਜਾਂਦੇ ਹਨ।

ਤਾਜ਼ਾ ਖੋਜ ਅਨੁਸਾਰ ਜ਼ਿਆਦਾ ਹਵਾ ਪ੍ਰਦੂਸ਼ਣ ਨਾਲ ਜੂਝਦੇ ਬੱਚਿਆਂ ਦੀ ਯਾਦ-ਦਾਸਤ ਘੱਟ ਹੋ ਰਹੀ ਹੈ ਤੇ ਥਥਲਾਉਣ ਦੇ ਨਾਲ ਲੇਟ ਬੋਲਣ ਜਾਂ ਬੋਲਣ ਵਿੱਚ ਅੜਨ ਤੇ ਆਈਕਿਊ ਦੇ ਘੱਟ ਹੋਣ ਦਾ ਖ਼ਤਰਾ ਵੀ ਕਈ ਗੁਣਾਂ ਵੱਧ ਹੋ ਗਿਆ ਹੈ। ਚਿੜਚਿੜਾਪਨ, ਲੜਾਕੇ ਹੋਣਾ, ਘਬਰਾਹਟ ਹੋਣੀ, ਛੇਤੀ ਡਰ ਜਾਣਾ ਤੇ ਅਨੇਕ ਵੱਖੋ-ਵੱਖ ਤਰ੍ਹਾਂ ਦੇ ਦਿਮਾਗ਼ੀ ਨੁਕਸ ਸਿਰਫ਼ ਹਵਾ



ਵਿਚਲੇ ਪ੍ਰਦੂਸ਼ਣ ਸਦਕਾ ਹੀ ਦਿਸਣ ਲੱਗ ਪਏ ਹਨ। ਛੋਟੀ ਉਮਰੇ ਚਿਹਰੇ ਉੱਤੇ ਝੁਰੜੀਆਂ, ਤਿਲ, ਵਾਲ ਚਿੱਟੇ ਹੋਣਾ, ਵੀ ਇਸੇ ਸਦਕਾ ਹੋਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ। ਜਵਾਨ ਹੋਣ ਉੱਤੇ ਦਿਮਾਗ਼ ਦੇ ਪੂਰੇ ਤੰਦਰੁਸਤ ਰਹਿਣ ਦੇ ਆਸਾਰ ਵੀ ਘਟ ਜਾਂਦੇ ਹਨ।

**ਹਵਾ ਸਾਫ਼ ਕਿਵੇਂ ਕਰੀਏ**

ਯੂਨੀਸੇਫ਼ ਅਨੁਸਾਰ ਵਿਸ਼ਵ ਭਰ ਵਿੱਚ ਹਵਾ ਵਿਚਲੇ ਪ੍ਰਦੂਸ਼ਣ ਨੂੰ ਰੋਕਣ ਲਈ ਜੱਦੋ-ਜਹਿਦ ਦੀ ਲੋੜ ਹੈ। ਇਸ ਵਾਸਤੇ

1. ਕੋਲੇ ਤੇ ਤੇਲ ਦੀ ਵਰਤੋਂ ਘਟਾਈ ਜਾਵੇ
2. ਆਵਾਜਾਈ ਦੇ ਸਾਧਨ ਬਿਜਲੀ ਤੇ ਬੈਟਰੀ ਨਾਲ ਚੱਲਣ ਵਾਲੇ ਹੋਣ
3. ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟ ਕਿਸੇ ਵੀ ਹਾਲ ਵਿੱਚ ਖੇਡਣ ਦੇ ਪਾਰਕ, ਸਕੂਲ ਜਾਂ ਹਸਪਤਾਲ ਦੇ ਨੇੜੇ ਨਹੀਂ ਹੋਣੇ ਚਾਹੀਦੇ ।
4. ਹਰ ਬੱਚੇ ਨੂੰ ਹਵਾ ਵਿਚਲੇ ਪ੍ਰਦੂਸ਼ਣ ਬਾਰੇ ਸਕੂਲਾਂ ਵਿੱਚ ਜਾਣਕਾਰੀ ਦੇਣੀ ਜ਼ਰੂਰੀ ਹੈ ਤੇ ਇਸ ਪ੍ਰਦੂਸ਼ਣ ਨੂੰ ਰੋਕਣ ਤੇ ਇਸ ਤੋਂ ਬਚਣ ਬਾਰੇ ਵੀ ਦੱਸਣਾ ਚਾਹੀਦਾ ਹੈ।
5. ਹਵਾ ਵਿਚਲੇ ਪ੍ਰਦੂਸ਼ਣ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ।
6. ਹਰ ਨਾਗਰਿਕ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਆਪੋ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ ਕਿਉਂਕਿ ਫੈਕਟਰੀਆਂ ਦੇ ਮਾਲਕਾਂ ਦੇ ਆਪਣੇ ਬੱਚੇ ਵੀ ਪ੍ਰਦੂਸ਼ਣ ਦੀ ਮਾਰ ਤੋਂ ਬਚ ਨਹੀਂ ਸਕਣਗੇ ।
7. ਜਿਹੜਾ ਹਵਾ ਦੇ ਪ੍ਰਦੂਸ਼ਣ ਦੀ ਮਾਰ ਹੇਠ ਆ ਚੁੱਕਿਆ ਹੋਵੇ, ਉਸ ਨੂੰ ਤੁਰੰਤ ਰਹਿਣ ਦੀ ਥਾਂ ਬਦਲ ਲੈਣੀ ਚਾਹੀਦੀ ਹੈ ।

ਦੱਸਣਾ ਜ਼ਰੂਰੀ ਹੈ ਕਿ ਜੇ ਵੇਲੇ ਸਿਰ ਨਾ ਸੰਭਲੇ ਤਾਂ ਸਾਡੀ ਆਉਣ ਵਾਲੀ ਪੁਸਤ ਇਸ ਧਰਤੀ ਉੱਤੇ ਜੀਅ ਹੀ ਨਹੀਂ ਸਕੇਗੀ, ਕਿਉਂਕਿ ਜ਼ਹਿਰੀਲੀ ਹਵਾ ਵਿੱਚ ਸਾਹ ਲੈਣਾ ਸੰਭਵ ਹੀ ਨਹੀਂ ਹੋਣਾ ।

ਸੰਪਰਕ: 0175-2216783

—0—

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਅਤੇ ਪ੍ਰਾਪਤੀਆਂ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਕਠਿਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰੱਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸਾਂ ਵਿੱਚ ਭੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ:** 1792 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ :-** *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ, *ਐਂਬੂਲੈਂਸ ਅਤੇ ਟਰੌਮਾ ਵੈਨ, *ਮਸਨੂਈ ਅੰਗ ਕੇਂਦਰ, *ਫਿਜ਼ਿਓਥੈਰੈਪੀ ਸੈਂਟਰ, *ਡੈਂਟਲ ਕਲੀਨਿਕ * ਅਲਟਰਾ ਸਾਊਂਡ ਸੈਂਟਰ * ਅੱਖਾਂ ਦਾ ਕਲੀਨਿਕ, * ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,* ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, * ਮੁੜ-ਵਸੇਬਾ ਕੇਂਦਰ, * ਆਪਣਾ ਘਰ, * ਖੇਡਾਂ ਦੇ ਕਮਰੇ, * ਯੋਗ ਲੜਕੇ-ਲੜਕੀਆਂ ਦੇ ਵਿਆਹ ।

**ਜਾਗਰੂਕਤਾ:-** *ਪ੍ਰਿੰਟਿੰਗ ਪ੍ਰੈਸ, *ਲਾਇਬ੍ਰੇਰੀ, *ਕਿਤਾਬਚੇ ਅਤੇ ਇਸ਼ਤਿਹਾਰ, *ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਣ:-** *ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਮੀਂਹ ਦੇ ਪਾਣੀ ਦੀ ਸੰਭਾਲ, *ਦਰੱਖ਼ਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



## ਮੁਫ਼ਤ ਵਿੱਦਿਅਕ ਸਹੂਲਤਾਂ

*ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ,ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਕਿੱਤਾ ਸਿੱਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰ ਕਲਾਂ, ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਚੰਡੀਗੜ੍ਹ।

## ਨਿਵਾਸ ਅਤੇ ਸੰਭਾਲ :

**ਪਿੰਗਲਵਾੜਾ ਸੰਸਥਾ ਦੀਆਂ ੭ ਅਲੱਗ-ਅਲੱਗ ਬ੍ਰਾਂਚਾਂ ਵਿਖੇ ੧੭੯੨ ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -320 | ਏਡਜ਼ ਵਾਲੇ | -21 |
| ਅਧਰੰਗ/ ਪੋਲੀਏ ਵਾਲੇ | -164 | ਮਿਰਗੀ ਵਾਲੇ | -199 |
| ਮੰਦ-ਬੁੱਧੀ ਵਾਲੇ | -475 | ਕੈਂਸਰ ਵਾਲੇ | -03 |
| ਗੂੰਗੇ ਬੋਲੇ | -193 | ਸ਼ੂਗਰ ਵਾਲੇ | -100 |
| ਬਜ਼ੁਰਗ | -123 | ਸਕੂਲ ਜਾਣ ਵਾਲੇ ਬੱਚੇ | -81 |
| ਜ਼ਖ਼ਮਾਂ ਵਾਲੇ | -19 | ਛੱਡੇ ਗਏ ਬੱਚੇ | -04 |
| ਟੀ.ਬੀ. ਵਾਲੇ | -22 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -37 | | |

**31 ਅਕਤੂਬਰ 2019 ਤਕ ਕੁੱਲ ਰੋਗੀਆਂ ਦੀ ਗਿਣਤੀ *1792**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

| ਬ੍ਰਾਂਚਾਂ ਦਾ ਵੇਰਵਾ : | ਰੋਗੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 349 |
| 2. ਮਾਨਾਂਵਾਲਾ ਕੰਪਲੈਕਸ | 851 |
| 3. ਪੰਡੋਰੀ ਵੜੈਚ ਬ੍ਰਾਂਚ | 100 |
| 4. ਗੋਇੰਦਵਾਲ ਬ੍ਰਾਂਚ | 86 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 247 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 120 |
| **ਕੁੱਲ ਮਰੀਜ਼** | **1792** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

(ੲ) **ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੁਵਿਧਾ ਪ੍ਰਾਪਤ ਹੈ ।

**(ਸ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ । ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ। ਸੰਨ 2019 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 204 ਯੂਨਿਟ ਖ਼ੂਨ ਇਕੱਠਾ ਹੋਇਆ ।

**(ਹ) ਬਨਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਨਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਨਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 13668 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ



ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦੇ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ। ਲੋੜ ਪੈਣ 'ਤੇ ਸਪੈਸ਼ਲ ਓਪਰੇਸ਼ਨ ਥਿਏਟਰ ਵਿੱਚ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਹਰ ਤਰ੍ਹਾਂ ਦੇ ਓਪਰੇਸ਼ਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਆਧੁਨਿਕ ਓਪਰੇਸ਼ਨ ਥਿਏਟਰ ਦੀ ਸੁਵਿਧਾ ਪ੍ਰਾਪਤ ਹੈ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਮੇਨ ਬ੍ਰਾਂਚ, ਮਾਨਾਂਵਾਲਾ ਬ੍ਰਾਂਚ, ਪਲਸੋਰਾ ਬ੍ਰਾਂਚ ਅਤੇ ਸੰਗਰੂਰ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 90 ਤੋਂ 100 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ। ਇਹ ਕੇਂਦਰ ਸੰਗਰੂਰ ਅਤੇ ਪਲਸੋਰਾ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਆਮ

ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

## ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** : ਇੱਥੇ ਗ਼ਰੀਬ ਅਤੇ ਆਸ ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ ੬੫ ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 210 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 210 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) RCI ਦੇ ਅਧੀਨ** :- ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼: ਇਸ ਇੰਸਟਚਿਊਟ ਵਿੱਚ ਗੂੰਗੇ ਅਤੇ ਮੰਦ-ਬੁੱਧੀ ਬੱਚਿਆਂ ਲਈ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਸਤੇ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 69 ਬੱਚੇ ਮੁਫ਼ਤ ਵਿੱਦਿਆ ਲੈ ਰਹੇ ਹਨ ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 436 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।



**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੋਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ, ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।**

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 198 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ :-** ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ

ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

**(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)**

**(ਕ) ਸੋਲਰ ਪਾਵਰ ਉਰਜਾ**

**ਪੂਰਨ ਪ੍ਰਿੰਟਿੰਗ ਪ੍ਰੈਸ :-** ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਜਿਸ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ ਲਗਪਗ 1 ਕਰੋੜ 50 ਲੱਖ ਰੁਪਏ ਹੈ।

## ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:- ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ ਸ਼ੁਭ ਕਰਮਨ ।

(v) Pingalwara Educational Endeavours

(vi) ਕਿਰਤੀ ਅਤੇ ਸੱਭਿਆਚਾਰਕ ਮੇਲਾ ਫਿਲਮ ।

(vii) ਕੁਦਰਤੀ ਖੇਤੀ (Natural Farming)

(viii) ਪਾਣੀ ਦੀ ਸਮੱਸਿਆ

(ix) ਦਰਖ਼ਤ

**(x) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**: ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

(xi) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xii) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ

4 ਜੂਨ 2004 ਨੂੰ ਸਮਰਪਿਤ ਹੈ।

**(xiii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ, ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

**1.** ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. ਅ 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰ. AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਨੰ. 115210002 ਹੈ।

4. ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ ਲਗਪਗ ਸੱਤ ਲੱਖ ਰੁਪਏ ਹੈ, ਜੋ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

5. ਵਿਦੇਸ਼ਾਂ ਵਿੱਚ ਵੀ ਪਿੰਗਲਵਾੜਾ ਸੰਸਥਾ ਦੇ ਦਫ਼ਤਰ:- ਇਸ ਤੋਂ ਇਲਾਵਾ ਕੈਨੇਡਾ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਅੰਟਾਰੀਓ" ਅਤੇ ਇੰਗਲੈਂਡ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਯੂ.ਕੇ" ਪਿੰਗਲਵਾੜਾ ਦੇ ਦਫ਼ਤਰ ਸਥਾਪਿਤ ਹਨ।

**ਵਾਹਿਗੁਰੂ ਜੀ ਦਾ ਖ਼ਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |


**(IN UK)**
**S. GURBAKHSH SINGH**
**63 Peacock street, Gravesend, Kent, (U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Socety of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**




## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ